## ਵਿਗਿਆਨ ਜੋਤ

***ਸਾਲ 8, ਅੰਕ 5***

**ਅਕਤੂਬਰ-ਨਵੰਬਰ, 2013**

**PUNPUN/2006/17457**



ਮੁੱਖ ਸੰਪਾਦਕ : **ਮੇਘ ਰਾਜ ਮਿੱਤਰ**
ਸੰਪਾਦਕ :**ਅਜਮੇਰ ਸਿੱਧੂ**
**ਰਣਜੀਤ ਝਨੇਰ**
ਮੁੱਖ ਪ੍ਰਬੰਧਕ : **ਅਮਿੱਤ ਮਿੱਤਰ**

**ਸੰਪਾਦਕੀ ਬੋਰਡ:**
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਸਰਜੀਤ ਤਲਵਾਰ
* ਡਾ. ਜਤਿੰਦਰਪਾਲ ਸਿੰਘ (ਪੀ.ਐਚ.ਡੀ)
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)
* ਬਲਜਿੰਦਰ ਕੋਟਭਾਰਾ

**ਸਲਾਹਕਾਰੀ ਬੋਰਡ:**
* ਰਾਜਾ ਰਾਮ ਹੰਢਿਆਇਆ
* ਸੁਖਵੀਰ ਰੈਨਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |



**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**
**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@gmail.com



***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***
*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਦਿਲ ਬਦਲੀ ਦਾ ਪਹਿਲਾ ਅਪਰੇਸ਼ਨ

ਜੇ ਇੱਕ ਸ਼ੇਰ ਤੁਹਾਡੇ ਪਿੱਛੇ ਪੈ ਗਿਆ ਹੈ ਤਾਂ ਤੁਸੀਂ ਖ਼ੂੰਖਾਰ ਮਗਰਮੱਛਾਂ ਨਾਲ ਭਰੀ ਨਦੀ ਵਿੱਚ ਛਾਲ ਮਾਰਨ ਤੋਂ ਗੁਰੇਜ਼ ਨਹੀਂ ਕਰੋਗੇ। ਇਹ ਹਾਲਤ ਦਿਲ ਬਦਲੀ ਕਰਵਾਉਣ ਵਾਲੇ ਮਰੀਜ਼ ਦੀ ਹੁੰਦੀ ਹੈ। ਉਸਨੂੰ ਮੌਤ ਦਿਸ ਰਹੀ ਹੁੰਦੀ ਹੈ ਤੇ ਉਹ ਬਚਣ ਲਈ ਹਰ ਹੀਲਾ ਭਾਲਦਾ ਹੈ। ਇਸ ਲਈ ਹੀ ਉਹ ਦਿਲ ਬਦਲਾਉਣ ਲਈ ਤਿਆਰ ਹੁੰਦਾ ਹੈ। ਉਪਰੋਕਤ ਸ਼ਬਦ ਡਾ. ਕ੍ਰਿਸਟੀਅਨ ਬਰਨਾਰਡ ਦੇ ਹਨ ਜਿਸਨੇ 46 ਸਾਲ ਪਹਿਲਾ 3 ਦਸੰਬਰ, 1967 ਨੂੰ ਦਿਲ ਬਦਲੀ ਦਾ ਪਹਿਲਾ ਸਫ਼ਲ ਉਪਰੇਸ਼ਨ ਕੀਤਾ ਸੀ।

ਡਾ. ਕ੍ਰਿਸਟੀਅਨ ਬਰਨਾਰਡ ਤੋਂ 27 ਵਰ੍ਹੇ ਬਾਅਦ ਤਿੰਨ ਅਗਸਤ 94 ਨੂੰ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦੇ ਡਾਕਟਰ ਵੀਨੂੰ ਗੋਪਾਲ ਨੇ ਭਾਰਤ ਦੀ ਧਰਤੀ 'ਤੇ ਪਹਿਲਾ ਦਿਲ ਬਦਲੀ ਦਾ ਅਪਰੇਸ਼ਨ ਕਰਕੇ ਝੰਡੇ ਗੱਡ ਦਿੱਤੇ। ਇਸ ਤਰ੍ਹਾਂ ਹੁਣ ਤੱਕ ਭਾਰਤ ਵਿੱਚ ਲਗਭਗ ਸੌ ਵਿਅਕਤੀਆਂ ਦੇ ਦਿਲ ਬਦਲੇ ਜਾ ਚੁੱਕੇ ਹਨ।

ਚਾਰ ਅਗਸਤ 2013 ਨੂੰ ਪੰਜਾਬ ਦੇ ਸਿਰ 'ਤੇ ਵੀ ਇਹ ਸੇਹਰਾ ਉਸ ਸਮੇਂ ਬੱਝ ਗਿਆ ਜਦੋਂ ਚੰਡੀਗੜ੍ਹ ਦੇ ਡਾਕਟਰ ਸਿਆਮ ਕੇ ਸਿੰਘ ਦੀ ਟੀਮ ਨੇ ਦਿਲ ਬਦਲੀ ਦਾ ਪਹਿਲਾ ਅਪਰੇਸ਼ਨ ਪੰਜਾਬ ਦੀ ਧਰਤੀ 'ਤੇ ਕਰ ਦਿਖਾਇਆ।

ਭਾਵੇਂ ਉਪਰੋਕਤ ਸਾਰੇ ਮੀਲ ਪੱਥਰ ਤਾਂ ਬੁੱਧੀਮਾਨ ਡਾਕਟਰਾਂ ਵੱਲੋਂ ਹੀ ਗੱਡੇ ਗਏ ਹਨ ਪਰ ਪੰਜਾਬ ਦੇ ਤਰਕਸ਼ੀਲਾਂ ਦਾ ਵੀ ਇਸ ਵਿੱਚ ਥੋੜ੍ਹਾ ਬਹੁਤ ਰੋਲ ਹੈ ਕਿਉਂਕਿ ਉਨ੍ਹਾਂ ਨੇ ਲੋਕਾਂ ਨੂੰ ਆਪਣੇ ਅੰਗ ਦਾਨ ਕਰਨ ਦੀ ਮੁਹਿੰਮ ਚਲਾਈ ਹੋਈ ਹੈ। ਮੋਹਾਲੀ ਦੇ ਤਰਕਸ਼ੀਲਾਂ ਨੇ ਸਾਨੂੰ ਸੂਚਿਤ ਕੀਤਾ ਸੀ ਕਿ ਇੱਕ ਵਿਅਕਤੀ ਜਿਸਦੀ ਦਿਮਾਗੀ ਤੌਰ 'ਤੇ ਮੌਤ ਹੋ ਚੁੱਕੀ ਹੈ ਦੇ ਪਰਿਵਾਰਕ ਮੈਂਬਰ ਉਹਦੇ ਅੰਗ ਦਾਨ ਕਰਨ ਦੇ ਇੱਛੁਕ ਹਨ ਅਸੀਂ ਉਨ੍ਹਾਂ ਦਾ ਇਹ ਸੁਨੇਹਾ ਪੀ. ਜੀ. ਆਈ. ਦੇ ਡਾਕਟਰਾਂ ਤੱਕ ਪੁਚਾਇਆ ਸੀ। ਇਹ ਵਿਅਕਤੀ ਗੜ੍ਹਸ਼ੰਕਰ ਦਾ ਕਸ਼ਮੀਰਾ ਸਿੰਘ ਸੀ ਜਿਸਦਾ ਦਿਮਾਗ ਦੁਰਘਟਨਾ ਕਾਰਨ ਕੰਮ ਛੱਡ ਗਿਆ ਸੀ ਉਸਦੇ ਦਿਲ, ਜਿਗਰ, ਗੁਰਦੇ ਅਤੇ ਕਾਰਨੀਆਂ ਆਦਿ ਨੇ ਪੰਜ ਵਿਅਕਤੀਆਂ ਨੂੰ ਜੀਵਨ ਦਾਨ ਦਿੱਤਾ ਹੈ।

ਭਾਵੇਂ ਉਪਰੋਕਤ ਚੰਗਾ ਕਦਮ ਸਾਡੇ ਦੇਸ਼ ਦੇ ਵਿਗਿਆਨਕ ਖੇਤਰ ਵਿੱਚ ਕੀਤੀ ਤਰੱਕੀ ਦਾ ਸੂਚਕ ਹੈ ਪਰ ਫਿਰ ਵੀ ਸੋਚਣ ਵਾਲੀ ਗੱਲ ਹੈ ਕਿ ਅਸੀਂ ਇਹ ਮਾਅਰਕਾ 46 ਸਾਲ ਬਾਅਦ ਕੀਤਾ ਹੈ ਫਿਰ ਵੀ ਅਸੀਂ ਇਸਨੂੰ ਜੀਅ ਆਇਆ ਕਹਾਂਗੇ। ਮੈਂ ਆਸ ਕਰਾਂਗਾ ਕਿ ਜਿਵੇਂ ਪੰਜਾਬੀ ਲੋਕਾਂ ਨੇ ਸਰੀਰਦਾਨ, ਖੂਨਦਾਨ ਤੇ ਅੱਖਾਂ ਦਾਨ ਵਾਲੇ ਖੇਤਰ ਵਿੱਚ ਬਾਕੀ ਭਾਰਤ ਨੂੰ ਪਛਾੜਿਆ ਹੈ ਉਸੇ ਤਰ੍ਹਾਂ ਅਸੀਂ ਅੰਗਦਾਨ ਦੇ ਖੇਤਰ ਵਿੱਚ ਵੀ ਕਿਸੇ ਨਾਲੋਂ ਪਿੱਛੇ ਨਹੀਂ ਰਹਾਂਗੇ।

ਜਿੰਨ੍ਹਾਂ ਹਾਲਤਾਂ ਵਿੱਚ ਕਿਸੇ ਵਿਅਕਤੀ ਦੇ ਜਿਉਂਦੇ ਰਹਿਣ ਦੀ ਉਮੀਦ ਖਤਮ ਹੋ ਜਾਂਦੀ ਹੈ ਉਸ ਹਾਲਤ ਵਿੱਚ ਉਸ ਵਿਅਕਤੀ ਦੇ ਅੰਗ ਦਾਨ ਕਰ ਦੇਣ ਨਾਲ ਕੁਝ ਹੋਰ ਵਿਅਕਤੀਆਂ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ।

**- ਮੇਘ ਰਾਜ ਮਿੱਤਰ**



**ਵਿਸ਼ੇਸ਼ ਲੇਖ**

# ਨੈਤਿਕਤਾ ਅਤੇ ਨਾਸਤਿਕਤਾ

**ਮੂਲ**
*** ਜਗਦੀਸ਼ ਪੰਵਾਰ,**
**ਅਨੁਵਾਦਕ**
*** ਪਵਨ ਕੁਮਾਰ ਰੱਤੋਂ**

ਸਾਡੇ ਧਾਰਮਿਕ ਗੁਰੂ ਅਤੇ ਸਾਧੂ ਸੰਤ ਅਕਸਰ ਆਪਣੇ ਪ੍ਰਵਚਨਾਂ ਵਿੱਚ ਕਹਿੰਦੇ ਹਨ ਕਿ ਧਾਰਮਿਕ ਆਦਮੀ ਹੀ ਸਦਾਚਾਰੀ, (ਚੰਗੇ ਚਾਲ ਚਲਣ ਵਾਲਾ ਆਦਮੀ) ਸੱਚੇ, ਈਮਾਨਦਾਰ ਅਤੇ ਨੈਤਿਕ (ਇਖ਼ਲਾਕੀ, ਸਦਾਚਾਰੀ) ਹੁੰਦੇ ਹਨ।

ਆਸਾਰਾਮ ਬਾਪੂ ਇੱਕ ਸਤਿਸੰਗ ਵਿੱਚ ਕਹਿੰਦੇ ਹਨ, "ਗਿਆਨ ਬਹੁਤ ਲੋਕ ਪਾਉਂਦੇ ਹਨ ਪਰੰਤੂ ਜਿਨ੍ਹਾਂ ਨੂੰ ਭਗਵਾਨ ਦਾ ਗਿਆਨ ਹੈ, ਜਿਨ੍ਹਾਂ ਵਿੱਚ ਭਗਤੀ ਹੈ, ਉਨ੍ਹਾਂ ਦਾ ਗਿਆਨ ਸਭ ਤੋਂ ਵਧੀਆ ਜਾਂ ਵੱਡਾ ਹੈ। ਗਿਆਨ ਦੀ ਵਰਤੋਂ ਸਿਰਫ਼ ਭੌਤਿਕ ਸੁੱਖ ਦੇ ਲਈ ਨਹੀਂ ਹੁੰਦੀ, ਗਿਆਨ ਨਾਲ ਨੈਤਿਕਤਾ (ਆਚਰਣ) ਅਤੇ ਅਧਿਆਤਮਕ (ਆਤਮਾ ਪ੍ਰਮਾਤਮਾ ਸੰਬੰਧੀ) ਉੱਨਤੀ ਵੱਲ ਨੂੰ ਵਧਿਆ ਜਾਂਦਾ ਹੈ। ਨੈਤਿਕਤਾ ਅਤੇ ਅਧਿਆਤਮਕ ਉੱਨਤੀ ਦਾ ਸਿੱਧਾ ਸੰਬੰਧ ਹੈ। ਅਧਿਆਤਮਕ ਉੱਨਤੀ ਕਰਨ ਦੇ ਲਈ ਸੋਚ ਵਿਚਾਰ ਬਦਲਣੇ ਹੋਣਗੇ। ਵਿਚਾਰਾਂ ਦੀ ਦਿਸ਼ਾ ਬਦਲਣੀ ਹੋਵੇਗੀ। ਘੁਮੰਡ ਛੱਡ ਕੇ ਗਿਆਨ ਨਾਲ ਵਿਚਾਰਾਂ ਦਾ ਰੁਖ ਬਦਲੋਗੇ ਤਾਂ ਭੋਗ (ਸੁੱਖ ਜਾਂ ਦੁੱਖ) ਨਹੀਂ ਮਿਲੇਗਾ, ਯੋਗ (ਪ੍ਰੇਮ, ਮੋਕਸ਼ ਦਾ ਉਪਾਅ) ਮਿਲੇਗਾ, ਜੋਸ਼ ਮਿਲੇਗਾ, ਜੱਸ ਮਿਲੇਗਾ ਅਤੇ ਰੱਬ ਵੀ ਮਿਲੇਗਾ।" ਆਸਾਰਾਮ ਦੇ ਕਹਿਣ ਦਾ ਮਤਲਬ ਹੈ ਕਿ ਜਿਹੜਾ ਆਦਮੀ ਅਧਿਆਤਮਕ ਹੋਵੇਗਾ ਉਹ ਨੈਤਿਕ (ਇਖ਼ਲਾਕ ਵਾਲਾ, ਸਦਾਚਾਰੀ) ਹੋਵੇਗਾ ਯਾਨੀ ਧਰਮ ਨਾਲ ਹੀ ਨੈਤਿਕਤਾ (ਆਚਰਣ) ਆਉਂਦੀ ਹੈ।



**ਨੈਤਿਕਤਾ ਕੀ ਹੈ?** : ਨੈਤਿਕਤਾ ਦਾ ਮਤਲਬ ਸਦਾਚਾਰ। ਸਦਾਚਾਰ ਵਿੱਚ ਸੱਚਾਈ, ਈਮਾਨਦਾਰੀ ਅਤੇ ਸ਼ੁੱਧਤਾ, ਇਹ ਤਿੰਨੇ ਚੀਜ਼ਾਂ ਸ਼ਾਮਲ ਹੁੰਦੀਆਂ ਹਨ। ਅਮਰੀਕਾ ਵਿੱਚ ਆਸਤਕਾਂ ਅਤੇ ਨਾਸਤਕਾਂ ਦੇ ਵਿੱਚ ਨੈਤਿਕਤਾ ਦੇ ਆਧਾਰ ਉਤੇ ਬਹਿਸ ਹੁੰਦੀ ਹੈ। ਉਥੇ ਰੱਬ ਨੂੰ ਨਾ ਮੰਨਣ ਵਾਲਿਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ ਪਰ ਰੱਬ ਨੂੰ ਮੰਨਣ ਵਾਲੇ ਇਸ ਗੱਲ ਉਤੇ ਬਹਿਸ ਕਰਦੇ ਹਨ ਕਿ ਧਾਰਮਿਕ ਲੋਕ ਜ਼ਿਆਦਾ ਈਮਾਨਦਾਰ, ਸੱਚੇ ਅਤੇ ਨੈਤਿਕ ਹੁੰਦੇ ਹਨ।

ਆਸਤਕਾਂ ਦਾ ਮੰਨਣਾ ਹੈ ਕਿ ਨੈਤਿਕਤਾ ਦਾ ਆਧਾਰ ਧਰਮ ਹੀ ਹੈ। ਸੱਚਾਈ, ਪਿਆਰ, ਦਇਆ, ਈਮਾਨਦਾਰੀ ਅਤੇ ਪਵਿੱਤਰਤਾ/ਸ਼ੁੱਧਤਾ ਆਦਿ ਧਰਮ ਅਤੇ ਰੱਬ ਤੋਂ ਆਉਂਦੀ ਹੈ। ਇਸ ਲਈ ਧਰਮ ਨੂੰ ਨਹੀਂ ਮੰਨਣ ਵਾਲੇ ਨੈਤਿਕ ਨਹੀਂ ਹੋ ਸਕਦੇ ਕਿਉਂਕਿ ਉਹ ਉਸ ਆਧਾਰ ਨੂੰ ਹੀ ਨਹੀਂ ਮੰਨਦੇ।

ਉਥੇ ਹੀ ਰੱਬ ਨੂੰ ਨਾ ਮੰਨਣ ਵਾਲਿਆਂ ਦਾ ਕਹਿਣਾ ਹੈ ਕਿ ਨੈਤਿਕਤਾ ਦਾ ਠੇਕੇਦਾਰ ਇਕੱਲਾ ਧਰਮ ਨਹੀਂ ਹੈ। ਨੈਤਿਕਤਾ (ਆਚਰਣ) ਸੱਚਾਈ ਜਾਂ ਅਸਲੀਅਤ ਦਾ ਕੁਦਰਤੀ ਰੂਪ ਹੈ ਜਿਹੜਾ ਮਨੁੱਖੀ ਸਮਾਜ ਅਤੇ ਆਚਾਰ ਦਰਸ਼ਨ ਦਾ ਇੱਕ ਹਿੱਸਾ ਹੈ। ਉਹ ਇਸਦੇ ਪਿੱਛੇ ਮਨੁੱਖੀ ਵਿਵਹਾਰ, ਸੁਭਾਉ ਅਤੇ ਮਨੁੱਖੀ ਵਿਗਿਆਨ, ਮਨੋਵਿਗਿਆਨ ਸਮਾਜ ਵਿਗਿਆਨ ਦੀ ਖੋਜ ਨੂੰ ਆਧਾਰ ਮੰਨਦੇ ਹਨ।

ਭਾਰਤ ਵਿੱਚ ਨਾਸਤਕ ਲਗਭਗ ਨਾ ਦੇ ਬਰਾਬਰ ਹਨ। ਇੱਥੋਂ ਦੇ ਆਸਤਕਾਂ ਦਾ ਵੀ ਇਹੀ ਮੰਨਣਾ ਹੈ ਕਿ ਉਹ ਜ਼ਿਆਦਾ ਸਦਾਚਾਰੀ ਹਨ। ਨੈਤਿਕਤਾ ਨੂੰ ਲੈ ਕੇ ਵੱਖ ਵੱਖ ਸਿਧਾਂਤ ਹਨ। ਕੁੱਝ ਲੋਕਾਂ ਨੇ ਸ਼ਿਸ਼ਟਾਚਾਰ (ਸਭਿਆ ਆਚਰੈਣ, ਸ਼ੁੱਭ ਵਿਵਹਾਰ) ਵਿਵਹਾਰ ਅਤੇ ਚਰਿੱਤਰ ਨੂੰ ਨੈਤਿਕਤਾ ਮੰਨਿਆ ਹੈ। ਕੁਝ ਦਾ ਕਹਿਣਾ ਹੈ ਕਿ ਨੈਤਿਕਤਾ ਆਪਣੇ ਵਿੱਚ ਤਿੰਨ ਚੀਜ਼ਾਂ ਨੂੰ ਕੇਂਦਰਤ ਕਰਦੀ ਹੈ-ਵਿਸ਼ਵਾਸ ਦੇ ਨਾਲ ਕਰਤੱਵ ਦਾ ਪਾਲਣ ਕਰਨ ਵਾਲਾ, ਚੰਗਾ ਬੁਰਾ ਸਮਝਣ ਵਾਲਾ ਅਤੇ ਉੱਚਾ ਉੱਠਣ ਦੀ ਤੇਜ਼ ਇੱਛਾ। ਇਨ੍ਹਾਂ ਤਿੰਨਾਂ ਦੇ ਮੇਲ ਨਾਲ ਨੈਤਿਕਤਾ ਦੀ ਉਸਾਰੀ ਹੁੰਦੀ ਹੈ ਅਤੇ ਇਨ੍ਹਾਂ ਸਿੱਟਿਆਂ ਨਾਲ ਨੈਤਿਕਤਾ ਦਾ ਅਰਥ ਨਿਕਲਦਾ ਹੈ।

ਦਰਅਸਲ, ਨੈਤਿਕਤਾ ਮਨੁੱਖੀ ਵਿਗਿਆਨ, ਦਿਮਾਗ ਵਿਗਿਆਨ ਅਤੇ ਸਮਾਜ ਵਿਗਿਆਨ ਦੀ ਖੋਜ ਵਿੱਚ ਕੇਂਦਰਤ ਹੈ। ਨੈਤਿਕਤਾ ਦਾ ਧਰਮ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਧਰਮ ਅਤੇ ਰੱਬ ਦੇ ਬਿਨ੍ਹਾਂ ਵੀ ਆਦਮੀ ਨੈਤਿਕ (ਇਖ਼ਲਾਕੀ, ਸਦਾਚਾਰੀ) ਬਣ ਸਕਦਾ ਹੈ। ਨੈਤਿਕਤਾ ਵਿਅਕਤੀ ਦੇ ਰੋਜ਼ਾਨਾ ਕੰਮਾਂ ਦੇ ਲਈ ਗਾਈਡ (ਰਾਹ ਦਿਖਾਉਣ ਵਾਲਾ) ਵਾਂਗ ਹੁੰਦੀ ਹੈ। ਹਰ ਮਨੁੱਖ ਦੇ ਅੰਦਰ ਇੱਕ ਅਜ਼ਾਦ ਇੱਛਾ ਮੌਜੂਦ ਰਹਿੰਦੀ ਹੈ। ਇਸ ਵਿੱਚ ਵਿਕਲਪ (ਬਦਲ) ਹੁੰਦਾ ਹੈ ਕਿ ਜੇ ਅਸੀਂ ਕੋਈ ਕੰਮ ਕਰਾਂਗੇ ਤਾਂ ਉਹ ਨੈਤਿਕ ਰੂਪ ਤੋਂ ਚੰਗਾ ਹੈ ਜਾਂ ਬੁਰਾ। ਇਹ ਚੰਗਾ ਜਾਂ ਬੁਰਾ ਕੁਝ ਦੇ ਲਈ ਨੈਤਿਕ ਹੈ ਤਾਂ ਕੁਝ ਦੇ ਲਈ ਅਨੈਤਿਕ (ਭੈੜਾ; ਨੈਤਿਕਤਾ ਵਿਰੋਧੀ)। ਲੋਕਾਂ ਦਾ ਵਰਤਾਉ ਕਿਹੋ ਜਿਹਾ ਹੈ ਅਤੇ ਵਰਤਾਉ ਵਿੱਚ ਪਾਲਣ ਕਿਵੇਂ ਕਰਦੇ ਹਨ, ਇਹ ਗੱਲ ਮਹੱਤਵਪੂਰਨ ਹੈ। ਨੈਤਿਕ ਫੈਸਲਿਆਂ ਵਿੱਚ ਪਰੋਪਕਾਰੀ ਕੀਮਤਾਂ ਉਜਾਗਰ ਹੁੰਦੀਆਂ ਹਨ ਪਰੰਤੂ ਜ਼ਰੂਰੀ ਕਿ ਸਾਰੀਆਂ ਕੀਮਤਾਂ ਵਿੱਚ ਪਰੋਪਕਾਰ ਪ੍ਰਗਟ ਹੋਵੇ। ਨੈਤਿਕਤਾ ਨੂੰ ਲੈ ਕੇ ਕਈ ਸਵਾਲ ਉੱਠਦੇ ਹਨ, ਜਿਵੇਂ ਜੇਕਰ ਅੰਦਰੂਨੀ ਮੁਲ ਸਾਡੇ ਅੰਦਰ ਹਨ ਤਾਂ ਉਨ੍ਹਾਂ ਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ? ਕੀ ਚਰਿੱਤਰ/ਚਾਲ ਚਲਣ ਕੀਮਤਾਂ ਨੂੰ ਪੈਦਾ ਕੀਤਾ ਜਾ ਸਕਦਾ ਹੈ?

ਅਸਲ ਵਿੱਚ ਨੈਤਿਕਤਾ ਦੇ ਲਈ ਧਰਮ ਅਤੇ ਰੱਬ ਦੀ ਕੋਈ ਲੋੜ ਨਹੀਂ ਹੁੰਦੀ।

ਉਲਟਾ ਅਨੈਤਿਕਤਾ (ਕੁਕਰਮ, ਭੈੜਾ ਕੰਮ;) ਨੂੰ ਧਰਮ ਦੀ ਚਾਸ਼ਨੀ ਵਿੱਚ ਲਪੇਟ ਕੇ ਛਿਪਾਇਆ ਜਾਂਦਾ ਹੈ ਤਦੇ ਤਾਂ ਧਾਰਮਿਕ ਲੋਕ ਇਨਸਾਨਾਂ ਦੇ ਵਿੱਚ ਉਚ ਨੀਚ, ਭੇਦ ਭਾਵ ਨੂੰ ਰੱਬੀ ਦੇਣ ਮੰਨਦੇ ਹਨ। ਇਸ ਕਾਰਨ ਸਮਾਜ ਵਿੱਚ ਸਿੱਖਿਆ, ਜਾਇਦਾਦ, ਮਾਣ ਸਨਮਾਨ ਵਿੱਚ ਵੀ ਫ਼ਰਕ ਹੈ। ਕੀ ਇਹ ਧਾਰਮਿਕ ਵਿਚਾਰਾਂ ਦੇ ਅਨੁਸਾਰ ਨੈਤਿਕ ਹੈ?

ਇਸ ਦੇ ਉਲਟ ਨਾਸਤਿਕ ਲੋਕ ਇਸ ਭੇਦ ਭਾਵ ਨੂੰ ਗਲਤ ਮੰਨਦੇ ਹਨ। ਨਾਸਤਿਕ ਲੋਕ ਹੀਣ ਜਾਂ ਅੱਡ ਕੀਤੇ ਹੋਇਆਂ ਦੀ ਮਦਦ ਕਰ ਦੇਂਦੇ ਹਨ ਪਰ ਆਸਤਿਕ ਇਸ ਨੂੰ ਪਿਛਲੇ ਜਨਮ ਦੇ ਕਰਮਾਂ ਦਾ ਫ਼ਲ ਮੰਨ ਕੇ ਚੁੱਪ ਰਹਿੰਦੇ ਹਨ ਜਾਂ ਕਹਿੰਦੇ ਹਨ, ਰੱਬ ਹੀ ਨਿਆਂ ਕਰੇਗਾ। ਹੁਣ ਜ਼ਿਆਦਾ ਇਨਸਾਨੀ ਅਤੇ ਨੈਤਿਕ ਕੌਣ ਹੋਇਆ?

ਇੱਕ ਨਾਸਤਿਕ ਵਿਅਕਤੀ ਈਮਾਨਦਾਰ ਹੋ

ਸਕਦਾ ਹੈ ਪਰੰਤੂ ਇੱਕ ਧਾਰਮਿਕ ਵਿਅਕਤੀ ਬੇਈਮਾਨ ਨਹੀਂ ਹੋਣਾ ਚਾਹੀਦਾ। ਫੇਰ ਸਾਧੂ, ਸੰਤਾਂ, ਸ਼ੰਕਰਾਚਾਰੀਆਂ ਉਤੇ ਪਾਪ ਬੇਈਮਾਨੀ, ਅਪਰਾਧ ਦੇ ਦੋਸ਼ ਕਿਉਂ ?

ਰੌਬਿਨਹੁਡ ਦੁਆਰਾ ਅਮੀਰਾਂ ਦੀ ਸੰਪੱਤੀ ਖੋਹ ਕੇ ਗਰੀਬਾਂ ਵਿੱਚ ਵੰਡ ਦੇਣਾ, ਰਾਮ ਦੁਆਰਾ ਸੀਤਾ ਦੀ ਅਗਨੀ ਪ੍ਰੀਖਿਆ, ਫੇਰ ਧੋਬੀ ਦੇ ਕਹਿਣ ਉਤੇ ਸੀਤਾ ਦਾ ਬਾਹਰ ਕੱਢਣਾ - ਅਜਿਹੀਆਂ ਗੱਲਾਂ ਨੂੰ ਧਾਰਮਿਕ ਲੋਕ ਅਨੈਤਿਕ ਨਹੀਂ ਮੰਨਦੇ। ਜੇਕਰ ਤੁਸੀਂ ਅਮੀਰ ਹੋ ਤਾਂ ਧਾਰਮਿਕ ਲੋਕ ਤੁਹਾਡੀ ਪੂਜਾ, ਪ੍ਰਸ਼ੰਸਾ ਕਰਨਗੇ ਅਤੇ ਜੇ ਗਰੀਬ ਹੋਏ ਤਾਂ ਉਹ ਤੁਹਾਨੂੰ ਘਿਰਣਾ ਕਰਨਗੇ। ਇਹ ਕੀ ਹੈ ? ਇਹ ਨਾਸਤਿਕ ਅਮੀਰ ਗਰੀਬ ਦੋਹਾਂ ਨੂੰ ਬਰਾਬਰ ਸਨਮਾਣ ਦੇਵੇਗਾ ਤਾਂ ਕੀ ਉਹ ਅਨੈਤਿਕ ਅਖਵਾਏਗਾ ?

ਧਾਰਮਿਕ ਵਿਅਕਤੀ ਵਿੱਚ ਹੰਕਾਰ ਹੋਣਾ ਹੀ ਨਹੀਂ ਚਾਹੀਦਾ। ਸਾਧੂ ਸੰਤ ਕਹਿੰਦੇ ਹਨ ਕਿ ਘੁਮੰਡ ਛੱਡ ਦਿਓ, ਮੋਹ ਛੱਡ ਦਿਉ। ਕੀ ਧਾਰਮਿਕ ਵਿਅਕਤੀ ਇਹ ਸਭ ਛੱਡ ਪਾਂਦਾ ਹੈ ? ਕਿਸੇ ਧਾਰਮਿਕ ਵਿਅਕਤੀ ਦੁਆਰਾ ਹੰਕਾਰ ਕਰਨਾ ਉਸ ਦਾ ਸਦਾਚਾਰ ਅਖਵਾਏਗਾ ?

ਇਸਦੇ ਉਲਟ ਇੱਕ ਨਾਸਤਿਕ ਹੰਕਾਰੀ ਹੋ ਸਕਦਾ ਹੈ, ਨਿਮਰਤਾ ਵਾਲਾ/ਸਾਊ ਹੋ ਸਕਦਾ ਹੈ। ਇਹ ਉਸ ਦਾ ਕੁਦਰਤੀ ਅੰਦਰੂਨੀ ਗੁਣ ਹੈ ਨਾ ਕਿ ਕਿਸੇ ਧਰਮ ਜਾਂ ਰੱਬ ਤੋਂ ਮਿਲਿਆ ਸੁਭਾਉ। ਮਾਸਾਹਾਰ ਨਾਸਤਿਕਾਂ ਦੇ ਦਿਨ ਭਰ ਦੇ ਕੰਮ ਧੰਦੇ ਵਿੱਚ ਸ਼ਾਮਲ ਹੋ ਸਕਦਾ ਹੈ ਪਰ ਕਿਸੇ ਨਿਰਦੋਸ਼ ਜਾਨਵਰ ਨੂੰ ਮਾਰ ਕੇ ਖਾਣਾ ਕੀ ਧਾਰਮਿਕ ਮਨੁੱਖਾਂ ਦੇ ਲਈ ਹਿੰਸਾ ਨਹੀਂ ਹੈ ?

ਕੁਝ ਧਾਰਮਿਕ ਲੋਕ 'ਸੈਕਸ ਅਤੇ ਪਿਆਰ ਦੀਆਂ ਗੱਲਾਂ ਨੂੰ ਪਾਪ ਮੰਨਦੇ ਹਨ। ਕੀ ਇਹ ਧਾਰਮਿਕ ਸਮਾਜਿਕ ਤੌਰ 'ਤੇ ਨੈਤਿਕ ਹੈ? ਜੇਕਰ ਹੈ ਤਾਂ ਫੇਰ ਅਵਤਾਰਾਂ, ਦੇਵਤਿਆਂ ਦੇ ਅਵੈਧ (ਗੈਰ-ਕਾਨੂੰਨੀ) ਸੰਬੰਧਾਂ ਦੇ ਕਿੱਸੇ ਅਨੈਤਿਕ ਨਹੀਂ ਸਨ? ਹਿੰਦੂ ਧਰਮ ਵਿੱਚ ਬ੍ਰਹਮਚਰਯ (ਜਤੀ-ਸਤੀ ਰਹਿਣ ਦਾ ਭਾਵ) ਨੂੰ ਵੱਡਾ ਤਿਆਗ ਮੰਨਿਆ ਗਿਆ ਹੈ। ਕੀ ਇਸ ਦਾ ਕੋਈ ਸਬੂਤ ਹੈ ਜਿਹੜੇ ਲੋਕ ਅਜਿਹਾ ਕਰਦੇ ਉਹ ਹੋਰਾਂ ਦੀ ਬਜਾਏ ਵੱਧ ਚੰਗੇ ਜਾਂ ਨੈਤਿਕ ਹਨ ?

ਆਸਤਿਕ ਹਰ ਕੰਮ ਦੇ ਪਿੱਛੇ ਰੱਬ ਦੀ ਇੱਛਾ ਨੂੰ ਮੰਨਦੇ ਹਨ। ਹਰ ਕੰਮ ਜਾਂ ਚੰਗੀ ਘਟਨਾ ਦੇ ਲਈ ਰੱਬ ਨੂੰ ਜੱਸ ਦੇ ਕੇ ਸ਼ੁਕਰੀਆ ਅਦਾ ਕਰਦੇ ਹਨ ਪਰ ਨਾਸਤਿਕ ਲੋਕ ਕੰਮ ਕਰਨ ਵਾਲੇ ਅਸਲੀ ਬੰਦੇ ਨੂੰ ਹੀ ਸ਼ੁਕਰੀਆ ਕਹਿਣਗੇ। ਅਸੀਂ ਜਿਹੜਾ ਭੋਜਨ ਖਾਂਦੇ ਹਾਂ ਉਸਦੇ ਪਿੱਛੇ ਖੇਤਾਂ ਵਿੱਚ ਅੰਨ ਉਗਾਣ ਵਾਲੇ ਕਿਸਾਨਾਂ ਦਾ ਹੱਥ ਹੁੰਦਾ ਹੈ, ਬਿਮਾਰੀ ਤੋਂ ਠੀਕ ਕਰਨ ਵਿੱਚ ਡਾਕਟਰ ਦਾ ਅਤੇ ਹਵਾਈ ਜਹਾਜ਼, ਰੇਲ, ਕਾਰ ਵਿੱਚ ਸਫ਼ਰ ਦੇ ਲਈ ਇੰਜਨੀਅਰ, ਵਿਗਿਆਨਕ ਦਾ। ਇਨ੍ਹਾਂ ਸਭ ਕੰਮਾਂ ਦੇ ਲਈ ਰੱਬ ਨੂੰ ਧੰਨਵਾਦ, ਸ਼ੁਕਰੀਆ ਕਹਿਣਾ, ਕਿਸ ਨੈਤਿਕਤਾ ਦਾ ਤਕਾਜ਼ਾ (ਮੰਗ, ਜ਼ਰੂਰਤ) ਹੈ ? ਇਹ ਤਾਂ ਉਸ ਬੰਦੇ ਦੀ ਬੇਇਜ਼ਤੀ ਹੈ ਜੋ ਅਸਲ ਵਿੱਚ ਅੰਨ ਉਗਾਂਦਾ ਹੈ, ਰੋਗ ਠੀਕ ਕਰਦਾ ਹੈ ਅਤੇ ਸੁਖ ਸਹੂਲਤ ਦੀਆਂ ਚੀਜ਼ਾਂ ਬਣਾਉਂਦਾ ਹੈ। ਧਾਰਮਿਕਾਂ ਦੀ ਇਹ ਕਿਹੋ ਜਿਹੀ ਨੈਤਿਕਤਾ ਹੈ ?

ਦੁਰਘਟਨਾ ਵਿੱਚ ਜੇਕਰ ਕੋਈ ਬੱਚ ਜਾਂਦਾ ਹੈ ਤਾਂ ਧਾਰਮਿਕ ਲੋਕ ਰੱਬ ਦੀ ਕ੍ਰਿਪਾ ਮੰਨ ਲੈਂਦੇ ਹਨ ਅਤੇ ਜੇਕਰ ਮਰ ਜਾਂਦਾ ਹੈ ਤਾਂ ਉਸ ਦੀ ਇੱਛਾ। ਧਰਮ ਅਤੇ ਰੱਬ ਨੂੰ ਮੰਨਣ ਵਾਲੇ ਕੋਈ ਤਰਕ ਨਹੀਂ ਮੰਨਦੇ। ਕਹਿੰਦੇ ਹਨ ਆਸਤਿਕ ਹਰ ਗੱਲ ਵਿੱਚ ਸਹੀ ਹੈ ਅਤੇ ਨਾਸਤਿਕ ਹੋਣਾ ਗਲਤ ਹੈ। ਨੈਤਿਕਤਾ ਦਾ ਸੰਬੰਧ ਧਰਮ ਜਾਂ ਰੱਬ ਨਾਲ ਨਹੀਂ ਹੈ, ਇਹ ਗੱਲ ਸਿੱਧੀ ਸਿੱਧੀ ਇਸ ਉਦਾਹਰਣ ਤੋਂ ਸਮਝੀ ਜਾ ਸਕਦੀ ਹੈ। ਹਰ ਬੰਦੇ ਦਾ ਕੰਮ, ਫੈਸਲਾ ਆਪਣੇ ਆਸ-ਪਾਸ ਵਾਲਿਆਂ ਤੋਂ ਅੱਡ-ਅੱਡ ਹੁੰਦਾ ਹੈ। ਇੱਕ ਵਿਅਕਤੀ ਦਾ ਆਪਣੀ ਪਤਨੀ ਦੇ ਨਾਲ ਵਰਤਾਓ ਅਲੱਗ ਹੋਵੇਗਾ, ਕਿਸੇ ਦਾ ਮਾਂ ਬਾਪ ਦੇ ਪ੍ਰਤੀ ਅਲੱਗ, ਦੂਜੇ ਦਾ ਨੌਕਰ ਦੇ ਨਾਲ ਅਲੱਗ, ਅਣਜਾਣ ਦੇ ਨਾਲ ਅਲੱਗ। ਇਸ ਲਈ ਬੰਦੇ ਦੇ ਅੰਦਰ ਨੈਤਿਕਤਾ ਦਾ ਧਰਮ ਨਾਲ ਕੋਈ ਵਾਸਤਾ ਨਹੀਂ ਹੁੰਦਾ। ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਨਾਸਤਿਕ ਵਿਅਕਤੀ ਜ਼ਿਆਦਾ ਸੱਚੇ, ਈਮਾਨਦਾਰ, ਮਾਨਵੀ, ਇਨਸਾਫ਼ ਪਸੰਦ ਅਤੇ ਦਿਆਲੂ ਹੁੰਦੇ ਹਨ। ਧਾਰਮਿਕ ਬੰਦੇ ਝੂਠੇ, ਬੇਈਮਾਨ, ਹਿੰਸਾ ਕਰਨ ਵਾਲੇ ਨਹੀਂ ਹੋਣੇ ਚਾਹੀਦੇ ?

ਮਜ਼ੇ ਦੀ ਗੱਲ ਹੈ ਕਿ ਸਾਰੇ ਪੱਛਮੀ ਧਰਮ ਭਾਵੇਂ ਯਹੂਦੀ ਹੋਣ, ਈਸਾਈ ਅਤੇ ਇਸਲਾਮ ਵੀ, ਜ਼ਿਆਦਾਤਰ ਆਪਣੇ ਪੈਰੋਕਾਰਾਂ ਨੂੰ ਕਹਿੰਦੇ ਹਨ ਕਿ ਉਹ ਆਪਣੇ ਬੁਰੇ ਵਿਵਹਾਰ ਨੂੰ ਸੁਧਾਰਨ ਅਤੇ ਇਨਸਾਫ਼ ਅਤੇ ਪ੍ਰੇਮ ਨਾਲ ਨਾਤਾ ਜੋੜੋ। ਫੇਰ ਵੀ ਉਹ ਸਦਾਚਾਰੀ ਨਹੀਂ ਬਣ ਪਾਂਦੇ।

ਕੁਝ ਧਰਮ ਪਾਪ ਹਿੰਸਾ ਉਤੇ ਜ਼ੋਰ ਦੇਂਦੇ ਹਨ। ਇਸਲਾਮ ਕਾਫ਼ਿਰਾਂ (ਉਨ੍ਹਾਂ ਤੋਂ ਵੱਖ ਧਰਮ ਨੂੰ ਮੰਨਣ ਵਾਲੇ) ਦੇ ਪ੍ਰਤੀ ਹਮੇਸ਼ਾ ਨਰਾਜ਼ ਰਹਿੰਦਾ ਹੈ। ਹਿੰਦੂ ਧਰਮ ਪਸ਼ੂ ਬਲੀ ਦੀ ਹਿਮਾਇਤ ਕਰਦਾ ਹੈ ਪਰ ਚੰਗੇ ਗੁਣਾਂ ਦੇ ਉਤਸ਼ਾਹ ਉਤੇ ਜ਼ੋਰ ਨਹੀਂ ਦੇਂਦਾ। ਸੱਚ ਇਹ ਹੈ ਕਿ ਨੈਤਿਕਤਾ ਨਾਲ ਧਰਮ ਬਣਦਾ ਹੈ, ਧਰਮ ਨਾਲ ਨੈਤਿਕਤਾ ਨਹੀਂ ਆਉਂਦੀ। ਨੈਤਿਕਤਾ ਬੰਦੇ ਦੀ ਜਨਮ ਜਾਤ ਪ੍ਰਵਿਰਤੀ ਅਤੇ ਵਿਵਹਾਰ ਨਾਲ ਤੈਅ ਹੁੰਦੀ ਹੈ। ਮੰਦਰਾਂ, ਮਸਜਿਦਾਂ, ਗਿਰਜਾ ਘਰਾਂ ਦੀ ਦਹਿਲੀਜ਼ ਉਤੇ ਚੜ੍ਹਨ ਨਾਲ ਕੋਈ ਬੁਰੀਆਂ ਰੁਚੀਆਂ ਨਹੀਂ ਛੱਡ ਸਕਦਾ। ਜੇਕਰ ਧਰਮ ਜਾਂ ਰੱਬ ਹੀ ਬੰਦੇ ਨੂੰ ਸਦਾਚਾਰੀ ਬਣਾਉਂਦੇ ਤਾਂ ਅੱਜ ਦੁਨੀਆਂ ਵਿੱਚ ਸਭ ਸੱਤਿਆਵਾਦੀ, ਪਰੋਪਕਾਰੀ, ਸ਼ਾਂਤੀ ਪ੍ਰੇਮੀ ਹੁੰਦੇ। ਜਿਹੜੇ ਲੋਕ ਨੈਤਿਕਤਾ ਦੇ ਪਾਲਣ ਦਾ ਦਾਵਾ ਕਰਦੇ ਹਨ ਉਨ੍ਹਾਂ ਦਾ ਆਚਾਰ (ਚਾਲ ਚਲਣ, ਸਭਿਆਚਾਰ) ਅਤੇ ਵਰਤਾਉ/ਵਰਤਾ ਕਿਹੋ ਜਿਹਾ ਹੈ, ਇਹ ਸੌਖਾ ਹੀ ਸਮਝਿਆ ਜਾ ਸਕਦਾ ਹੈ।

**ਧੰਨਵਾਦ ਸਹਿਮ ਮੈਗਜ਼ੀਨ 'ਸਰਿਤਾ' ਜੁਲਾਈ (ਦੂਜਾ) 2012**


# ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ** ਬਣਾਉਣ ਵਾਲੇ ਨੂੰ
70 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ
160 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ
340 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ
1000 ਰੁਪਏ ਮੁੱਲ ਦੀਆਂ ਕਿਤਾਬਾਂ
ਅਤੇ ਇੱਕ ਪ੍ਰਸ਼ੰਸਾ ਪੱਤਰ
ਇਨਾਮ ਵਜੋਂ ਭੇਜੇ ਜਾਣਗੇ।

**ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :**

ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਕੀ ਝੂਠ ਬੋਲਣਾ ਪਾਪ ਹੈ ?

ਸਾਨੂੰ ਛੋਟੇ ਹੁੰਦਿਆਂ ਹੀ ਸਿਖਾਇਆ ਜਾਂਦਾ ਹੈ : "ਸਦਾ ਸੱਚ ਬੋਲੋ। ਇਮਾਨਦਾਰੀ ਸਭ ਤੋਂ ਵਧੀਆ ਪੋਲਿਸੀ ਹੈ।" ਪਰ ਕੀ ਅਸੀਂ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਸਦਾ ਸੱਚ ਬੋਲਦੇ ਹਾਂ? ਅਤੇ ਇਹਨਾਂ ਸਿਖਾਈਆਂ ਗੱਲਾਂ ਤੇ ਕਦੇ ਅਮਲ ਵੀ ਕਰਦੇ ਹਾਂ, ਜਦੋਂ ਕਿ ਇਹਨਾਂ ਬਾਰੇ ਵਿਖਿਆਨ ਹਰ ਕੋਈ ਕਰਦਾ ਹੈ। ਦੇਖਣ 'ਚ ਆਇਆ ਹੈ ਕਿ ਝੂਠ ਬੋਲ ਕੇ ਕਈ ਲੋਕ ਉੱਚੀਆਂ ਪਦਵੀਆਂ ਤੇ ਪਹੁੰਚ ਜਾਂਦੇ ਹਨ ਅਤੇ ਇਮਾਨਦਾਰ ਇਨਸਾਨ ਜਿਥੋਂ ਸ਼ੁਰੂ ਹੋਇਆ ਸੀ, ਉਥੇ ਹੀ ਬੈਠਾ ਰਹਿੰਦਾ ਹੈ। ਖੋਜਕਾਰਾਂ ਨੇ ਸਾਬਤ ਕੀਤਾ ਹੈ ਕਿ ਜੇਕਰ ਤੁਸੀਂ ਝੂਠ ਨੂੰ ਤਰੀਕੇ ਨਾਲ ਵਰਤੋਂ ਤਾਂ ਇਹ ਸਿਆਣਪ ਵਿਚ ਗਿਣਿਆ ਜਾ ਸਕਦਾ ਹੈ। ਅਗਰ ਝੂਠ ਨੂੰ ਚਾਸ਼ਣੀ ਲਾ ਕੇ ਆਪਣੇ ਮੰਤਵ ਤੇ ਪੱਕੇ ਰਹਿੰਦਿਆ ਦ੍ਰਿੜ ਇਰਾਦਾ ਹੋਵੇ ਤਾਂ ਤੁਸੀਂ ਲੋਕਾਂ ਨੂੰ ਭੁਚਲਾ ਕੇ ਉਹਨਾਂ ਤੋਂ ਅੱਗੇ ਨਿਕਲ ਸਕਦੇ ਹੋ। ਖੋਜਕਾਰਾਂ ਦਾ ਕਹਿਣਾ ਹੈ ਕਿ ਤਰੀਕੇ ਨਾਲ ਝੂਠ ਬੋਲਣ ਵਾਲੇ ਸਮਝਦਾਰ ਹੁੰਦੇ ਹਨ ਅਤੇ ਆਪਣੀਆਂ ਬਾਹਾਂ ਕਈ ਪਾਸੇ ਫੈਲਾ ਸਕਦੇ ਹਨ। ਹਾਰਵਰਡ ਅਤੇ ਡਿਊਕ ਯੂਨੀਵਰਸਿਟੀ ਤੋਂ ਕੀਤੀ ਤਾਜ਼ਾ ਖੋਜ ਤੋਂ ਜ਼ਾਹਿਰ ਹੋਇਆ ਹੈ ਕਿ ਜਿਹਨਾਂ ਲੋਕਾਂ ਨੂੰ ਝੂਠ ਬੋਲਣ ਦਾ ਹੁਨਰ ਆਉਂਦਾ ਹੈ, ਉਹਨਾਂ ਵਿਚ ਜ਼ਰਾ ਹੱਟ ਕੇ ਸੋਚਣ ਦਾ ਵੀ ਗੁਣ ਹੁੰਦਾ ਹੈ। ਇਹ ਤਾਜ਼ਾ ਖੋਜ 'ਜਨਰਲ ਔਫ ਪਰਸਨੈਲਿਟੀ ਐਂਡ ਸੋਸ਼ਲ ਸਈਕੋਲੋਜ਼ੀ' (JOURNAL OF PERSONALITY AND SOCIAL PSYCHOLOGY) ਵਿਚ ਪ੍ਰਕਾਸ਼ਤ ਹੋਈ ਹੈ। ਟੋਰਾਂਟੋ ਯੂਨੀਵਰਸਿਟੀ ਦੇ ਵਿਭਾਗ ਇਨਸਟੀਚਿਊਟ ਔਫ ਚਾਈਲਡ ਸਟੱਡੀ ਦੇ ਡਾਇਰੈਕਟਰ ਕੰਗਾਲੀ ਦਾ ਯਕੀਨ ਹੈ ਕਿ ਜਦੋਂ ਅਸੀਂ ਅਜੇ ਬੱਚੇ ਹੀ ਹੁੰਦੇ ਹਾਂ ਤਾਂ ਤਿੰਨ ਤਰ੍ਹਾਂ ਦਾ ਝੂਠ ਸਿੱਖਦੇ ਹਾਂ : 1. ਉਹ ਝੂਠ ਜਿਹੜਾ ਦੂਜਿਆਂ ਲਈ ਦਯਾ ਭਾਵਨਾ ਵਾਲਾ ਹੁੰਦਾ ਹੈ। 2. ਉਹ ਝੂਠ ਜੋ ਸਾਨੂੰ ਆਪਣੇ ਆਪ ਨੂੰ ਧੋਖੇ ਵਿਚ ਰੱਖਦਾ ਹੈ। 3. ਤੀਜਾ ਉਹ ਝੂਠ ਜਿਸਦੇ ਨਾਲ ਸਾਡਾ ਸਜ਼ਾ ਤੋਂ ਬਚਾ ਹੋ ਸਕਦਾ ਹੋਵੇ। ਡਾਇਰੈਕਟਰ ਕਿੰਗਲੀ ਦਾ ਮੰਨਣਾ ਹੈ ਕਿ ਇਹ ਤਿੰਨ ਤਰ੍ਹਾਂ ਦੇ ਝੂਠ ਜੋ ਅਸੀਂ ਨਿੱਕੇ ਹੁੰਦਿਆਂ ਸਿੱਖੇ ਹੋਏ ਹੁੰਦੇ ਹਨ, ਆਪਣੀ ਬਾਲਗ ਉਮਰ ਤਕ ਪਾਲਦੇ ਹਾਂ। ਸੱਚਾਈ ਤਾਂ ਇਹ ਹੈ ਕਿ ਅਸੀਂ ਇਹ ਤਿੰਨ ਤਰ੍ਹਾਂ ਦੇ ਝੂਠ ਆਪ ਵੀ ਬੋਲਦੇ ਹਾਂ ਜਾਂ ਇਹਨਾਂ ਬਾਰੇ ਹੋਰਾਂ ਤੋਂ ਵੀ ਸੁਣਦੇ ਹਾਂ। ਆਪਣੇ ਕੰਮਾਂ ਕਾਰਾਂ ਤੇ ਵੀ ਦੇਖਦੇ ਸੁਣਦੇ ਹਾਂ ਅਤੇ ਇਹਨਾਂ ਝੂਠਾਂ ਦਾ ਖੁਲਾਸਾ ਮੀਟਿੰਗਾਂ ਵਿਚ ਵੀ ਹੁੰਦਾ ਹੈ। ਇਹਦਾ ਮਤਲਬ ਇਹ ਵੀ ਨਹੀਂ ਕਿ ਆਪਾਂ ਆਪਣੇ ਕੰਮਾਂ ਕਾਰਾਂ ਤੇ ਧੋਖਾਧੜੀ ਕਰ ਰਹੇ ਹਾਂ। ਸਗੋਂ ਕਹਿਣ ਦਾ ਮਤਲਬ ਹੈ ਕਿ ਝੂਠ ਦੀ ਚਾਸ਼ਣੀ ਨਾਲ ਆਪਣਾ ਫਾਇਦਾ ਜ਼ਰੂਰ ਲਿਆ ਜਾਂਦਾ ਹੈ। ਖੋਜਕਾਰਾਂ ਨੇ ਜਦ ਕੁੱਝ ਲੋਕਾਂ ਤੇ ਖੋਜ ਕੀਤੀ ਕਿ ਉਹ ਸਿਰਫ ਇਕ ਹਫ਼ਤੇ ਲਈ ਦੇਖਣ ਕਿ ਉਹਨਾਂ ਕਿੰਨਾ ਝੂਠ ਬੋਲਿਆ ਸੀ ਤਾਂ ਦੇਖਿਆ ਗਿਆ ਕਿ 10 ਪ੍ਰਤੀਸ਼ਤ ਝੂਠ ਬਿਲਕੁਲ ਜ਼ਰੂਰਤ ਤੋਂ ਜ਼ਿਆਦਾ ਸੀ। ਇਹੋ ਜਿਹਾ ਝੂਠ ਸੁਨਣ ਵਾਲਿਆਂ ਦੇ ਵੀ ਹਜ਼ਮ ਨਹੀਂ ਹੁੰਦਾ ਅਤੇ ਇਸ ਤਰ੍ਹਾਂ ਕਰਨ ਨਾਲ ਅਸੀਂ ਉਹਨਾਂ ਤੇ ਇਕ ਫਿੱਕੇਪਨ ਦਾ ਪ੍ਰਭਾਵ ਛੱਡ ਦਿੰਦੇ ਹਾਂ।

ਇਸ ਗੱਲ ਤੇ ਦੋਹਰ ਪਾਉਂਦਿਆਂ ਯੂਨਾਨਾ ਰਾਫਾਲਤ ਦਾ ਕਹਿਣਾ ਹੈ ਕਿ, "ਅਸੀਂ ਔਨਲਾਇਨ ਤੇ ਬਿਊਟੀ ਕੰਪਨੀ ਵੱਲੋਂ ਮਹਿੰਗਾ ਅਤੇ ਨਾਮ ਵਾਲਾ ਮਾਲ ਵੇਚਦੇ ਹਾਂ। ਸਾਡੇ ਕਾਰੋਬਾਰ ਤੋਂ ਬਾਹਰ ਲੋਕਾਂ ਨੂੰ ਸ਼ੁਰੂ ਸ਼ੁਰੂ ਵਿਚ ਇਹ ਲੱਗਿਆ ਕਿ ਇਸ ਕੰਪਨੀ ਦਾ ਬਹੁਤ ਵੱਡਾ ਦਫ਼ਤਰ ਹੈ ਅਤੇ ਇਸ ਕੰਪਨੀ ਵਿਚ ਬਹੁਤ ਸਾਰੇ ਲੋਕ ਕੰਮ ਕਰਦੇ ਹਨ। ਮੈਂ ਲੋਕਾਂ ਦੇ ਇਸ ਗਲਤ ਪ੍ਰਭਾਵ ਨੂੰ ਠੀਕ ਕਰਨ ਦੀ ਲੋੜ ਵੀ ਨਹੀਂ ਸੀ ਸਮਝੀ। ਹੁਣ ਹਾਲਾਤ ਇਹ ਹਨ ਕਿ ਇਹ ਸਭ ਗੱਲਾਂ ਬਿਲਕੁਲ ਸੱਚ ਹਨ। ਪਰ ਸ਼ੁਰੂ ਦੇ ਸਾਲਾਂ ਵਿਚ ਇਹ ਸੱਚਾਈ ਤੋਂ ਦੂਰ ਇਹ ਲਿਫਾਫਾਬਾਜ਼ੀ ਕਰਨੀ ਜ਼ਰੂਰੀ ਸੀ। ਸਮਾਜ ਵਿਚ ਸਫਲਤਾ ਅਤੇ ਝੂਠ ਦਾ ਸੰਬੰਧ



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਥੋੜ੍ਹਾ ਜਿਹਾ ਇਹ ਵੀ ਕਿਹਾ ਜਾ ਸਕਦਾ ਹੈ ਕਿ ਹੁਣ ਜਿੰਨਾ ਝੂਠ ਅਸੀਂ ਪਹਿਲਾਂ ਕਦੇ ਵੀ ਨਹੀਂ ਸੀ ਬੋਲਦੇ ਅਤੇ ਇਸਦਾ ਮਤਲਬ ਇਹ ਹੈ ਕਿ ਅਗਰ ਤੁਸੀਂ ਆਪਣੇ ਕੰਮ ਨੂੰ ਵਧਾ ਚੜ੍ਹਾ ਕੇ ਨਹੀਂ ਦੱਸਦੇ ਤਾਂ ਇਹ ਘਾਟੇ ਵਾਲਾ ਸੌਦਾ ਹੋ ਸਕਦਾ ਹੈ। ਮਾਸਾਚੂਸਿਟਸ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ "ਦਾ ਲਾਇਰ ਇਨ ਯੂਅਰ ਲਾਇਫ" (THE LIAR IN YOUR LIFE) ਦਾ ਕਹਿਣਾ ਹੈ ਕਿ, "ਹੁਣ ਅਸੀਂ ਜ਼ਿਆਦਾ ਝੂਠ ਬੋਲਣ ਲੱਗ ਪਏ ਹਾਂ। ਝੂਠ ਬੋਲਣਾ ਬੜਾ ਆਸਾਨ ਹੈ ਅਤੇ ਕਈ ਵਾਰ ਦੇਖਿਆ ਗਿਆ ਹੈ ਕਿ ਇਸ ਝੂਠ ਨੂੰ ਮਾਨਤਾ ਵੀ ਮਿਲ ਜਾਂਦੀ ਹੈ।" ਜਿਸ ਤਰ੍ਹਾਂ ਅਸੀਂ ਆਪਣੇ ਕੰਮ ਵਾਲੀਆਂ ਥਾਵਾਂ ਤੇ ਗੱਲਾਂ ਕਰਦੇ ਹਾਂ, ਉਥੇ ਝੂਠੀਆਂ ਮੂਠੀਆਂ ਕਹਾਣੀਆਂ ਦੱਸਣਾ ਵੀ ਆਸਾਨ ਹੈ ਬਰਤਾਨਵੀ ਲੋਕਾਂ ਤੇ ਇਕ ਖੋਜ ਤੋਂ ਪਤਾ ਲੱਗਾ ਹੈ ਕਿ ਜਦ 2000 ਲੋਕਾਂ ਤੇ ਇਹ ਤਜ਼ਰਬਾ ਕੀਤਾ ਗਿਆ ਤਾਂ ਪਤਾ ਲੱਗਾ ਕਿ ਔਸਤਨ ਇਕ ਮਹੀਨੇ ਵਿਚ ਲੋਕ ਈ-ਮੇਲਾਂ ਰਾਹੀਂ 28 ਵਾਰੀ ਝੂਠ ਬੋਲਦੇ ਹਨ। ਇਹ ਗੱਲ ਉਥੇ ਵੀ ਲਾਗੂ ਹੁੰਦੀ ਹੈ ਜਦ ਉਹ ਇਕ ਦੂਜੇ ਨਾਲ ਮੋਬਾਈਲ, ਟਵਿਟਰ ਜਾਂ ਫੇਸ ਬੁੱਕ ਤੇ ਸੰਪਰਕ ਕਰਦੇ ਹਨ। ਇਹਦੇ ਮੁਕਾਬਲੇ ਜਦ ਉਹ ਇਕ ਦੂਜੇ ਨੂੰ ਆਹਮਣੇ ਸਾਹਮਣੇ ਮਿਲਦੇ ਹਨ ਤਾਂ 17 ਵਾਰੀ ਝੂਠ ਬੋਲਦੇ ਹਨ। ਹੁਣ ਕਿਉਂਕਿ ਸਾਡਾ ਜ਼ਿਆਦਾ ਕੰਮ ਆਹਮਣੇ ਸਾਹਮਣੇ ਨਹੀਂ ਹੁੰਦਾ ਅਤੇ ਇਕ ਦੂਜੇ ਨਾਲ ਸੰਪਰਕ ਬਿਜਲੀ ਸੰਚਾਲਕਾਂ ਦੁਆਰਾ ਹੁੰਦਾ ਹੈ ਤੇ ਇਸੇ ਕਰਕੇ ਝੂਠ ਦਾ ਪਸਾਰਾ ਵੀ ਤਿੰਨ ਗੁਣਾਂ ਵਧ ਗਿਆ ਹੈ। ਇਸ ਗੱਲ ਨੂੰ ਮਾਸਾਚੂਸਿਟਸ ਯੂਨੀਵਰਸਿਟੀ ਦੀ ਖੋਜ ਨੇ ਵੀ ਸਿੱਧ ਕਰ ਦਿੱਤਾ ਹੈ ਕਿ ਆਹਮਣੇ ਸਾਹਮਣੇ ਮਿਲਣ ਦੇ ਮੁਕਾਬਲੇ ਈਮੇਲਾਂ ਰਾਹੀਂ ਪੰਜ ਗੁਣਾਂ ਜ਼ਿਆਦਾ ਝੂਠ ਬੋਲਿਆ ਜਾਂਦਾ ਹੈ। ਅਸੀਂ ਆਮ ਈ ਝੂਠ ਮੂਠ ਕਹਿ ਦਿੰਦੇ ਹਾਂ, 'ਕੀ ਤੈਨੂੰ ਮੇਰੀ ਈਮੇਲ ਮਿਲੀ ਨਹੀਂ? ਆਪਣੇ ਦਿਲ ਤੇ ਹੱਥ ਰੱਖ ਕੇ ਦੱਸੋ ਕਿ ਕੀ ਇੰਦਾਂ ਨਹੀਂ ਹੁੰਦਾ।'

ਝੂਠ ਬੋਲਣਾ ਸਾਡੀ ਫਿਤਰਤ ਹੈ। ਇਹ ਖਾਸੀਅਤ ਸਾਡੇ ਵਿਚ ਉਸ ਵੇਲੇ ਤੋਂ ਹੀ ਕਾਇਮ ਹੈ ਜਦੋਂ ਅਸੀਂ ਤੁਰਨਾ ਵੀ ਨਹੀਂ ਸੀ ਸਿੱਖਿਆ। ਇਸ ਝੂਠ ਦਾ ਆਧਾਰ ਸਾਡੀ ਹਸਤੀ ਦੀ ਹੋਂਦ ਨਾਲ ਸਬੰਧਤ ਹੈ। ਅਸੀਂ ਦੇਖਿਆ ਹੈ ਕਿ ਕਈ ਜਾਨਵਰਾਂ ਨੂੰ ਜਦ ਜਾਨ ਦਾ ਖਤਰਾ ਪੈਦਾ ਹੋ ਜਾਂਦਾ ਹੈ ਤਾਂ ਉਹ ਆਪਣੇ ਆਪ ਨੂੰ ਮੁਰਦਾ ਹਾਲਤ ਵਿਚ ਲੈ ਜਾਂਦੇ ਹਨ ਤਾਂ ਕੀ ਹਮਲਾਵਰ ਨੂੰ ਇਸ ਝੂਠ ਨਾਲ ਧੋਖਾ ਦਿੱਤਾ ਜਾ ਸਕੇ ਅਤੇ ਆਪਣੀ ਹੋਂਦ ਨੂੰ ਬਚਾਇਆ ਜਾ ਸਕੇ। ਇਹ ਕੰਮ ਜਾਨਵਰ ਉਨੀ ਦੇਰ ਤਕ ਕਰੀ ਰੱਖਦੇ ਹਨ ਜਦ ਤਕ ਹਮਲਾਵਰ ਦੀ ਰੁਚੀ ਖਤਮ ਹੋ ਜਾਂਦੀ ਹੈ। ਪਰ ਇਨਸਾਨ ਆਪਣੇ ਮਾਂ ਬਾਪ ਦੇ ਕਹਿਰ ਤੋਂ ਬਚਾਅ ਲਈ ਝੂਠ ਬੋਲਦਾ ਹੈ। ਇਸੇ ਕਰਕੇ ਬੱਚਿਆਂ ਦੇ ਝੂਠੇ ਮੂਠੇ ਕਿੱਸੇ ਅਸੀਂ ਪਿਆਰ ਨਾਲ ਬਰਦਾਸ਼ਤ ਕਰ ਲੈਂਦੇ ਹਾਂ ਅਤੇ ਇਹ ਮੰਨ ਲੈਂਦੇ ਹਾਂ ਕਿ ਇਸ ਛੋਟੀ ਉਮਰ ਦੇ ਬੱਚੇ ਐਹੋ ਜਿਹਾ ਹੀ ਵਰਤਾਵ ਕਰਦੇ ਹਨ। ਦੇਖਿਆ ਗਿਆ ਹੈ ਕਿ ਤਿੰਨ ਸਾਲ ਦੀ ਉਮਰ ਤਕ ਪੁੱਜਦੇ ਪੁੱਜਦੇ ਬੱਚੇ ਜਾਣ ਲੈਂਦੇ ਹਨ ਕਿ ਝੂਠ ਕਿਵੇਂ ਬੋਲਣਾ ਹੈ ਅਤੇ ਛੇ ਸਾਲ ਤਕ ਪਹੁੰਚਦੇ ਪਹੁੰਚਦੇ ਜ਼ਿਆਦਾਤਰ ਬੱਚੇ ਇਕ ਦਿਨ ਵਿਚ ਕਈ ਵਾਰ ਝੂਠ ਬੋਲਦੇ ਹਨ। ਦਿਲਚਸਪ ਪਹਿਲੂ ਇਹ ਹੈ ਕਿ ਇਸ ਝੂਠ ਦਾ ਸਬੰਧ, ਭਵਿੱਖ 'ਚ ਉਹਨਾਂ ਦੀਆਂ ਸਫਲਤਾਵਾਂ ਨਾਲ ਹੈ ਕਿ ਉਹ ਝੂਠ ਨੂੰ ਸੱਚ ਮਨਾਉਣ ਵਿਚ ਕਿੰਨੇ ਕੁ ਕਾਮਯਾਬ ਹਨ। ਟੋਰਾਂਟੋ ਯੂਨੀਵਰਸਿਟੀ ਦੀ ਖੋਜ ਮੁਤਾਬਕ, ਦੋ ਸਾਲ ਦੀ ਉਮਰ ਤਕ 20 ਪ੍ਰਤੀਸ਼ਤ ਬੱਚੇ ਝੂਠ ਬੋਲਦੇ ਹਨ। ਪਰ ਦੂਜੇ ਪਾਸੇ ਚਾਰ ਸਾਲ ਦੀ ਉਮਰ ਵਿਚ 90 ਪ੍ਰਤੀਸ਼ਤ



ਬੱਚੇ ਝੂਠੇ ਕਿੱਸੇ ਸੁਣਾਉਂਦੇ ਹਨ। ਮਜ਼ੇਦਾਰ ਗੱਲ ਇਹ ਹੈ ਕਿ ਜਦ 20 ਪ੍ਰਤੀਸ਼ਤ ਝੂਠ ਬੋਲਣ ਵਾਲੇ ਦੋ ਸਾਲ ਦੀ ਉਮਰ ਵਾਲੇ ਬੱਚਿਆਂ ਦਾ ਆਈ ਕਿਊ (I.Q.) ਦਾ ਨਿਰੀਖਣ ਕੀਤਾ ਗਿਆ ਤਾਂ ਉਹ, ਇਸ ਉਮਰ ਦੇ ਬਾਕੀ ਔਸਤਨ ਬੱਚਿਆਂ ਨਾਲੋਂ ਜ਼ਿਆਦਾ ਸੀ। ਇਹਦਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਸੱਚ ਬੋਲਣਾ ਆਸਾਨ ਹੈ ਪਰ ਝੂਠੇ ਕਿੱਸੇ ਘੜਨ ਤੇ ਦਿਮਾਗੀ ਕਸਰਤਾਂ ਜ਼ਿਆਦਾ ਕਰਨੀਆਂ ਪੈਂਦੀਆਂ ਹਨ। ਇਹਦਾ ਮਤਲਬ ਇਹ ਹੋਇਆ ਕਿ ਅਗਰ ਝੂਠ ਦਾ ਸਿੱਧਾ ਸਬੰਧ ਸਿਆਣਪ ਨਾਲ ਹੈ ਤਾਂ ਫਿਰ ਇਹ ਸਫਲਤਾ ਨਾਲ ਵੀ ਇਸੇ ਕਰਕੇ ਮੇਲ ਜੋਲ ਰੱਖਦਾ ਹੈ।

ਹੁਣ ਇਸ ਗਿੱਦੜ ਸਿੰਘੀ ਨੂੰ ਕੰਮ ਤੇ ਕਿਵੇਂ ਵਰਤਿਆ ਜਾਵੇ। ਪਹਿਲਾ ਝੂਠ ਤਾਂ ਇਹ ਹੈ ਕਿ ਕੰਮ ਵਾਲੇ ਸਾਥੀਆਂ ਨਾਲ ਦਯਾ ਭਾਵਨਾ ਵਾਲਾ ਰਸੂਖ ਰੱਖਣਾ। ਚਾਰ ਝੂਠਾਂ ਵਿੱਚੋਂ ਇਕ ਝੂਠ ਦੂਸਰਿਆਂ ਦੇ ਫਾਇਦੇ ਲਈ ਬੋਲਿਆ ਜਾਂਦਾ ਹੈ ਅਤੇ ਇਸ ਹੁਨਰ ਵਿਚ ਔਰਤਾਂ ਮੋਹਰੀ ਹਨ। ਇਹ ਝੂਠ ਕੰਮ ਤੇ ਇਸ ਕਰਕੇ ਕਾਮਯਾਬ ਹਨ ਕਿ ਇਕ ਦੂਜੇ ਨਾਲ ਮੇਲ ਮਿਲਾਪ ਦੀ ਜ਼ਿੰਦਗੀ ਦੀ ਗੱਡੀ ਦੇ ਪਹੀਆਂ ਨੂੰ ਇਹ ਗਰੀਸ ਦੇਣ ਦਾ ਕੰਮ ਕਰਦੇ ਹਨ ਅਤੇ ਜ਼ਿੰਦਗੀ ਦੀ ਚਾਲ ਨੂੰ ਰੈਲਿਆਂ ਕਰਦੇ ਹਨ। ਸੱਚੀ ਗੱਲ ਨੂੰ ਵਧਾ ਚੜ੍ਹਾ ਕੇ ਦੱਸਣ ਦਾ ਨੁਸਖਾ ਸਾਨੂੰ ਹਰਮਨ ਪਿਆਰਾ ਬਨਾਉਣ ਵਿਚ ਸਹਾਇਤਾ ਕਰਦਾ ਹੈ। ਫਿਲਡਮੈਨ (FELDMAN) ਜਿਹਨੇ ਇਸ ਖੋਜ ਵਿਚ ਜ਼ਿੰਦਗੀ ਦੇ 25 ਸਾਲ ਲਾ ਦਿੱਤੇ ਦਾ ਕਹਿਣਾ ਹੈ ਕਿ : ਇਸ ਢੰਗ ਨਾਲ ਝੂਠ ਬੋਲਣਾ ਕਿ ਅਗਲਾ ਸੱਚ ਮੰਨ ਜਾਵੇ ਇਕ ਸਮਾਜਿਕ ਹੁਨਰ ਹੈ। ਇਹ ਹੀ ਕਾਰਨ ਹੈ ਕਿ ਝੂਠ ਬੋਲਣ ਦੇ ਮਾਹਿਰ, ਹੋਰਾਂ ਨਾਲੋਂ ਅੱਗੇ ਨਿਕਲ ਜਾਂਦੇ ਹਨ। ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਲੋਕਾਂ ਨੂੰ ਚੰਗਾ ਚੰਗਾ ਮਹਿਸੂਸ ਕਿਵੇਂ ਕਰਾਉਣਾ ਹੈ ਅਤੇ ਉਹਨਾਂ ਦੀ ਹਉਮੈਂ ਨੂੰ ਕਿਵੇਂ ਪੱਠੇ ਪਾਉਣੇ ਹਨ। ਇਸ ਗੱਲ ਤੇ ਪ੍ਰੋਫੈਸਰ ਕੈਰੀ ਕੂਪਰ ਜੋ ਕਿ ਔਰਗੇਨਾਈਜੇਸ਼ਨਲ ਸਾਈਕੋਲੋਜ਼ੀ ਐਂਡ ਹੈਲਥ ਲਾਕਾਂਸਟਰ ਯੂਨੀਵਰਸਿਟੀ ਵਿਚ ਕੰਮ ਕਰਦਾ ਹੈ ਵੀ ਦੋਹਰ ਪਾਉਂਦਾ ਹੈ ਕਿ ਜੋ ਝੂਠ ਕਿਸੇ ਨੂੰ ਚੰਗਾ ਚੰਗਾ ਮਹਿਸੂਸ ਕਰਾਵੇ ਉਹ ਤੁਹਾਨੂੰ ਸਫਲਤਾਵਾਂ ਦੀਆਂ ਪੌੜੀਆਂ ਤੇ ਬਹੁਤ ਉਪਰ ਲਿਜਾ ਸਕਦਾ ਹੈ। ਆਪਣੇ ਮੈਨੇਜਰ ਨੂੰ ਕਹਿਣਾ ਕਿ ਤੇਰਾ ਲੀਡਰਸ਼ਿਪ ਕਰਨ ਦਾ ਸਟਾਇਲ ਕਮਾਲ ਦਾ ਹੈ। ਜਾਂ ਇਕ ਸਾਧਾਰਨ ਕਾਮੇ ਨੂੰ ਕਹਿਣਾ ਕਿ ਤੂੰ ਬਹੁਤ ਹੀ ਵਧੀਆ ਕੰਮ ਕਰ ਰਿਹਾਂ। ਪ੍ਰੋਫੈਸਰ ਕੂਪਰ ਦਾ ਕਹਿਣਾ ਹੈ ਕਿ ਇਹੋ ਜਿਹੇ ਝੂਠ ਤੁਹਾਡਾ ਵੀ ਅਤੇ ਦੂਸਰੇ ਦਾ ਵੀ ਫਾਇਦਾ ਕਰਦੇ ਹਨ। ਡਰੈਕਸਲ (DREXEL UNIVERSITY) ਯੂਨੀਵਰਸਿਟੀ ਨੇ 2011 ਵਿਚ ਖੋਜ ਕੀਤੀ ਕਿ ਜਿਹੜ ਕਾਮੇ ਆਪਣੇ ਬੌਸ ਦੀ ਚਮਚਾਗਿਰੀ ਕਰਦੇ ਹਨ। ਉਹਨਾਂ ਨੂੰ ਬਾਕੀਆਂ ਦੇ ਮੁਕਾਬਲੇ ਸਟਰੈਸ ਵੀ ਘੱਟ ਹੁੰਦਾ ਹੈ ਅਤੇ ਆਪਣੇ ਬੌਸ ਦੀਆਂ ਨਜ਼ਰਾਂ ਵਿਚ ਵੀ ਥਾਂ ਬਣ ਲੈਂਦੇ ਹਨ।

ਅਸੀਂ ਆਪਣਾ ਬਚਾਅ ਕਰਨ ਲਈ ਵੀ ਝੂਠ ਬੋਲਦੇ ਹਾਂ। ਇਹ ਝੂਠ ਸਾਨੂੰ ਆਪਣੇ ਆਪ ਨੂੰ ਚੰਗਾ ਚੰਗਾ ਮਹਿਸੂਸ ਕਰਾਉਂਦਾ ਹੈ ਕਿ ਅਸੀਂ ਹੋਰਾਂ ਨਾਲੋਂ ਜ਼ਿਆਦਾ ਚੰਗੇ ਹਾਂ ਜਦੋਂ ਕਿ ਦਿਲੋਂ ਸਾਨੂੰ ਪਤਾ ਹੁੰਦਾ ਹੈ ਕਿ ਇਹ ਗੱਲ ਬਿਲਕੁਲ ਕੋਰਾ ਝੂਠ ਹੈ। ਚਾਰਟਰਡ ਇਨਸਟੀਚਿਊਟ ਔਫ ਐਜੂਕੇਸ਼ਨਲ ਅਸੈਸਰਜ਼ ਦੇ ਸਰਵੇਖਣ ਮੁਤਾਬਕ ਸਾਡੇ ਵਿਚੋਂ 33 ਪ੍ਰਤੀਸ਼ਤ ਆਪਣੀਆਂ ਸਜੀਵਨੀਆਂ ਵਿਚ ਝੂਠ ਲਿਖਦੇ ਹਾਂ, ਉਹਦੇ ਵਿਚ ਆਪਣੀਆਂ ਪ੍ਰਾਪਤੀਆਂ ਅਤੇ ਡਿਗਰੀਆਂ ਨੂੰ ਵਧਾ ਚੜ੍ਹਾ ਕੇ ਲਿਖਿਆ ਜਾਂਦਾ ਹੈ। ਐਚ. ਆਰ. ਮੈਨੇਜਮੈਂਟ ਕੰਨਸਲਟੈਂਸੀ ਦੇ ਨੌਰਮਲ ਬਰਡਨ ਦਾ ਕਹਿਣਾ ਹੈ ਕਿ ਗੱਲ ਇਸ ਤੋਂ ਵੀ ਅਗਾਂਹ ਦੀ ਹੈ ਕਿ ਮੇਰੇ ਤਜ਼ੁਰਬੇ ਮੁਤਾਬਕ ਵਧਾ ਚੜ੍ਹਾ ਕੇ ਸਜੀਵਨੀ ਨੂੰ ਪੇਸ਼ ਕਰਨਾ 80 ਪ੍ਰਤੀਸ਼ਤ ਲੋਕਾਂ ਦਾ ਕੰਮ ਹੈ। ਜੇਕਰ ਇਹ ਵਾਧਾ ਕੁਝ ਹੱਦ ਵਿਚ ਹੋਵੇ ਤਾਂ ਮੰਨਿਆ ਜਾ ਸਕਦਾ ਹੈ ਕਿਉਂਕਿ ਜੋ ਅੱਜ ਕੱਲ੍ਹ ਦੇ ਹਾਲਾਤ ਹਨ ਕਿਸੇ ਵੀ ਸਫਲ ਇਨਸਾਨ ਲਈ ਆਪਣੇ ਆਪ ਦੀ ਇਸ਼ਤਿਹਾਰਬਾਜ਼ੀ ਕਰਨੀ ਡੀ. ਐਨ. ਏ. ਵਾਂਗ ਹੋ ਗਈ ਹੈ। ਮਜ਼ੇਦਾਰ ਗੱਲ ਇਹ ਹੈ ਕਿ ਔਰਤਾਂ ਇਹ ਕੰਮ ਘੱਟ ਕਰਦੀਆਂ ਹਨ। ਉਦਾਹਰਨ ਦੇ ਤੌਰ ਤੇ ਇਕ ਆਦਮੀ ਆਪਣਾ ਗੁੱਡਾ ਇਸ ਤਰ੍ਹਾਂ ਬੰਨੇਗਾ ਕਿ ਉਹ 40,00000 ਪੌਂਡ ਕਮਾਉਂਦਾ ਹੈ ਜਦੋਂ ਕਿ ਅਸਲ ਵਿਚ ਉਹ 200,000 ਪੌਂਡ ਕਮਾ ਰਿਹਾ ਹੁੰਦਾ ਹੈ। ਇਹਦੇ ਮੁਕਾਬਲੇ ਔਰਤਾਂ ਆਪਣੀਆਂ ਸਫਲਤਾਵਾਂ ਬਾਰੇ ਵਧਾ ਚੜ੍ਹਾ ਕੇ ਤਾਂ ਇਕ ਪਾਸੇ ਰਿਹਾ, ਸਹੀ ਸਫਲਤਾਵਾਂ ਅਤੇ ਕਾਮਯਾਬੀਆਂ ਦਾ ਵੀ ਢੰਡੋਰਾ ਪਿੱਟਣ ਤੋਂ ਗੁਰੇਜ਼ ਕਰਦੀਆਂ ਹਨ।

ਬੋਰਨ ਲਾਇਰਜ਼ ਦਾ ਲੇਖਕ ਈਅਨ ਲਿਜ਼ਲੀ ਕਹਿੰਦਾ ਹੈ ਕਿ ਸਫਲ ਲੋਕ ਸਭ ਤੋਂ ਵੱਡਾ ਝੂਠ ਵਾਰ ਵਾਰ ਇਹ ਵਰਤਦੇ ਹਨ ਕਿ ਉਹ ਆਪਣੇ ਆਪ ਨੂੰ ਧੋਖੇ ਵਿਚ ਰੱਖਦੇ ਹਨ ਅਤੇ ਇਹ ਝੂਠ ਉਹਨਾਂ ਨੂੰ ਅਗਾਂਹ ਪਲਾਂਘਾਂ ਪੁੱਟਣ ਵਿਚ ਮੱਦਦ ਕਰਦਾ ਹੈ। ਖੋਜ ਵੀ ਇਹ ਦੱਸਦੀ ਹੈ ਕਿ ਅਸੀਂ ਆਪ ਵੀ ਸੋਚਦੇ ਹਾਂ ਕਿ ਜੋ ਵੀ ਮੈਂ ਹਾਂ, ਅਸਲ ਵਿਚ ਮੈਂ ਇਸ ਨਾਲੋਂ ਜ਼ਿਆਦਾ ਚੰਗਾ ਹਾਂ ਅਤੇ ਇਹ ਗੱਲ ਸਾਡੀ ਮਾਨਸਿਕ ਸੇਹਤ ਲਈ ਵੀ ਫਾਇਦੇਮੰਦ ਹੈ। ਯੂ ਸੀ ਐਲ ਏ (UCLA) ਦੇ ਖੋਜੀਆਂ ਮੁਤਾਬਕ ਇਹ ਗੱਲ ਉਹਨਾਂ ਤੇ ਨਹੀਂ ਢੁੱਕਦੀ ਜੋ ਲੋਕ ਉਦਾਸੀ ਰੋਗ ਦੇ ਸ਼ਿਕਾਰ ਹੁੰਦੇ ਹਨ। ਲਿਜ਼ਲੀ ਦਾ ਕਹਿਣਾ ਹੈ ਕਿ ਇਹ ਗੱਲ ਸਗੋਂ ਕਾਮਯਾਬ ਲੋਕਾਂ ਤੇ ਜ਼ਿਆਦਾ ਢੁੱਕਦੀ ਹੈ। ਜਿਹੜੇ ਲੋਕ ਆਪਣੇ ਆਪ ਨੂੰ ਧੋਖੇ ਵਿਚ ਰੱਖਦੇ ਹਨ ਉਹ ਵਿਉਪਾਰਿਕ ਦੁਨੀਆ ਵਿਚ ਉਚਾਈਆਂ ਤੇ ਪਹੁੰਚ ਜਾਂਦੇ ਹਨ। ਐਪਲ, ਸਟਾਰਬਕਸ, ਅਤੇ ਡਈਮਨ ਇਸੇ ਕਰਕੇ ਕਾਮਯਾਬੀ ਦੀਆਂ ਬੁਲੰਦੀਆਂ ਤੇ ਪਹੁੰਚੇ ਹਨ ਕਿ ਲੋਕਾਂ ਨੂੰ ਉਹਨਾਂ ਦੀ ਸਕੀਮਾਂ ਤੇ ਯਕੀਨ ਸੀ ਜਦੋਂ ਕਿ ਬਹੁਤ ਥੋੜ੍ਹੇ ਲੋਕ ਐਸੇ ਸਨ ਜੋ ਉਹਨਾਂ ਦੇ ਖਿਲਾਫ ਸਨ।

ਛੋਟੇ ਮੋਟੇ ਕੋਰੇ ਝੂਠ ਜੋ ਅਸੀਂ ਆਪਣੇ ਆਪ ਨੂੰ ਜਾਂ ਲੋਕਾਂ ਨੂੰ ਦੱਸਦੇ ਹਾਂ ਉਹਨਾਂ ਦਾ ਨੁਕਸਾਨ ਤਾਂ ਬਹੁਤ ਥੋੜ੍ਹਾ ਹੁੰਦਾ ਹੈ। ਪਰ ਜੇਕਰ ਅਸੀਂ ਲੂਣ ਗੁੰਨਣ ਲੱਗ ਪਈਏ ਤਾਂ ਭਾਂਡਾ ਫੁੱਟ ਜਾਂਦਾ ਹੈ। ਇਸੇ ਕਰਕੇ ਹੁਣ ਕਈ ਕੰਪਨੀਆਂ ਨੇ ਜ਼ਿਆਦਾ ਛਾਣ-ਬੀਣ ਕਰਨੀ ਸ਼ੁਰੂ ਕਰ ਦਿੱਤੀ ਹੈ। ਇਕ ਐਹੋ ਜਿਹੀ ਕੰਪਨੀ ਪਾਵਰਚੈਕਸ ਹੈ ਜਿਹਨੇ 3876 ਜੀ. ਵੀ. ਨੂੰ ਘੋਖਿਆ ਤਾਂ ਪਤਾ ਲੱਗਾ ਕਿ 17 ਪ੍ਰਤੀਸ਼ਤ ਸੀ. ਵੀ. ਝੂਠ ਨਾਲ ਭਰੀਆਂ ਪਈਆਂ ਸਨ। ਸੀ. ਵੀ. ਕਿਉਂਕਿ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਇਸ ਕਰਕੇ ਇਸ ਤੇ ਝੂਠ ਮੂਠ ਲਿਖਣਾ ਗੈਰ ਕਾਨੂੰਨੀ ਨਹੀਂ ਹੈ। ਦੂਜੇ ਪਾਸੇ ਇਹ ਵੀ ਗਲ ਹੈ ਕਿ ਜੇਕਰ ਝੂਠੀ ਸੀ. ਵੀ. ਦੇ ਆਧਾਰ ਤੇ ਤੁਹਾਨੂੰ ਨੌਕਰੀ ਮਿਲ ਜਾਂਦੀ ਹੈ ਤਾਂ ਤੁਹਾਡੇ ਤੇ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਨੌਕਰੀ ਤੋਂ ਛੁਟਕਾਰਾ ਹੋ ਸਕਦਾ ਹੈ।

ਲਾਈਜ਼! ਲਾਈਜ਼! ਲਾਈਜ਼! ਦੇ ਲੇਖਕ ਮਨੋਵਿਗਿਆਨਕ ਚਾਰਲਜ਼ ਫੋਰਡ ਦਾ ਕਹਿਣਾ ਹੈ ਕਿ ਤੁਹਾਨੂੰ ਘੱਟ ਤੋਂ ਘੱਟ ਝੂਠ ਬੋਲਣਾ ਚਾਹੀਦਾ ਹੈ, ਸਿਰਫ ਉਹਨਾਂ ਹਾਲਤਾਂ ਵਿਚ ਹੀ ਝੂਠ ਚਲ ਸਕਦਾ ਹੈ। ਜਦ ਤੁਹਾਨੂੰ ਵਾਕਿਆ ਹੀ ਕੁਝ ਫਾਇਦਾ ਹੁੰਦਾ ਹੋਵੇ। ਜੋ ਲੋਕ ਪੱਕੇ ਅਤੇ ਆਦੀ ਝੂਠੇ ਹੁੰਦੇ ਹਨ, ਉਹ ਆਪਣੇ ਆਪ ਨੂੰ ਝੂਠ ਬੋਲਣ ਤੋਂ ਰੋਕ ਨਹੀਂ ਸਕਦੇ ਅਤੇ ਫਿਰ ਫੜੇ ਵੀ ਜਾਂਦੇ ਹਨ। ਕੈਰੀ ਕੂਪਰ ਦਾ ਕਹਿਣਾ ਹੈ ਕਿ ਸਾਨੂੰ ਕੁੱਝ ਝੂਠ ਬਿਲਕੁਲ ਹੀ ਨਹੀਂ ਬੋਲਣੇ ਚਾਹੀਦੇ ਜਿਵੇਂ ਜਿਸ ਝੂਠ ਨਾਲ ਤੁਹਾਡਾ ਕੋਈ ਸਾਥੀ ਮੁਸ਼ਕਲ ਵਿਚ ਫਸ ਜਾਵੇ ਜਾਂ ਕਿਸੇ ਤੇ ਝੂਠਾ ਇਲਜ਼ਾਮ ਲਗਾ ਦੇਣਾ। ਇਹਨਾਂ ਗੱਲਾਂ ਤੇ ਨਤੀਜੇ ਬਾਅਦ ਵਿਚ ਬਹੁਤ ਬੁਰੇ ਨਿਕਲਦੇ ਹਨ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਹੁਣ ਤਾਂ ਥੋੜ੍ਹੀ ਦੇਰ ਲਈ ਫਾਇਦਾ ਹੋ ਸਕਦਾ ਹੈ ਪਰ ਇਹਦਾ ਬਾਅਦ ਵਿਚ ਤੁਹਾਡੇ ਤੇ ਬੜਾ ਭੈੜਾ ਅਸਰ ਪਵੇਗਾ।

ਉਹ ਲੋਕ ਤੁਹਾਡੇ ਤੋਂ ਬਦਲਾ ਲੈਣ ਦੀ ਠਾਣ ਸਕਦੇ ਹਨ ਜਾਂ ਤੁਹਾਡੇ ਨਾਲ ਕੰਮ ਕਰਨ ਤੋਂ ਇਨਕਾਰ ਕਰ ਸਕਦੇ ਹਨ ਜਾਂ ਤੁਹਾਡੀ ਭਵਿੱਖ ਵਿਚ ਕਦੇ ਵੀ ਮੱਦਦ ਨਹੀਂ ਕਰਨਗੇ। ਕੈਰੀ ਕੂਪਰ ਮਾਕਲ ਅਕਲ ਦਿੰਦਾ ਕਹਿੰਦਾ ਹੈ ਕਿ ਕੋਰਾ ਝੂਠ ਸ਼ਾਇਦ ਤੁਹਾਡੀ ਇਧਰ ਉਧਰ ਮੱਦਦ ਕਰ ਦੇਵੇ ਪਰ ਜਦ ਤੁਹਾਡੇ ਤੇ "ਝੂਠਾ ਹੋਣ" ਦਾ ਲੇਬਲ ਲੱਗ ਜਾਵੇ ਤਾਂ ਫਿਰ ਉਹਦਾ ਨੁਕਸਾਨ ਈ ਨੁਕਸਾਨ ਹੈ ਕਿਉਂਕਿ ਅਸੀਂ ਸਾਰੇ ਚਾਹੁੰਦੇ ਹਾਂ ਕਿ ਆਪਣੇ ਨਾਲ ਕੰਮ ਕਰਨ ਵਾਲੇ ਸਾਥੀਆਂ ਤੇ ਯਕੀਨ ਕੀਤਾ ਜਾਵੇ। ਅਗਰ ਤੁਹਾਡਾ ਝੂਠ ਫੜਿਆ ਜਾਂਦਾ ਹੈ ਤਾਂ ਉਹਨੂੰ ਉਸ ਵੇਲੇ ਮੰਨ ਕੇ ਉਹਦੇ ਬਾਰੇ ਵਿਖਿਆਨ ਦੇ ਦੇਣਾ ਚਾਹੀਦਾ ਹੈ ਤਾਂ ਕਿ ਤੁਹਾਡੀ ਹੋਰ ਪੁੱਛ ਗਿੱਛ ਨਾ ਹੋਵੇ। ਸਾਨੂੰ ਜ਼ਿੰਦਗੀ ਵਿਚ ਇਹ ਹੀ ਸਿਖਾਇਆ ਗਿਆ ਹੈ ਕਿ ਸੱਚੇ ਬੋਲਣਾ ਈ ਉੱਤਮ ਹੈ ਅਤੇ ਝੂਠ ਦੇ ਪੈਰ ਨਹੀਂ ਹੁੰਦੇ। ਝੂਠ ਇਕ ਨਾ ਇਕ ਦਿਨ ਪਕੜਿਆ ਜਾਂਦਾ ਹੈ। ਇਸ ਤੋਂ ਵੱਡੀ ਹੋਰ ਕੋਈ ਬੇਇਜ਼ਤੀ ਨਹੀਂ ਹੋ ਸਕਦੀ ਅਗਰ ਕੋਈ ਸਾਨੂੰ ਇਹ ਕਹਿ ਦੇਵੇ ਕਿ "ਉਹ ਤਾਂ ਹੈ ਈ ਝੂਠਾ।" ਛੋਟੀ ਮੋਟੀ ਬੇਈਮਾਨੀ ਅਤੇ ਝੂਠ ਭਾਵੇਂ ਤੁਹਾਨੂੰ ਸਫਲਤਾਵਾਂ ਦੀਆਂ ਬੁਲੰਦੀਆਂ ਵਿਚ ਸਹਾਇਤਾ ਕਰ ਦੇਵੇ। ਪਰ ਸੱਚ ਆਖਿਰ ਸੱਚ ਹੀ ਰਹਿੰਦਾ ਹੈ। ਇਹ ਵੀ ਠੀਕ ਹੈ ਕਿ ਅਗਰ ਥੋੜਾ ਮੋਟਾ ਝੂਠ ਅਗਰ ਕਿਸੇ ਦਾ ਨੁਕਸਾਨ ਨਹੀਂ ਕਰਦਾ ਤਾਂ ਉਹ ਬਰਦਾਸ਼ਤ ਕੀਤਾ ਜਾ ਸਕਦਾ ਹੈ। ਪਰ ਜੋ ਝੂਠ ਕਿਸੇ ਦੀ ਜ਼ਿੰਦਗੀ ਦੇ ਵਹਾਅ ਵਿਚ ਰੁਕਾਵਟ ਪੈਦਾ ਕਰ ਦੇਵੇ, ਉਹਦਾ ਨਤੀਜਾ ਕਦੇ ਵੀ ਸੁਖਾਵਾਂ ਨਹੀਂ ਹੋ ਸਕਦਾ। ਆਖਿਰ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਝੂਠ ਬੋਲਣਾ ਪਾਪ ਹੈ।

# ਯਾਦਾਂ ਦੇ ਝਰੋਖੇ 'ਚੋਂ...





**ਮੇਘ ਰਾਜ ਮਿੱਤਰ**
ਫੋਨ ਨੰ: 98887-87440

ਜੁਲਾਈ 2013 ਦੇ ਦੂਜੇ ਮਹੀਨੇ ਇੰਗਲੈਂਡ ਤੋਂ ਕੈਂਬਰਿਜ ਯੂਨੀਵਰਸਿਟੀ ਦਾ ਪ੍ਰੋਫੈਸਰ ਡਾ. ਜੈਕਬ ਕੋਪਮੈਨ ਮੇਰੇ ਕੋਲ ਬਰਨਾਲੇ ਆਇਆ ਅਤੇ ਕੁਝ ਦਿਨ ਸਾਡੇ ਕੋਲ ਠਹਿਰਿਆ। ਇਸ 35 ਕੁ ਵਰ੍ਹੇ ਦੇ ਅੰਗਰੇਜ ਨੇ ਦਿੱਲੀ ਦੀ ਇੱਕ ਪੰਜਾਬੀ ਵਿਧਵਾ ਲੜਕੀ ਨਾਲ ਵਿਆਹ ਕਰਵਾਇਆ ਹੋਇਆ ਹੈ ਜੋ ਇੰਗਲੈਂਡ ਵਿੱਚ ਹੀ ਨੌਕਰੀ ਕਰਦੀ ਹੈ। ਪ੍ਰੋਫੈਸਰ ਸਾਹਿਬ ਭਾਰਤ ਵਿੱਚ ਨਾਸਤਿਕਤਾ ਸੰਬੰਧੀ ਆਪਣੀ ਇੱਕ ਕਿਤਾਬ ਲਿਖ ਰਹੇ ਹਨ ਜਿਸ ਲਈ ਉਹਨਾਂ ਨੂੰ ਬ੍ਰਿਟੇਨ ਸਰਕਾਰ ਨੇ ਇੱਕ ਸਾਲ ਲਈ ਭਾਰਤ ਭੇਜਿਆ ਹੈ। ਇਸ ਕਾਰਜ ਲਈ ਉੱਥੋਂ ਦੀ ਸਰਕਾਰ ਨੇ ਕਰੋੜਾਂ ਰੁਪਏ ਖਰਚ ਕੀਤੇ ਹਨ। ਮੇਰੇ ਨਾਲ ਨਾਸਤਿਕਤਾ ਸਬੰਧੀ ਉਹਨਾਂ ਨੇ ਲੰਬੀ ਗੱਲਬਾਤ ਕੀਤੀ। ਬਹੁਤ ਹੀ ਅਜੀਬ ਤਰ੍ਹਾਂ ਦੇ ਵੱਖ-ਵੱਖ ਸੁਆਲ ਕੀਤੇ ਗਏ। ਉਹਨਾਂ ਨੇ ਇੱਕ ਵਾਰ ਫਿਰ ਪੰਜਾਬ ਆਉਣ ਦਾ ਵਾਅਦਾ ਵੀ ਕੀਤਾ।

ਘਰਾਂ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦਾ ਇੱਕ ਕੇਸ ਵੀ ਅਸੀਂ ਉਹਨਾਂ ਨੂੰ ਨਾਲ ਲੈ ਕੇ ਹੱਲ ਕੀਤਾ। ਇਸ ਕੰਮ ਲਈ ਅਸੀਂ ਲੁਧਿਆਣੇ ਗਏ। ਘਰ ਵਿੱਚ ਅੱਗ ਵੀ ਲੱਗਦੀ ਸੀ। ਸਿੰਧੂਰ ਤੇ ਲਿਪਸਟਿਕ ਨਾਲ ਕੰਧ ਉਪਰ ਚਿੰਨ ਵੀ ਬਣਦੇ ਸਨ। ਪ੍ਰੀਵਾਰ ਕੱਪੜੇ ਸਿਉਣ ਦਾ ਕੰਮ ਕਰਦਾ ਸੀ। ਇਸ ਲਈ ਲੋਕਾਂ ਦੇ ਵੀ ਬਹੁਤ ਸਾਰੇ ਕੱਪੜੇ ਕੱਟੇ ਗਏ ਸਨ। ਪ੍ਰੀਵਾਰ ਲੱਖਾਂ ਰੁਪਿਆ ਦਾ ਨੁਕਸਾਨ ਕਰਵਾ ਬੈਠਾ ਸੀ ਤੇ ਹੋਰ ਲੱਖਾਂ ਰੁਪਏ ਉਹਨਾਂ ਨੇ ਸਾਧਾਂ ਸਿਆਣਿਆਂ ਨੂੰ ਖੁਆ ਦਿੱਤੇ ਸਨ। ਮੇਰਾ ਮੰਨਣਾ ਹੈ ਕਿ ਅਜਿਹੇ ਪ੍ਰੀਵਾਰਾਂ ਵਿੱਚ ਤਰਕਸ਼ੀਲਾਂ ਦੀ ਇੱਕ ਫੇਰੀ ਹੀ ਸਦਾ ਲਈ ਘਟਨਾਵਾਂ ਬੰਦ ਕਰ ਦਿੰਦੀ ਹੈ। ਇਸ ਕੇਸ ਵਿੱਚ ਵੀ ਅਜਿਹਾ ਹੀ ਹੋਇਆ।

ਕੋਪਮੈਨ ਨੇ ਦੱਸਿਆ ਕਿ "ਇੰਗਲੈਂਡ ਵਿੱਚ ਹਰ ਨੁੱਕਰ ਤੇ ਚਰਚ ਖੁਲ੍ਹੇ ਹੋਏ ਹਨ ਪਰ ਉਹਨਾਂ ਵਿੱਚ ਜਾਣ ਵਾਲੇ ਵਿਰਲੇ ਹੀ ਹੁੰਦੇ ਹਨ ਕਿਉਂਕਿ ਲੋਕਾਂ ਨੂੰ ਪਤਾ ਹੈ ਕਿ ਰੱਬ ਚਰਚਾਂ, ਮੰਦਰਾਂ, ਗੁਰਦੁਆਰਿਆਂ ਵਿੱਚ ਨਹੀਂ ਰਹਿੰਦਾ। ਇੰਗਲੈਂਡ ਦੇ ਪੰਜਾਹ ਪ੍ਰਤੀਸ਼ਤ ਬੰਦੇ ਨਾਸਤਿਕ ਬਣ ਚੁੱਕੇ ਹਨ।" ਉਹਨਾਂ ਦਾ ਇਹ ਵੀ ਵਿਚਾਰ ਸੀ ਕਿ ਜਿਉਂ-ਜਿਉਂ ਅਨਪੜ੍ਹਤਾ ਘੱਟਦੀ ਜਾਂਦੀ ਹੈ ਤਾਂ ਲੋਕ ਅੰਧਵਿਸ਼ਵਾਸ਼ ਵੀ ਛੱਡਦੇ ਜਾਂਦੇ ਹਨ।

**ਵੀਜਾ ਭਗਵਾਨ:** ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਭਾਰਤ ਵਿੱਚ ਇੱਕ ਮੰਦਰ ਨੂੰ ਵੀਜਾ ਮੰਦਰ ਵੀ ਕਿਹਾ ਜਾਂਦਾ ਹੈ। ਇਥੇ ਲਾਈਨਾਂ ਵਿੱਚ ਭੀੜਾਂ ਅਜਿਹੇ ਸ਼ਰਧਾਲੂਆਂ ਦੀਆਂ ਜੁੜਦੀਆਂ ਹਨ ਜਿਹੜੇ ਬਾਹਰਲੇ ਦੇਸ਼ਾਂ ਦੇ ਵੀਜੇ ਲਗਵਾਉਣ ਦੇ ਚਾਹਵਾਨ ਹੁੰਦੇ ਹਨ। ਅਸਲ ਵਿੱਚ ਇਹ ਮੰਦਰ ਹਨੂੰਮਾਨ ਜੀ ਦਾ ਹੈ। ਭਾਰਤੀ ਮਿਥਿਹਾਸ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਹਨੂੰਮਾਨ ਜੀ ਅਜਿਹੇ ਪਹਿਲੇ ਭਾਰਤੀ ਵਸਨੀਕ ਸਨ ਜਿਹੜੇ ਕਿਸੇ ਬਾਹਰਲੇ ਦੇਸ਼ ਸ੍ਰੀ ਲੰਕਾ ਦੀ ਯਾਤਰਾ 'ਤੇ ਗਏ ਸਨ।

**ਈਨਾ ਵਾਜਵਾ:** ਤਹਿਸੀਲ ਸ਼ੇਰਪੁਰ ਦੇ ਨਜਦੀਕ ਇੱਕ ਪਿੰਡ ਇਨਾ ਵਾਜਵਾ ਹੈ। ਇਥੋ ਦੇ ਇੱਕ ਘਰ ਵਿੱਚ ਪਿਛਲੇ ਲੰਬੇ ਸਮੇਂ ਤੋਂ ਅੱਗ ਲੱਗਣ, ਚਿੱਠੀਆਂ ਡਿੱਗਣ, ਦੀਵੇ ਜੱਗਣ, ਘਰ ਦਾ ਰਸਦ ਪਾਣੀ ਗੁੰਮ ਹੋਣ ਦੀਆਂ ਘਟਨਾਵਾਂ ਵਾਪਰ ਰਹੀਆਂ ਸਨ। ਪ੍ਰੀਵਾਰ ਦੇ ਸੰਪਰਕ ਕਰਨ ਤੇ ਮੈਨੂੰ ਉਸ ਘਰ ਵਿੱਚ ਜਾ ਕੇ ਇਹ ਘਟਨਾਵਾਂ ਸਦਾ ਲਈ ਬੰਦ ਕਰਨੀਆਂ ਪਈਆਂ। ਪ੍ਰੀਵਾਰ ਦਾ ਮੁਖੀ ਕਹਿ ਰਿਹਾ ਸੀ "ਜੇ ਮੇਰੇ ਘਰ ਵਿੱਚ ਇਹ ਘਟਨਾਵਾਂ ਵਾਪਰਨੀਆਂ ਸ਼ੁਰੂ ਨਾ ਹੁੰਦੀਆਂ ਤਾਂ ਹੁਣ ਨੂੰ ਮੈਂ ਇੱਕ ਕੀਲਾ ਜਮੀਨ ਹੋਰ ਖ੍ਰੀਦ ਲਈ ਹੁੰਦੀ।" ਜਾਨੀ ਕਿ ਨੁਕਸਾਨ ਵੱਡਾ ਕਰਵਾ ਬੈਠੇ ਸਨ। ਤਰਕਸੀਲਾਂ ਦੇ ਘਰ ਵਿੱਚ ਪੈਰ ਪਾਉਣ ਨਾਲ ਹੀ ਘਟਨਾਵਾਂ ਤਾਂ ਸਦਾ ਲਈ ਬੰਦ ਹੋ ਹੀ ਜਾਂਦੀਆਂ ਹਨ ਸਗੋ ਪ੍ਰੀਵਾਰ ਦੀ ਸੋਚ ਵੀ ਵਿਗਿਆਨਕ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਹੇਠਾ ਨਿਘਾਰ ਵੱਲ ਜਾ ਰਹੇ ਪ੍ਰੀਵਾਰ ਤੱਰਕੀ ਕਰਨਾ ਸ਼ੁਰੂ ਕਰ ਦਿੰਦੇ ਹਨ।

**14 ਸਾਲਾਂ ਲੜਕੇ ਨੂੰ ਗੋਲੀ ਮਾਰ ਦਿੱਤੀ ਗਈ :** ਸੀਰੀਆ ਵਿੱਚ ਚਲਦੀਆਂ ਹਿੰਸਕ ਘਟਨਾਵਾਂ ਕਾਰਨ ਸਕੂਲ ਬੰਦ ਕਰ ਦਿੱਤੇ ਗਏ। ਇਸ ਲਈ ਮੁਹੰਮਦ ਕੱਤਾ ਨਾਂ ਦਾ 14 ਸਾਲਾਂ ਮੁੰਡਾ ਆਪਣੇ ਮਾਪਿਆਂ ਦੇ ਕੰਮ ਵਿੱਚ ਹੱਥ ਵਟਾ ਰਿਹਾ ਸੀ। ਇੱਕ ਵਿਅਕਤੀ ਨੇ ਉਸਨੂੰ ਮੁਫ਼ਤ ਵਿੱਚ ਕਾਫੀ ਪਿਲਾਉਣ ਲਈ ਕਿਹਾ ਤਾਂ ਉਸ ਲੜਕੇ ਨੇ ਹੱਸਦੇ ਹੋਏ ਜਵਾਬ ਦਿੱਤਾ ਕਿ "ਜੇ ਪੈਗੰਬਰ ਵੀ ਆ ਜਾਵੇ ਤਾਂ ਵੀ ਮੈਂ ਉਸਨੂੰ ਮੁਫ਼ਤ ਵਿੱਚ ਕਾਫੀ ਨਹੀਂ ਦੇਵਾਂਗਾ।" ਕੋਲ ਲੰਘਦੇ ਹੋਏ ਤਿੰਨ ਫੌਜੀਆਂ ਨੇ ਉਸ ਲੜਕੇ ਨੂੰ ਫੜ ਲਿਆ ਅਤੇ ਅੱਧੇ ਘੰਟੇ ਬਾਅਦ ਹੀ ਮੁੜ ਉਸ ਲੜਕੇ ਨੂੰ ਉਸੇ ਥਾਂ ਲਿਆ ਕੇ ਦੋ ਗੋਲੀਆਂ ਮਾਰ ਦਿੱਤੀਆਂ ਅਤੇ ਕਿਹਾ ਕਿ, "ਇਲਾਕੇ ਦੇ ਲੋਕੋਂ ਜੋ ਵੀ ਪੈਗੰਬਰ ਦਾ ਅਪਮਾਨ ਕਰੇਗਾ। ਸਰੀਆ ਮੁਤਾਬਕ ਉਸਨੂੰ ਵੀ ਗੋਲੀ ਮਾਰ ਦਿੱਤੀ ਜਾਵੇਗੀ।"

**ਨੋਹ ਦੀ ਕਿਸ਼ਤੀ :** ਇਸਾਈ ਧਾਰਮਿਕ ਪੁਸਤਕ ਅਨੁਸਾਰ ਨੋਹ ਦੀ ਕਿਸ਼ਤੀ ਦੀ ਲੰਬਾਈ 134 ਮੀਟਰ, ਚੌੜਾਈ 22.5 ਮੀਟਰ ਤੇ ਉਚਾਈ 13.1 ਮੀਟਰ ਸੀ। ਇਸ ਅਨੁਸਾਰ ਘਣਫ਼ਲ 39089.7 ਘਨਮੀਟਰ ਬਣ ਜਾਂਦਾ ਹੈ। ਜੀਵਾਂ ਦੀਆਂ ਕਿਸਮਾਂ 30 ਲੱਖ ਸਨ ਤੇ ਇਸ ਲਈ ਇਸਦੇ ਜੋੜਿਆ ਨੂੰ ਜੋੜ ਕੇ ਬਣੀ ਗਿਣਤੀ 6000000 ਅਤੇ ਇਸ ਵਿੱਚ ਨੋਹ ਦੇ "ਪਰਿਵਾਰਕ ਮੈਂਬਰ ਵੀ ਜੋੜ ਲਏ ਜਾਣ ਤਾਂ ਗਿਣਤੀ 60,00004 ਹੋ ਜਾਵੇਗੀ। ਹਰੇਕ ਦੇ ਹਿੱਸੇ ਆਈ ਥਾਂ = 39089.7/6000004

= 0.0065 ਘਣ ਮੀਟਰ = 65
10000 = 6500 ਘਣ ਸਮ.
ਇੱਕ ਜੀਵ ਦੇ ਹਿੱਸੇ = 6500 ਘਣ ਸਮ

**ਧਾਰਮਿਕ ਥਾਵਾਂ ਤੇ ਭਗਦੜ ਵਿੱਚ ਮਰੇ ਸ਼ਰਧਾਲੂ :**

1. ਅਲਾਹਾਬਾਦ ਵਿਖੇ ਕੁੰਭ ਮੇਲੇ 'ਤੇ 10 ਫਰਵਰੀ 2013 ਨੂੰ ਰੇਲਵੇ ਸਟੇਸ਼ਨ 'ਤੇ ਭਗਦੜ ਮੱਚ ਗਈ ਇਸ ਨਾਲ 36 ਲੋਕ ਥਾਂ 'ਤੇ ਮਰ ਗਏ।
2. ਉਤਰਾਖੰਡ ਵਿੱਚ ਕੇਦਾਰਨਾਥ ਦੇ ਅੰਦਰ ਦੇ ਰਾਮਵਾੜੇ ਵਿਖੇ ਮਰੇ ਸ਼ਰਧਾਲੂ ਸੱਤ ਹਜ਼ਾਰ ਦੇ ਲੱਗਭੱਗ।
3. ਹੱਜ 'ਤੇ ਗਏ ਸ਼ਰਧਾਲੂਆਂ ਵਿੱਚੋਂ ਮਰੇ 270 ਇਹ ਦੁਰਘਟਨਾ 23 ਮਈ 1994 ਨੂੰ ਉਸ ਸਮੇਂ ਵਾਪਰੀ ਜਦੋਂ ਵੀਹ ਲੱਖ ਲੋਕ ਕਾਬਾ ਵਿਖੇ ਸੈਤਾਨ ਨੂੰ ਪੱਥਰ ਮਾਰ ਰਹੇ ਸਨ।
4. ਮਹਾਰਾਸ਼ਟਰ ਮੰਧੇਰ ਦੇਵੀ ਦੇ ਮੰਦਰ ਦੀ ਦੁਰਘਟਨਾ ਵਿੱਚ ਮਰੇ ਸ਼ਰਧਾਲੂ 350 ਇਹ ਦੁਰਘਟਨਾ 26 ਜਨਵਰੀ 2005 ਨੂੰ ਵਾਪਰੀ।
5. 3 ਅਗਸਤ 2006 ਨੂੰ ਨੈਣਾ ਦੇਵੀ ਦੇ ਮੰਦਰ ਵਿੱਚ ਮੱਚੀ ਭਗਦੜ 160 ਸ਼ਰਧਾਲੂਆਂ ਨੂੰ ਨਿਗਲ ਗਈ।
6. 27 ਮਾਰਚ 2008 ਨੂੰ ਮੱਧ ਪ੍ਰਦੇਸ਼ ਦੇ ਪਿੰਡ ਕਰੀਲਾ ਮੰਦਰ ਵਿੱਚ ਵਾਪਰੀ ਦੁਰਘਟਨਾ ਵਿੱਚ 8 ਸ਼ਰਧਾਲੂ ਮਾਰੇ ਗਏ।
7. ਸਤੰਬਰ 2008 ਵਿੱਚ ਰਾਜਸਥਾਨ ਦੇ ਚਿਮੁੰਡਾ ਦੇਵੀ ਦੇ ਮੰਦਰ ਦੀ ਭਗਦੜ ਵਿੱਚ 120 ਸ਼ਰਧਾਲੂ ਕੁਚਲੇ ਗਏ।
8. 4 ਮਾਰਚ 2010 ਨੂੰ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਵਿੱਚ ਰਾਮ ਜਾਨਕੀ ਮੰਦਰ ਦੀ ਭਗਦੜ ਸਮੇਂ ਮਰੇ ਸ਼ਰਧਾਲੂ 63।

9. 14 ਜਨਵਰੀ, 2011 ਨੂੰ ਸਾਬਰੀਮਾਲਾ ਵਿਖੇ 106 ਸ਼ਰਧਾਲੂ ਮਾਰੇ ਗਏ।

10. 8 ਨਵੰਬਰ 2011 ਨੂੰ ਹਰਿਦੁਆਰ ਵਿਖੇ ਵਾਪਰੀ ਦੁਰਘਟਨਾ ਵਿੱਚ 22 ਵਿਅਕਤੀ ਕੁਚਲੇ ਗਏ।

**ਦੋ ਸਾਲ ਬਗੈਰ ਦਿਲ ਤੋਂ ਹੀ ਜਿਊਂਦਾ ਰਿਹਾ :** ਮੈਥਿਊ ਗਰੀਨ ਇੰਗਲੈਂਡ ਦਾ ਇੱਕ ਨਾਗਰਿਕ ਹੈ। ਉਸਦੀ ਉਮਰ ਹੈ 42 ਸਾਲ। ਉਸਨੇ ਦਿਲ ਤੋਂ ਬਗੈਰ ਰਹਿ ਕੇ ਦੋ ਸਾਲ ਦਾ ਰਿਕਾਰਡ ਕਾਇਮ ਕਰ ਦਿੱਤਾ ਹੈ। ਜੁਲਾਈ 2011 ਵਿੱਚ ਉਸਦਾ ਦਿਲ ਕੰਮ ਛੱਡ ਗਿਆ ਸੀ ਪਾਪਵਰਥ ਵਿਖੇ ਡਾਕਟਰਾਂ ਨੇ ਉਸਦੇ ਦਿਲ ਨੂੰ ਕੱਢ ਕੇ ਇੱਕ ਬਾਹਰੀ ਪੰਪ ਨਾਲ ਉਸਦੇ ਵਿੱਚ ਖੂਨ ਦਾ ਦੌਰਾ ਚਾਲੂ ਕਰਵਾ ਦਿੱਤਾ। ਇਹ ਪੰਪ ਇੱਕ ਟਰਾਲੀ ਤੇ ਰੱਖ ਦਿੱਤਾ ਗਿਆ। ਪੰਪ ਨੂੰ ਚਲਾਉਣ ਲਈ ਇੱਕ ਚਾਰਜ ਕੀਤੀ ਜਾ ਸਕਣ ਵਾਲੀ ਬੈਟਰੀ ਰੱਖ ਦਿੱਤੀ ਗਈ। ਗਰੀਨ ਨੂੰ ਡਾਕਟਰਾਂ ਨੇ ਦੱਸ ਦਿੱਤਾ ਸੀ ਕਿ, "ਇਹ ਪੰਪ ਤੈਨੂੰ ਦੋ ਸਾਲ ਤੱਕ ਹੀ ਜਿਉਂਦਾ ਰੱਖ ਸਕਦਾ ਹੈ। ਇਸ ਸਮੇਂ ਦੌਰਾਨ ਜਦੋਂ ਵੀ ਕੋਈ ਬਾਹਰੀ ਦਿਲ ਸਾਨੂੰ ਉਪਲਬਧ ਹੋ ਗਿਆ ਤਾਂ ਅਸੀਂ ਤੇਰੇ ਵਿੱਚ ਉਹ ਪਾ ਦੇਵਾਂਗੇ।" ਹੁਣ ਡਾਕਟਰਾਂ ਨੇ ਉਸਦੇ ਅੰਦਰ ਦਿਲ ਪਾ ਦਿੱਤਾ ਹੈ।



**ਮੌਤ ਤੋਂ 24 ਘੰਟੇ ਬਾਅਦ ਵੀ ਜਿਉਂਦੇ ਕੀਤੇ ਜਾ ਸਕਣਗੇ ਮ੍ਰਿਤਕ :** ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਸੇਮ ਪਰਨੀਆ ਨੇ ਕਿਹਾ ਹੈ ਕਿ ਅਸੀਂ ਛੇਤੀ ਹੀ ਮ੍ਰਿਤਕ ਵਿਅਕਤੀਆਂ ਨੂੰ ਮੌਤ ਦੇ 24 ਘੰਟੇ ਦੇ ਅੰਦਰ ਅੰਦਰ ਮੁੜ ਜੀਵਤ ਕਰਨ ਦੇ ਕਾਬਲ ਹੋ ਜਾਵਾਂਗੇ। ਅੱਜ ਇੰਗਲੈਂਡ ਵਿੱਚ ਰੋਗਾਂ ਕਾਰਨ ਹੋਈਆਂ ਮੌਤਾਂ ਵਿੱਚੋਂ 16% ਨੂੰ ਮੌਤ ਦੇ ਦੋ ਘੰਟੇ ਦੇ ਅੰਦਰ ਅੰਦਰ ਮੁੜ ਜੀਵਤ ਕਰ ਲਿਆ ਜਾਂਦਾ ਹੈ। ਡਾਕਟਰ ਪਰਨੀਆ ਦੇ ਹਸਪਤਾਲ ਵਿੱਚ ਅਜਿਹੀਆਂ ਮੌਤਾਂ ਵਿੱਚੋਂ 33% ਨੂੰ ਮੁੜ ਜੀਵਤ ਕਰ ਲਿਆ ਜਾਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅੱਜ 2013 ਵਿੱਚ ਹੋ ਰਹੀਆਂ ਮੌਤਾਂ ਨੂੰ ਮੁੜ ਜੀਵਤ ਕੀਤਾ ਜਾ ਸਕਦਾ ਹੈ। ਡਾਕਟਰ ਸੈਮ ਪਰਨੀਆ ਦੇ ਹਸਪਤਾਲ ਦਾ ਨਾਂ ਪਰਨੀਆ ਸਟੋਨੀ ਬਰੁੱਕ ਯੂਨੀਵਰਸਿਟੀ ਸਕੂਲ ਆਫ਼ ਮੈਡੀਸ਼ਨ ਹੈ।

**ਭੇਡ ਚਾਲ :** ਇੱਕ ਵਾਰ ਇੱਕ ਅਧਿਆਪਕ ਨੇ ਵਿਦਿਆਰਥੀ ਕੋਲੋਂ ਪੁੱਛਿਆ ਕਿ ਦੱਸ ਤੇਰੇ ਵਾੜੇ ਵਿੱਚ 15 ਭੇਡਾਂ ਹਨ। ਇੱਕ ਭੇਡ ਛਾਲ ਮਾਰ ਕੇ ਬਾਹਰ ਨਿਕਲ ਗਈ। ਪਿੱਛੇ ਕਿੰਨੀਆਂ ਭੇਡਾਂ ਬਚਣਗੀਆਂ ?

"ਮਾਸਟਰ ਜੀ ਕੋਈ ਵੀ ਨਹੀਂ"

"ਲਾਹਨਤ ਹੈ ਤੈਨੂੰ ਐਨਾ ਸੁਖਾਲਾ ਸੁਆਲ ਵੀ ਨਹੀਂ ਆਉਂਦਾ।"

ਵਿਦਿਆਰਥੀ ਨੇ ਕਿਹਾ, "ਮਾਸਟਰ ਜੀ ਮੈਨੂੰ ਗਣਿਤ ਆਉਂਦਾ ਹੈ ਪਰ ਤੁਹਾਨੂੰ ਭੇਡਾਂ ਦੀ ਮਾਨਸਿਕਤਾ ਨਹੀਂ ਆਉਂਦੀ। ਜਿੱਧਰ ਇੱਕ ਚਲੀ ਗਈ ਦੂਜੀਆਂ ਵੀ ਪਿੱਛੇ ਹੀ ਜਾਣਗੀਆਂ।

**ਮੰਜ਼ਲ :** ਧਰਮ ਇੱਕ ਅਜਿਹਾ ਰਾਸਤਾ ਹੈ ਕਿ ਹਰ ਯਾਤਰੀ ਆਪਣੇ ਆਪ ਨੂੰ ਮੰਜ਼ਲ ਦੇ ਨੇੜੇ ਪੁੱਜਿਆ ਮਹਿਸੂਸ ਕਰਦਾ ਹੈ ਪਰ ਇਸਦੀ ਮੰਜ਼ਲ ਹੁੰਦੀ ਹੀ ਨਹੀਂ।

**ਇੱਕ ਪਾਸਾ ਇਹ ਵੀ....**

ਅਮਰੀਕਾ ਵਿੱਚ ਪੈਂਤੀ ਲੱਖ ਲੋਕ ਬੇ-ਘਰੇ ਹਨ ਤੇ ਇੱਕ ਕਰੋੜ ਪਚਾਸੀ ਲੱਖ ਘਰ ਖਾਲੀ ਪਏ ਹਨ। ਇਸ ਤਰ੍ਹਾਂ ਸਰਮਾਏਦਾਰੀ ਲੋਕਾਂ ਦੀ ਬੇਬਸੀ ਦਾ ਮਜ਼ਾਕ ਉਡਾ ਕੇ ਸੁਆਦ ਲੈ ਰਹੀ ਹੈ।

## ਆਪ ਬੀਤੀ ਰਿਪੋਰਟ

## ਸੁਆਹ ਦੀ ਪੁੜੀ ਤੋਂ ਛੁਟਕਾਰਾ

ਇਸ ਸਮੇਂ ਮੇਰੀ ਉਮਰ 75 ਸਾਲ ਦੀ ਹੈ। ਇਹ ਕਹਾਣੀ ਮੇਰੇ ਸੱਤਵੀਂ ਜਮਾਤ ਵਿੱਚ ਪੜ੍ਹਨ ਵੇਲੇ ਦੀ ਹੈ। ਸ਼ੇਰਪੁਰ ਦਾ ਹਾਈ ਸਕੂਲ ਸਾਡੇ ਪਿੰਡ ਤੋਂ 6 ਕਿਲੋਮੀਟਰ ਦੀ ਵਿੱਥ 'ਤੇ ਹੈ। ਉਸ ਸਮੇਂ ਅਸੀਂ ਸਾਰੇ ਮੁੰਡੇ ਸਕੂਲ ਪੈਦਲ ਹੀ ਜਾਇਆ ਕਰਦੇ ਸੀ। ਦੋਵੇਂ ਪਿੰਡਾਂ ਵਿਚਕਾਰ ਇੱਕ ਸਾਧਾਂ ਦਾ ਡੇਰਾ ਹੁੰਦਾ ਸੀ। ਜਿਹੜਾ ਹੁਣ ਵੀ ਹੈ। ਇਸ ਸਮੇਂ ਇਸ ਵਿੱਚ ਸਾਧ ਕੋਈ ਨਹੀਂ ਹੈ। ਸਮੇਂ ਦੀ ਤਬਦੀਲੀ ਕਾਰਨ ਲੋਕਾਂ ਦਾ ਝੁਕਾ ਸਾਧਾਂ ਵੱਲ ਥੋੜ੍ਹਾ ਘਟਿਆ ਹੈ ਪਰ ਸਿੱਖੀ ਕਿਸਮ ਦੇ ਗੋਲ ਪੱਗਾਂ ਅਤੇ ਚਿੱਟੇ ਚੋਲਿਆਂ ਵਾਲਿਆਂ ਦੀ ਗਿਣਤੀ ਬਹੁਤ ਵੱਧ ਗਈ ਹੈ। ਉਸ ਸਮੇਂ ਡੇਰੇ ਵਿੱਚ ਚਾਰ ਪੰਜ ਸਾਧ ਰਹਿੰਦੇ ਹੁੰਦੇ ਸਨ। ਵੱਡੇ ਸਾਧ ਦਾ ਨਾਂ ਮੰਗਲ ਦਾਸ ਸੀ। ਜਿਸਦੇ ਲੰਬੀਆਂ ਲੰਬੀਆਂ ਜਟਾਂ ਸਨ। ਇਹ ਸਾਧ ਨੰਗੇ ਪਿੰਡੇ 'ਚ ਧੂਣੀਆਂ ਵਿੱਚ ਵੀ ਬੈਠਦਾ ਸੀ। ਮਗਰੋਂ ਆਖੰਡ ਪਾਠ ਵੀ ਕਰਵਾਉਂਦਾ ਸੀ। ਇਹ ਸਾਰੇ ਸਾਧ ਇੱਕ ਛਪਰ ਵਿੱਚ ਰਹਿੰਦੇ ਸਨ ਅਤੇ ਥੱਲੇ ਹੀ ਸੌਂਦੇ ਸਨ। ਇੱਕ ਰਾਤ ਵੱਡੇ ਸਾਧ ਦੀਆਂ ਜਟਾਂ ਵਿੱਚ ਇੱਕ ਜ਼ਹਿਰੀਲਾ ਸੱਪ ਵੜ ਗਿਆ। ਜਿਸਦੇ ਕੱਟਣ ਨਾਲ ਉਹ ਮਰ ਗਿਆ। ਇਸਤੋਂ ਮਗਰੋਂ ਹੌਲੀ ਹੌਲੀ ਦੂਸਰੇ ਸਾਧ ਵੀ ਭੁੱਖੇ ਮਰਦੇ ਕਿੱਧਰੇ ਚਲੇ ਗਏ। ਡੇਰਾ ਖਾਲੀ ਹੋ ਗਿਆ। ਸਕੂਲ ਪੈਦਲ ਜਾਣ ਨਾਲ ਅਸੀਂ ਰਸਤੇ ਵਿੱਚ ਆਪਣੀਆਂ ਆਪਣੀਆਂ ਕਿਤਾਬਾਂ ਖੋਲ੍ਹ ਕੇ ਪੜ੍ਹਦੇ ਰਹਿੰਦੇ ਸੀ ਅਤੇ ਚਲਦੇ ਵੀ ਰਹਿੰਦੇ ਸੀ। ਜਾਣ ਸਮੇਂ ਅਸੀਂ ਡੇਰੇ ਵਿੱਚ ਰੁਕਦੇ ਨਹੀਂ ਸੀ। ਵਾਪਸੀ ਸਮੇਂ ਇੱਕ ਘੰਟਾ ਜ਼ਰੂਰ ਰੁਕ ਜਾਂਦੇ ਸੀ। ਡੇਰੇ ਵਿੱਚ ਇੱਕ ਖੂਹੀ ਸੀ। ਜਿਸ ਵਿੱਚੋਂ ਬੋਕੇ ਨਾਲ ਪਾਣੀ ਕੱਢਕੇ ਕਿਆਰੀਆਂ ਨੂੰ ਲਾਉਂਦੇ ਸੀ। ਕੁਝ ਸਮੇਂ ਮਗਰੋਂ ਖੂਹੀ ਵਿੱਚ ਹਲਟੀ ਪਾਈ ਗਈ। ਇਸਨੂੰ ਮੁੰਡੇ ਹੀ ਗੇੜਦੇ ਸਨ। ਇਸ ਕੰਮ ਨੂੰ ਅੱਜ-ਕੱਲ੍ਹ ਕਾਰ ਸੇਵਾ ਕਿਹਾ ਜਾਂਦਾ ਹੈ। ਭਾਵ ਲੋਕਾਂ ਦੀ ਮੁਫ਼ਤ ਵਿੱਚ ਵੀ ਛਿਲ ਲਾਹ ਲੈਣੀ। ਸਕੂਲ ਦੇ ਸ਼ਲਾਨਾ ਇਮਤਿਹਾਨ ਆ ਗਏ। ਸਾਧ ਨੂੰ ਵੀ ਇਸਦਾ ਪਤਾ ਲੱਗ ਗਿਆ। ਉਸਨੇ ਸਾਡੇ ਤੇ ਆਪਣਾ ਪ੍ਰਭਾਵ ਪਾਉਣ ਵਾਸਤੇ ਸਾਨੂੰ ਸਾਰਿਆਂ ਨੂੰ ਸੁਆਹ ਦੀਆਂ ਪੁੜੀਆਂ ਮੰਤਰ ਕਰਕੇ ਦੇ ਦਿੱਤੀਆਂ। ਆਪਣੀ ਆਪਣੀ ਪੁੜੀ ਅਸੀਂ ਆਪਣੀ ਪੱਗ ਵਿੱਚ ਟੰਗ ਲਈ। ਇਮਤਿਹਾਨ ਚਲਦੇ ਰਹੇ।



ਇਮਤਿਹਾਨ ਦੇ ਦਿਨਾਂ ਵਿੱਚ ਹੀ ਇੰਦਰ ਸਿੰਘ ਖਾਮੋਸ਼ ਸਾਡੇ ਘਰ ਹੇੜੀਕੇ ਆ ਗਏ। ਇਹ ਮੇਰੇ ਸਕੇ ਭਰਾ ਹਨ। ਇੱਕ ਦਿਨ ਮੈਂ ਬਾਹਰ ਵਾਲੇ ਘਰ ਨਹਾਉਣ ਲੱਗਾ ਤਾਂ ਪੱਗ ਉਤਾਰਨ ਸਮੇਂ ਪੁੜੀ ਥੱਲੇ ਡਿੱਗ ਪਈ। ਖਾਮੋਸ਼ ਜੀ ਕੋਲ ਹੀ ਮੰਜੇ 'ਤੇ ਬੈਠੇ ਸਨ। ਕੁਝ ਥੱਲੇ ਡਿੱਗਿਆ ਦੇਖ ਕੇ ਪੁੱਛਣ ਲੱਗੇ ਕਿ ਇਹ ਕੀ ਹੈ ਤਾਂ ਮੈਂ ਪੁੜੀ ਵਾਲੀ ਸਾਰੀ ਕਹਾਣੀ ਉਨ੍ਹਾਂ ਨੂੰ ਸੁਣਾ ਦਿੱਤੀ। ਕਹਿਣ ਲੱਗੇ ਕਿ ਇਹ ਪੁੜੀ ਮੈਨੂੰ ਫੜਾ ਦੇ। ਮੈਂ ਪੁੜੀ ਖਾਮੋਸ਼ ਜੀ ਦੇ ਹੱਥ 'ਚ ਦੇ ਦਿੱਤੀ। ਪੁੜੀ ਫੜਦਿਆਂ ਹੀ ਉਨ੍ਹਾਂ ਨੇ ਦੂਰ ਸੁੱਟ ਦਿੱਤੀ। ਜਿਹੜੀ ਕਿ ਹਵਾ ਵਿੱਚ ਹੀ ਖੁੱਲ੍ਹ ਕੇ ਉਡ ਗਈ। ਉਹ ਕਹਿਣ ਲੱਗੇ "ਆਪਣੇ ਉਪਰ ਵਿਸ਼ਵਾਸ ਪੈਦਾ ਕਰ।" ਇਹ ਸੁਣਕੇ ਮੈਂ ਉਨ੍ਹਾਂ ਦਾ ਬਹੁਤ ਧੰਨਵਾਦ ਕੀਤਾ। ਇਹ ਵੀ ਦੱਸਿਆ ਕਿ ਪੁੜੀ ਸੰਭਾਲਣ ਵਾਸਤੇ ਮੈਨੂੰ ਬਹੁਤ ਮੁਸ਼ਕਲ ਆ ਰਹੀ ਸੀ। ਇਹ ਪਹਿਲੀ ਘਟਨਾ ਸੀ ਜਿਸ ਨਾਲ ਮੇਰੀ ਤਰਕਸ਼ੀਲਤਾ ਦੀ ਸ਼ੁਰੂਆਤ ਹੋਈ। ਮੈਂ ਸੱਤਵੀਂ ਜਮਾਤ ਵਿੱਚ ਚੰਗੇ ਨੰਬਰ ਲੈ ਕੇ ਪਾਸ ਹੋ ਗਿਆ ਸੀ। ਕੁੱਝ ਮੁੰਡੇ ਫੇਲ੍ਹ ਵੀ ਹੋ ਗਏ ਜਦਕਿ ਮੰਤਰ ਵਾਲੀਆਂ ਪੁੜੀਆਂ ਸਾਧ ਨੇ ਸਾਰਿਆਂ ਨੂੰ ਹੀ ਦਿੱਤੀਆਂ ਸਨ। ਇਸਤੋਂ ਮਗਰੋਂ ਮੈਂ ਕਿਸੇ ਸਾਧ ਤੋਂ ਪੁੜੀ ਤਾਂ ਕੀ ਲੈਣੀ ਸੀ ਮੈਂ ਅੱਜ ਤੱਕ ਕਦੇ ਸੁਖ ਵੀ ਨਹੀਂ ਸੁਖੀ। ਕਈ ਲੋਕ ਕਹਿਣਗੇ ਕਿ ਮੁਸੀਬਤ ਸਮੇਂ ਰੱਬ ਯਾਦ ਆਉਂਦਾ ਹੈ ਹੁਣ ਤੱਕ ਮੇਰੇ ਤੇ ਮੁਸ਼ਬਿਤਾਂ ਤਾਂ ਬਹੁਤ ਆਈਆਂ ਜਿਹੜੀਆਂ ਕਿ ਮੇਰੀਆਂ ਆਪਣੀਆਂ ਹੀ ਸਹੇੜੀਆਂ ਹੋਈਆਂ ਸਨ ਇਨ੍ਹਾਂ ਦਾ ਜ਼ਿਕਰ ਮੈਂ ਅਗਲੇ ਲੇਖ ਵਿੱਚ ਕਰਾਂਗਾ।



- ਮੇਵਾ ਸਿੰਘ ਹੇੜੀਕੇ, ਪਿੰਡ ਤੇ ਡਾਕ : ਹੇੜੀਕੇ, ਨੇੜੇ ਸ਼ੇਰਪੁਰ,
ਜ਼ਿਲ੍ਹਾ : ਸੰਗਰੂਰ, ਫੋਨ ਨੰ: 01675-277178

# ਮਨੁੱਖ ਜਾਤੀ ਲਈ ਕਿਤੇ ਸਰਾਪ ਤਾਂ ਨਹੀਂ ਬਣ ਰਹੀਂ ਮੋਬਾਈਲ ਫ਼ੋਨ ਸੇਵਾਂ

**ਸੁਖਮੰਦਰ ਸਿੰਘ ਤੂਰ**

ਮੋਬਾਈਲ ਫ਼ੋਨ ਅੱਜ ਮਨੁੱਖੀ ਜ਼ਿੰਦਗੀ ਦਾ ਇਕ ਅਟੁੱਟ ਹਿੱਸਾ ਬਣ ਗਿਆ ਹੈ। ਜਿੱਥੇ ਕੁਝ ਲੋਕਾਂ ਲਈ ਇਹ ਇਕ ਲੋੜੀਂਦਾ ਸਾਧਨ ਹੈ ਤਾਂ ਦੂਜੇ ਲੋਕਾਂ ਲਈ 'ਸਟੇਟਸ ਸਿੰਬਲ' ਵੀ। ਹਾਲੇ ਕੁਝ ਸਾਲ ਪਹਿਲਾਂ ਤੱਕ ਇਹ ਸਿਰਫ਼ ਫ਼ੋਨ ਦਾ ਹੀ ਕੰਮ ਕਰਦਾ ਸੀ, ਪਰ ਹੁਣ ਨਵੀਆਂ-ਨਵੀਆਂ ਤਕਨੀਕਾਂ ਦੇ ਸ਼ਾਮਲ ਹੋਣ ਨਾਲ ਇਹ 'ਮਿਲੇਨੀਅਮ ਦਾ ਪ੍ਰਬੰਧਕ' ਸਾਬਤ ਹੋ ਚੁੱਕਾ ਹੈ।

ਜਦ ਕਿਸੇ ਬਹੁ-ਉਪਯੋਗੀ ਉਪਕਰਣ ਦੀ ਖੋਜ ਹੁੰਦੀ ਹੈ ਤਾਂ ਫਿਰ ਉਸ ਨਾਲ ਜੁੜੇ ਲਾਭ/ਨੁਕਸਾਨ, ਮਨੁੱਖੀ ਸਿਹਤ 'ਤੇ ਇਸ ਦੇ ਅਸਰ ਆਦਿ ਨਾਲ ਸਬੰਧਤ ਵਿਗਿਆਨਕ ਖੋਜਾਂ ਵੀ ਸ਼ੁਰੂ ਹੋ ਜਾਂਦੀਆਂ ਹਨ। ਇਸ ਵੇਲੇ ਇਹ ਇਕ ਖਾਸ ਸੋਧ/ਖੋਜ ਦਾ ਵਿਸ਼ਾ ਬਣਿਆ ਹੋਇਆਂ ਹੈ ਕਿ ਮੋਬਾਈਲ ਫ਼ੋਨ 'ਚੋਂ ਨਿਕਲਣ ਵਾਲੀਆਂ ਬਰੀਕ ਤਰੰਗੀ ਵਿਕਿਰਨਾਂ ਮਨੁੱਖੀ ਦਿਮਾਗ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਤਾਂ ਨਹੀਂ ਪਹੁੰਚਾਉਂਦੀਆਂ ? ਵਾਸ਼ਿੰਗਟਨ ਯੂਨੀਵਰਸਿਟੀ ਵੱਲੋਂ ਕੀਤੀਆਂ ਖੋਜਾਂ ਦੇ ਮੁਤਾਬਕ ਇਨ੍ਹਾਂ ਵਿਕਿਰਨਾਂ 'ਚ ਮਨੁੱਖੀ ਦਿਮਾਗ ਦੇ ਡੀ. ਐੱਨ. ਏ. ਨੂੰ 50 ਪ੍ਰਤੀਸ਼ਤ ਤੱਕ ਨਸ਼ਟ ਕਰਨ ਦੀ ਸਮਰੱਥਾ ਹੁੰਦੀ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਬਾਰੀਕ ਤਰੰਗੀ ਵਿਕਿਰਨਾਂ ਦੇ ਵਜੋਂ ਮਨੁੱਖੀ ਦਿਮਾਗ ਦੇ ਟਿਸ਼ੂਜ਼ ਸੜਦੇ ਹਨ ਅਤੇ ਕੁਝ ਸਮੇਂ ਬਾਅਦ ਇਹ ਸੈੱਲਾਂ ਆਦਿ 'ਚ ਬਦਲ ਕੇ ਦਿਮਾਗ ਨੂੰ ਭਾਰੀ ਹਾਨੀ ਦਿੰਦੇ ਹਨ। ਮੋਬਾਈਲ ਫ਼ੋਨ ਤੋਂ ਹੋਣ ਵਾਲੇ ਰੋਗਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਬ੍ਰਿਟੇਨ ਸਮੇਤ ਦੁਨੀਆਂ ਦੇ ਕੋਈ 14 ਦੇਸ਼ਾਂ ਨੇ ਇੰਟਰ ਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ ਨਾਲ ਮਿਲ ਕੇ ਖੋਜ਼ ਕਾਰਜ ਸ਼ੁਰੂ ਕਰ ਦਿੱਤੇ ਹਨ। ਸਵੀਡਨ ਵਿਚ ਵੀ ਅਜਿਹੀਆਂ ਖੋਜਾਂ ਚੱਲ ਰਹੀਆਂ ਹਨ। ਫਰਾਂਸ ਦੇ ਸਿਹਤ ਮਾਹਿਰਾਂ ਨੇ ਤਾਂ ਮੋਬਾਈਲ ਫ਼ੋਨ ਵਰਤਣ ਨਾਲ ਹੋਣ ਵਾਲੇ ਖ਼ਤਰਿਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਲੱਕ ਹੀ ਬੰਨ੍ਹ ਲਿਆ ਹੈ। ਵਿਸ਼ਵ ਸਿਹਤ ਸੰਸਥਾ ਨੇ ਮੋਬਾਈਲ ਫ਼ੋਨ ਕਾਰਨ ਹੋਣ ਵਾਲੇ 'ਬਰੇਨ ਟਿਊਮਰ' ਦੀ ਸੰਭਾਵਨਾ ਦੇ ਪ੍ਰੀਖਣ ਲਈ ਬੜੀ ਵੱਡੀ ਸੋਧ ਯੋਜਨਾ ਬਣਾਈ ਹੈ। ਇਸ ਤੋਂ ਪਹਿਲਾਂ ਸਵੀਡਨ ਦੇ ਸਰੀਰਕ ਮਾਹਿਰਾਂ ਨੇ ਖੋਜ ਦੇ ਦੋਰਾਨ ਇਹ ਵੇਖਿਆ ਸੀ ਕਿ ਮੋਬਾਈਲ ਫ਼ੋਨ ਨਾਲ 'ਬਰੇਨ ਟਿਊਮਰ' ਦਾ ਖ਼ਤਰਾ 70 ਤੋਂ 80 ਪ੍ਰਤੀਸ਼ਤ ਵਧ ਜਾਂਦਾ ਹੈ। ਇਸ ਦੇ ਵਾਰ-ਵਾਰ ਸਵਿੱਚ-ਆਨ ਆਫ਼ ਕਰਨ 'ਤੇ ਇਸ ਵਿੱਚੋਂ ਜੋ ਵਿਕਿਰਨਾਂ ਪੈਦਾ ਹੁੰਦੀਆਂ ਹਨ, ਉਹ ਦਿਮਾਗ 'ਤੇ ਬੇਹੱਦ ਮਾੜਾ ਅਸਰ ਪਾਉਂਦੀਆਂ ਹਨ।



ਸਿਹਤ 'ਤੇ ਪੈਣ ਵਾਲੇ ਮਾੜੇ ਅਸਰਾਂ ਬਾਰੇ ਹੁਣ ਤਕ ਹੋਈਆਂ ਖੋਜਾਂ ਤੋਂ ਪਤਾ ਲੱਗਾ ਹੈ ਕਿ ਇਸ ਦਾ ਸਭ ਤੋਂ ਵੱਧ ਮਾੜਾ ਅਸਰ ਦਿਲ 'ਤੇ ਪੈਂਦਾ ਹੈ। ਇਸ ਵਿਚੋਂ ਨਿਕਲਣ ਵਾਲੀਆਂ ਤਰੰਗਾਂ ਨਾਲ ਦਿਲ ਦੇ ਦੌਰੇ ਜਿਹੀ ਔਖੀ ਘੜੀ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

ਹਾਲਾਂਕਿ ਇਨ੍ਹਾਂ ਦੋਹਾਂ ਰੋਗਾਂ-ਬਰੇਨ ਟਿਊਮਰ ਦੇ ਦਿਲ ਦੇ ਦੌਰੇ ਬਾਰੇ ਫ਼ਿਲਹਾਲ ਅਜੇ ਵਿਵਾਦ ਹੈ। 'ਜਨਰਲ ਆਫ਼ ਅਮਰੀਕਨ ਮੈਡੀਕਲ ਐਸੋਸ਼ੀਏਸ਼ਨ' ਦੁਆਰਾ ਤਿੰਨ ਸਾਲ ਤੇ ਉਸ ਤੋਂ ਘੱਟ ਸਮੇਂ 'ਚ ਮੋਬਾਈਲ ਫ਼ੋਨ ਇਸਤੇਮਾਲ ਕਰਨ ਵਾਲੇ ਲੋਕਾਂ 'ਤੇ ਖੋਜ ਕੀਤੀ ਗਈ, ਜਿਸ ਦੇ ਮੁਤਾਬਕ ਇਸ ਫ਼ੋਨ ਦਾ ਬਰੇਨ ਟਿਊਮਰ ਅਤੇ ਦਿਲ ਦੇ ਦੋਰੇ ਨਾਲ ਕੋਈ ਸਿੱਧਾ ਸਬੰਧ ਨਹੀ। ਦੂਸਰੇ ਪਾਸੇ ਕੁਝ ਖੋਜਾਂ ਤੋਂ ਇਹ ਨਤੀਜਾ ਨਿਕਲਿਆਂ ਹੈ ਕਿ ਮੋਬਾਈਲ ਫ਼ੋਨ ਨਾਲ ਦੋਹਾਂ 'ਚੋਂ ਕੋਈ ਵੀ ਰੋਗ ਹੋ ਸਕਦਾ ਹੈ।

ਇਸ ਤੋਂ ਇਲਾਵਾ ਕੁਝ ਖੋਜਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਅੱਖਾਂ 'ਚ ਹੋਣ ਵਾਲੀ 'ਮੋਤੀਆਂ ਬਿੰਦ' ਦੀ ਪ੍ਰੇਸ਼ਾਨੀ ਦਾ ਕਾਰਨ ਵੀ ਇਹ ਫ਼ੋਨ ਬਣ ਰਿਹਾ ਹੈ। ਸਵੀਡਨ ਦੇ ਸਿਹਤ ਮਾਹਿਰਾਂ ਨੇ 10,000 'ਮੋਤੀਆਂ ਬਿੰਦ' ਦੇ ਸ਼ਿਕਾਰ ਲੋਕਾਂ 'ਤੇ ਪ੍ਰੀਖਣ ਕਰਕੇ ਇਹ ਸਿੱਟਾ ਕੱਢਿਆ ਹੈ। ਜ਼ਿਆਦਾਤਰ ਲੋਕਾਂ ਨੂੰ ਸਰੀਰਕ ਥਕਾਵਟ, ਸਿਰ ਪੀੜ ਤੇ ਚਮੜੀ ਆਦਿ ਸਬੰਧੀ ਸ਼ਿਕਾਇਤਾਂ ਦਾ ਕਾਰਨ ਵੀ ਮੋਬਾਈਲ ਫ਼ੋਨ ਸਮਝਿਆ ਜਾ ਰਿਹਾ ਹੈ।

ਜ਼ਿਆਦਾ ਮੋਬਾਈਲ ਫ਼ੋਨ ਵਰਤਣ ਨਾਲ ਭੁੱਲਣ ਦੀ ਆਦਤ ਵੀ ਪੈ ਸਕਦੀ ਹੈ, ਜਿਹੜੀ ਕਿ ਇਕ ਤਰ੍ਹਾਂ ਦੀ ਭੈੜੀ ਆਦਤ ਜਾਂ ਵਿਕਾਰ ਕਿਹਾ ਜਾ ਸਕਦਾ ਹੈ। ਇੰਗਲੈਂਡ ਦੇ ਖੋਜ ਕਰਤਾਵਾਂ ਨੇ ਹਾਲ ਹੀ ਵਿਚ ਕੀਤੀ ਖੋਜ 'ਚੋਂ ਇਹ ਨਤੀਜਾ ਕੱਢਿਆ ਹੈ ਕਿ ਇਸ ਦੇ ਜ਼ਿਆਦਾ ਵਰਤਣ ਨਾਲ ਕੁਝ ਸਮੇਂ ਬਾਅਦ ਦਿਮਾਗ ਸਾਧਾਰਣ ਕੰਮ ਦੀਆਂ ਗੱਲਾਂ ਵੀ ਚੇਤੇ ਨਹੀਂ ਰੱਖ ਸਕਦਾ। ਕਈ ਵਿਕਸਤ ਦੇਸ਼ਾ 'ਚ ਤਾਂ ਮੋਬਾਇਲ ਤੋਂ ਹੋਣ ਵਾਲੇ ਖ਼ਤਰਿਆਂ ਆਦਿ ਨੂੰ ਰੋਕਣ ਲਈ ਉਪਾਅ ਵੀ ਸ਼ੁਰੂ ਕਰ ਦਿੱਤੇ ਹਨ। ਇੰਗਲੈਂਡ 'ਚ ਮੋਬਾਈਲ ਫ਼ੋਨ ਤੋਂ ਹੋਣ ਵਾਲੇ ਖ਼ਤਰਿਆਂ ਪ੍ਰਤੀ ਲੋਕਾਂ ਨੂੰ ਸੁਚੇਤ ਕਰਨ ਲਈ ਉਥੋਂ ਦੀ ਸਰਕਾਰ ਨੇ ਇਕ ਟਾਕਸ ਫ਼ੋਰਸ ਤਕ ਬਣਾ ਦਿੱਤੀ ਹੈ। ਸਾਡੇ ਦੇਸ਼ 'ਚ ਵੀ ਮੋਬਾਈਲ ਫ਼ੋਨ ਦੇ ਸਿਹਤ 'ਤੇ ਪੈਣ ਵਾਲੇ ਮਾੜੇ ਅਸਰਾਂ ਬਾਰੇ ਲੋਕਾਂ 'ਚ ਚੇਤਨਤਾ ਆਉਣ ਲੱਗੀ ਹੈ। ਵਿਦੇਸ਼ਾਂ 'ਚੋਂ ਮਿਲ ਰਹੀਆਂ ਖ਼ਬਰਾਂ ਦੇ ਮੁਤਾਬਕ ਉਥੇ ਮੋਬਾਈਲ ਫੋਨਾਂ 'ਤੇ ਚਿਤਾਵਨੀ ਠੀਕ ਉਸੇ ਤਰ੍ਹਾਂ ਲਿਖੀ ਹੋਵੇਗੀ ਜਿਵੇਂ ਸ਼ਰਾਬ/ਤੰਬਾਕੂ ਆਦਿ ਦੇ ਪੈਕ 'ਤੇ ਲਿਖੀ ਮਿਲਦੀ ਹੈ। ਬਾਕੀ ਚਿਤਾਵਨੀ ਲਿਖਣ ਨਾਲ ਵੀ ਗੱਲ ਬਣਨ ਵਾਲੀ ਨਹੀਂ ਹੈ, ਕਿਉਂਕਿ ਇਹ ਸਥਾਈ ਹੱਲ ਨਹੀਂ ਹੈ। ਪ੍ਰਭਾਵੀ ਹੱਲ ਲਈ ਅਜਿਹੇ ਤਰੀਕੇ ਖੋਜਣੇ ਹੋਣਗੇ, ਜਿਸ ਨਾਲ ਇਹ ਸੇਵਾ ਸਾਡੇ ਲਈ ਵਰਦਾਨ ਸਾਬਤ ਹੋਵੇ ਨਾ ਕਿ ਸਰਾਪ।

# ਡਾਕਟਰ ਕ੍ਰਿਸਟੀਅਨ ਬਰਨਾਰਡ ਨਾਲ ਇੱਕ ਇੰਟਰਵਿਊ

ਦੱਖਣੀ ਅਫ਼ਰੀਕਾ ਦਾ ਮਹਾਨ ਸਰਜਨ ਜਿਸਨੇ ਦੁਨੀਆਂ ਦਾ ਪਹਿਲਾ ਦਿਲ ਬਦਲਿਆ ਸੀ ਦਸੰਬਰ 1997 ਵਿੱਚ ਭਾਰਤ ਆਇਆ ਸੀ। ਮੈਗਜ਼ੀਨ ਫਰੰਟਲਾਈਨ ਦੇ ਐਡੀਟਰ ਐਨ ਰਾਮ ਨੇ ਉਸ ਨਾਲ ਅੰਗ ਬਦਲੀ ਦੀਆਂ ਮੁੱਖ ਸਮੱਸਿਆਵਾਂ ਬਾਰੇ ਲੰਬੀ ਗੱਲਬਾਤ ਕੀਤੀ ਸੀ। ਉਸ ਗੱਲਬਾਤ ਦਾ ਮੁੱਖ ਸਾਰ ਅੰਸ਼ ਅਸੀਂ ਵਿਗਿਆਨ ਜੋਤ ਵਿੱਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

**ਡਾਕਟਰ ਸਾਹਿਬ** : ਇਹ ਦੱਸੋ ਕਿ ਹੁਣ ਜਦੋਂ ਕਿ ਵਧੀਆ ਤੋਂ ਵਧੀਆ ਦਵਾਈਆਂ ਬਾਜ਼ਾਰ ਵਿੱਚ ਆ ਗਈਆਂ ਹਨ ਫਿਰ ਵੀ ਅੰਗ ਬਦਲੀ ਦੇ ਬਹੁਤੇ ਯਤਨ ਅਸਫ਼ਲ ਕਿਉਂ ਹੋ ਰਹੇ ਹਨ?

ਸਮੱਸਿਆ ਇਹ ਹੈ ਕਿ ਸਰੀਰ ਦੀ ਪ੍ਰਤੀ ਰੱਖਿਆ ਸ਼ਕਤੀ ਇਹ ਪਹਿਚਾਣ ਲੈਂਦੀ ਹੈ ਕਿ ਜੋ ਅੰਗ ਮੇਰੇ ਸਰੀਰ ਵਿੱਚ ਪਾਇਆ ਜਾ ਰਿਹਾ ਹੈ ਉਹ ਬੇਗਾਨਾ ਹੈ। ਇਹ ਉਸ ਨਾਲ ਲੜਾਈ ਸ਼ੁਰੂ ਕਰ ਦਿੰਦੀ ਹੈ। ਹੌਲੀ ਹੌਲੀ ਉਸਨੂੰ ਨਸ਼ਟ ਕਰਨਾ ਸ਼ੁਰੂ ਕਰ ਦਿੰਦੀ ਹੈ। ਸਾਨੂੰ ਸਰੀਰ ਦੇ ਅੰਗ ਤੇ ਇਸ ਹਮਲੇ ਨੂੰ ਪਛਾੜਨਾ ਪੈਂਦਾ ਹੈ। ਤੁਸੀਂ ਇਸ ਤੋਂ ਬਗੈਰ ਹੋਰ ਕੁਝ ਕਰ ਹੀ ਨਹੀਂ ਸਕਦੇ। ਜੇ ਤੁਸੀਂ ਇਸ ਯਤਨ ਨੂੰ ਛੱਡ ਦੇਵੋਗੇ ਤਾਂ ਸਰੀਰ ਹਫ਼ਤੇ ਵਿੱਚ ਹੀ ਉਸ ਅੰਗ ਨੂੰ ਰੱਦ ਕਰ ਦੇਵੇਗਾ ਅਤੇ ਆਪਣਾ ਕੰਮ ਕਰਨ ਤੋਂ ਜਵਾਬ ਦੇ ਦੇਵੇਗਾ।

**ਪ੍ਰਸ਼ਨ** : ਹੁਣ ਦਿਲ ਅਤੇ ਗੁਰਦਿਆਂ ਦੀ ਬਦਲੀ ਦੇ ਅਪਰੇਸ਼ਨ ਤਾਂ ਆਮ ਹੀ ਹੋ ਰਹੇ ਹਨ ਪਰ ਜਿਗਰ ਬਦਲਣ ਦੇ ਯਤਨ ਘੱਟ ਕਿਉਂ ਹੋ ਰਹੇ ਹਨ?

**ਐਨ ਰਾਮ** : ਫੇਫੜਿਆਂ ਦੀ ਬਦਲੀ ਬਾਰੇ ਵੀ ਚਾਨਣਾ ਪਾਓ।

**ਡਾਕਟਰ ਕ੍ਰਿਸਟੀਅਨ** : ਅੱਜ ਕੱਲ੍ਹ ਅਜਿਹਾ ਘੱਟ ਹੋ ਰਿਹਾ ਹੈ ਕਿਉਂਕਿ ਉਹ ਫੇਫੜਿਆਂ ਦੀ ਰੱਦ ਹੋਣ ਵਾਲੀ ਪ੍ਰਕ੍ਰਿਆ ਨੂੰ ਮਾਨੀਟਰ ਕਰਨ ਤੋਂ ਡਾਕਟਰ ਅਸਮਰੱਥ ਹੁੰਦੇ ਹਨ। ਇਸ ਲਈ ਫੇਫੜਿਆਂ ਦੀ ਬਦਲੀ ਘੱਟ ਹੋ ਰਹੀ ਹੈ।

**ਪ੍ਰਸ਼ਨ** : ਕੀ ਪੈਂਕਰੀਆ ਦਾ ਕੁਝ ਭਾਗ ਜਾਂ ਪੂਰਾ ਹੀ ਪੈਂਕਰੀਆ ਬਦਲਿਆ ਜਾ ਸਕਦਾ ਹੈ।

ਅਜਿਹੇ ਯਤਨ ਚੱਲ ਰਹੇ ਹਨ।

**ਪ੍ਰਸ਼ਨ** : ਕੀ ਅਜਿਹਾ ਸਭ ਕੁਝ ਸਰੀਰ ਦੇ ਬਾਹਰੀ ਅੰਗਾਂ ਨੂੰ ਰੱਦ ਕਰਨ ਦੀ ਪ੍ਰਕਿਰਿਆ ਕਰਕੇ ਹੀ ਹੁੰਦਾ ਹੈ?

ਮੁੱਖ ਸਮੱਸਿਆ ਇਹ ਹੈ ਕਿ ਅਸੀਂ ਸਰੀਰ ਦੀ ਪ੍ਰਤੀ ਰੱਖਿਆ ਪ੍ਰਣਾਲੀ ਵੱਲੋਂ ਬਾਹਰੀ ਅੰਗਾਂ ਨੂੰ ਰੱਦ ਕਰਨ ਦੀ ਪ੍ਰਕਿਰਿਆ ਨੂੰ ਰੋਕ ਨਹੀਂ ਸਕਦੇ ਅਸੀਂ ਇਸ ਪ੍ਰਕਿਰਿਆ ਨੂੰ ਹੌਲੀ ਤਾਂ ਕਰ ਸਕਦੇ ਹਾਂ ਪਰ ਖਤਮ ਨਹੀਂ ਕਰ ਸਕਦੇ। ਜਦੋਂ ਹੀ ਬਾਹਰੀ ਅੰਗ ਲਾਇਆ ਜਾਂਦਾ ਹੈ ਸਰੀਰ ਉਸੇ ਸਮੇਂ ਉਸਨੂੰ ਰੱਦ ਕਰਨ ਦਾ ਯਤਨ ਸ਼ੁਰੂ ਕਰ ਦਿੰਦਾ ਹੈ। ਜੇ ਅਸੀਂ ਇਸ ਪ੍ਰਕਿਰਿਆ ਨੂੰ ਹੌਲੀ ਕਰਕੇ ਘੱਟ ਤੋਂ ਘੱਟ ਕਰ ਦਿੰਦੇ ਹਾਂ ਤਾਂ ਅਸੀਂ ਸਫ਼ਲ ਹੋ ਜਾਂਦੇ ਹਾਂ।

**ਪ੍ਰਸ਼ਨ** : ਰਾਬਰਟ ਜਾਰਵਿਕ ਦੀ ਖੋਜ ਤੋਂ ਤੁਸੀਂ ਜਾਣੂ ਹੋ। ਉਸਦੇ ਮਰੀਜ਼ ਬਾਰਨੀ ਕਲਾਰਕ 112 ਦਿਨ ਤੱਕ ਜਿਉਂਦਾ ਰਿਹਾ ਜਿਹੜਾ ਤੁਹਾਡੇ ਪਹਿਲੇ ਮਰੀਜ਼ ਨਾਲੋਂ ਜ਼ਿਆਦਾ ਸਮਾਂ ਸੀ। ਕੀ ਹੋਇਆ ਕਿਉਂ ਉਸਦਾ ਨਕਲੀ ਦਿਲ ਕੰਮ ਕਰਨਾ ਬੰਦ ਕਰ ਗਿਆ?

ਬਾਰਨੀ ਕਲਾਰਕ ਇੱਕ ਅਜਿਹੀ ਮਸ਼ੀਨ ਨਾਲ ਬੰਨ੍ਹਿਆ ਹੋਇਆ ਸੀ ਜਿਹੜੇ ਟਿਊਬਾਂ ਵਾਲੇ ਪੁਰਾਣੇ ਟੈਲੀਵਿਜ਼ਨ ਨਾਲੋਂ ਵੱਡੀ ਸੀ। ਜਦੋਂ ਕਿਤੇ ਉਸਨੇ ਬਾਹਰ ਘੁੰਮਣ ਜਾਣਾ ਹੁੰਦਾ ਤਾਂ ਉਸਨੂੰ ਇੱਕ ਟੈਕਸੀ ਅਤੇ ਟੈਕਨੀਸੀਅਨ ਨਾਲ ਲੈ ਜਾਣਾ ਪੈਂਦਾ। ਮੈਂ ਅਜਿਹੀ ਸਰਜਰੀ ਨਹੀਂ ਕਰਦਾ ਕਿ ਤੁਹਾਡੀ ਜ਼ਿੰਦਗੀ ਹੀ ਅਪਾਹਜਾਂ ਵਰਗੀ ਹੋ ਜਾਵੇ। ਮੈਂ ਅਜੇ ਵੀ ਇਸ ਗੱਲ ਵਿੱਚ ਯਕੀਨ ਕਰਦਾ ਹੈ ਕਿ ਤੁਸੀਂ ਮਰੀਜ਼ ਨੂੰ ਅਜਿਹੀ ਜ਼ਿੰਦਗੀ ਬਖਸ਼ੋ ਕਿ ਜੋ ਗੁਣਾਤਮਕ ਪੱਖੋਂ ਵਧੀਆ ਹੋਵੇ। ਜਿਉਂਦੇ ਰਹਿਣ ਦਾ ਵਕਫਾ ਜ਼ਰੂਰੀ ਨਹੀਂ, ਜ਼ਰੂਰੀ ਹੈ ਗੁਣਾਤਮਕ ਜ਼ਿੰਦਗੀ।

ਪ੍ਰਸ਼ਨ : ਕੀ ਭਵਿੱਖ ਵਿੱਚ ਨਕਲੀ ਦਿਲ ਦਾ ਕੋਈ ਭਵਿੱਖ ਨਹੀਂ ਤੁਸੀਂ ਜਾਣਦੇ ਹੋ ਕਿ ਬਣਾਵਟੀ ਅੰਗਾਂ ਨੂੰ ਸਿਰਫ਼ ਕੱਚੇ ਤੌਰ 'ਤੇ ਵਰਤਿਆ ਜਾ ਰਿਹਾ ਹੈ। ਇਹ ਅਸਫ਼ਲਤਾ ਹੈ। ਅੱਜ ਕੱਲ੍ਹ ਇਸ ਦੀ ਕੋਈ ਥਾਂ ਨਹੀਂ।

**ਪ੍ਰਸ਼ਨ** : ਤੁਸੀਂ ਅੰਗ ਬਦਲੀ ਦੇ ਲੰਬੇ ਇੰਤਜ਼ਾਰ ਦਾ ਜਿਕਰ ਆਪਣੇ ਭਾਸ਼ਣ ਵਿੱਚ ਕੀਤਾ ਹੈ। ਅਮਰੀਕਾ ਵਿੱਚ 47000 ਵਿਅਕਤੀ ਅੰਗ ਬਦਲੀ ਦਾ ਇੰਤਜਾਰ ਕਰ ਰਹੇ ਹਨ ਇਨ੍ਹਾਂ ਵਿੱਚੋਂ ਕੁਝ ਇੰਤਜ਼ਾਰ ਕਰਦੇ ਕਰਦੇ ਮਰ ਵੀ ਗਏ ਹੋਣਗੇ। ਤੁਸੀਂ ਅੰਗ ਦਾਨੀਆਂ ਦੀ ਘਾਟ ਦਾ ਜ਼ਿਕਰ ਕੀਤਾ ਹੈ। ਇਸਦਾ ਕੀ ਮਤਲਬ ਹੈ?

ਇਸਦੇ ਕਈ ਕਾਰਨ ਹਨ। ਪਹਿਲਾਂ ਇਹ ਹੈ ਕਿ ਅਸੀਂ ਮਨੁੱਖੀ ਅੰਗ ਹੀ ਵਰਤ ਸਕਦੇ ਹਾਂ ਜਾਨਵਰਾਂ ਦੇ ਨਹੀਂ। ਦੂਸਰਾ ਕਾਰਨ ਹੈ ਕਿ ਅੰਗਦਾਨੀ ਦੀ ਮੌਤ ਹਸਪਤਾਲ ਵਿੱਚ ਹੀ ਹੋਣੀ ਚਾਹੀਦੀ ਹੈ। ਜੇ ਕੋਈ ਦੁਰਘਟਨਾ ਵਿੱਚ ਜਖਮੀ ਹੋ ਜਾਂਦਾ ਹੈ ਤੇ ਰਸਤੇ ਵਿੱਚ ਉਸਦੀ ਮੌਤ ਹੋ ਜਾਂਦੀ ਹੈ। ਅਸੀਂ ਉਸਦੇ ਅੰਗਾਂ ਨੂੰ ਵਰਤੋਂ ਵਿੱਚ ਨਹੀਂ ਲਿਆ ਸਕਦੇ ਕਿਉਂਕਿ ਅੰਗਾਂ ਵਿੱਚ ਖੂਨ ਦੇ ਥੱਕੇ ਜੰਮ ਜਾਂਦੇ ਹਨ। ਤੀਸਰਾ ਜ਼ਰੂਰੀ ਕਾਰਨ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ। ਸਾਨੂੰ ਅੰਗਦਾਨੀਆਂ ਦੇ ਰਿਸ਼ਤੇਦਾਰਾਂ ਦਾ ਸਹਿਯੋਗ ਚਾਹੀਦਾ ਹੈ। ਅਗਲਾ ਕਾਰਨ ਹੈ ਕਿ ਅੰਗਦਾਨੀ ਹਸਪਤਾਲ ਦੇ ਕਿਸੇ ਹੋਰ ਵਾਰਡ ਵਿੱਚ ਹੁੰਦਾ ਹੈ। ਉਹ ਦਿਮਾਗੀ ਸਰਜਰੀ ਦੇ ਵਾਰਡ ਵਿੱਚ ਹੁੰਦਾ ਹੈ। ਉਥੋਂ ਦੇ ਸਰਜਨਾਂ ਨੂੰ ਉਸਦੇ ਅੰਗਾਂ ਦੀ ਲੋੜ ਨਹੀਂ ਹੁੰਦੀ ਇਸ ਲਈ ਉਹ ਸਹਿਯੋਗ ਨਹੀਂ ਕਰਦੇ ਕਿਉਂਕਿ ਇਸਦਾ ਸੇਹਰਾ ਤਾਂ ਦਿਲ ਦੇ ਸਰਜਨਾਂ ਨੂੰ ਮਿਲਣਾ ਹੈ। 1994 ਤੱਕ ਭਾਰਤ ਵਿੱਚ ਦਿਮਾਗੀ ਮੌਤ ਨੂੰ ਭਾਰਤੀ ਕਾਨੂੰਨ ਵਿੱਚ ਕੋਈ ਮਾਨਤਾ ਨਹੀਂ ਸੀ। ਹੁਣ ਸਾਡੇ ਕੋਲ ਇਸ ਸਬੰਧੀ ਕੇਂਦਰੀ ਬਿੱਲ ਹੈ ਮਨੁੱਖੀ ਅੰਗਾਂ ਦੀ ਬਦਲੀ ਦਾ ਐਕਟ 1994 ਬਹੁਤ ਸਾਰੇ ਰਾਜਾਂ ਨੇ ਇਹ ਆਪਣੇ ਸੂਬਿਆਂ ਵਿੱਚ ਲਾਗੂ ਵੀ ਕਰ ਦਿੱਤਾ ਹੈ ਅਤੇ ਬਹੁਤ ਸਾਰੇ ਅੰਗ ਬਦਲੀ ਵੀ ਹੋਏ ਹਨ ਤੇ ਦਿਲ ਦੀ ਬਦਲੀ ਵੀ ਹੋਈ ਹੈ।




ਕਾਨੂੰਨ ਇਸ ਕਰਕੇ ਬਣਿਆ ਕਿ ਮਨੁੱਖੀ ਅੰਗਾਂ ਦੀ ਖਰੀਦੋ ਫਰੋਖ਼ਤ ਸ਼ੁਰੂ ਹੋ ਗਈ ਸੀ ਇਨ੍ਹਾਂ ਵਿੱਚ ਗੁਰਦਿਆਂ ਦੀ ਵਿਕਰੀ ਵੀ ਸਾਮਿਲ ਸੀ। ਚੇਨਾਈ ਤਾਂ ਦੁਨੀਆਂ ਵਿੱਚ ਮੁੱਲ ਵਿਕਦੇ ਗੁਰਦਿਆਂ ਲਈ ਪ੍ਰਸਿੱਧ ਹੋ ਗਿਆ। ਇਹ ਸੁਖਾਵੀਆਂ ਗੱਲਾਂ ਨਹੀਂ ਸਨ ਤੁਸੀਂ ਲੋਕਾਂ ਨੂੰ ਅਣਆਈ ਮੌਤ ਮਰਨ ਨਹੀਂ ਦੇ ਸਕਦੇ। ਦੱਖਣੀ ਅਫ਼ਰੀਕਾ ਵਿੱਚ ਤੁਸੀਂ ਅਜਿਹਾ ਨਹੀਂ ਕਰ ਸਕਦੇ। ਉਥੇ ਅੰਗਾਂ ਦਾ ਵਪਾਰ ਗੈਰ ਕਾਨੂੰਨੀ ਹੈ। ਸਾਡੇ ਤਾਂ ਖੂਨ ਵੀ ਨਹੀਂ ਵਿਕਦਾ। ਹਰ ਜਗ੍ਹਾ ਦਾਨੀ ਹੀ ਉਪਲਬਧ ਹੁੰਦੇ ਹਨ। ਮੈਂ ਭਾਰਤ ਵਿੱਚ ਅਜਿਹੇ ਸਰਜਨ ਨੂੰ ਸੁਣਿਆ ਹੈ ਜੋ ਕਿਸੇ ਗਰੀਬ ਬਾਰੇ ਗੱਲ ਕਰਦਾ ਸੀ। ਇਹ ਗਰੀਬ ਆਪਣੇ ਪੁੱਤਰ ਨੂੰ ਪੜ੍ਹਾਉਣ ਲਈ ਆਪਣਾ ਗੁਰਦਾ ਵੇਚਣਾ ਚਾਹੁੰਦਾ ਸੀ। ਤੁਸੀਂ ਆਪਣੇ ਗੁਰਦੇ ਦੀ ਤਰ੍ਹਾਂ ਦਿਲ ਤਾਂ ਵੇਚ ਨਹੀਂ ਸਕਦੇ। ਇੱਥੇ ਭਾਰਤ ਵਿੱਚ ਬੱਚੇ ਭੁੱਖ ਨਾਲ ਮਰ ਰਹੇ ਹਨ। ਇਸ ਲਈ ਮੈਂ ਉਸ ਆਦਮੀ ਦੇ ਇਸ ਤਰ੍ਹਾਂ ਸੋਚਣ ਨਾਲ ਹਮਦਰਦੀ ਰੱਖਦਾ ਹਾਂ। ਉਸਦਾ ਕੰਮ ਇੱਕ ਗੁਰਦੇ ਨਾਲ ਵੀ ਚੱਲ ਸਕਦਾ ਹੈ।

**ਪ੍ਰਸ਼ਨ** : ਕੁਝ ਦੇਸ਼ਾਂ ਵਿੱਚ ਅਜਿਹਾ ਕਾਨੂੰਨ ਹੈ ਕਿ ਜੇ ਕਿਸੇ ਦੀ ਮੌਤ ਐਕਸੀਡੈਂਟ ਵਿੱਚ ਹੋ ਜਾਂਦੀ ਹੈ ਤਾਂ ਇਹ ਮੰਨ ਲਿਆ ਜਾਵੇ ਕਿ ਅੰਗਦਾਨ ਲਈ ਉਸਦੀ ਸਹਿਮਤੀ ਹੈ? ਮੈਂ ਸੋਚਦਾ ਹਾਂ ਕਿ ਇਹ ਕਾਨੂੰਨ ਠੀਕ ਹੈ।

ਜਾਨਵਰਾਂ ਦੇ ਅੰਗ ਮਨੁੱਖਾਂ ਵਿੱਚ ਲਾਉਣ ਬਾਰੇ ਤੁਹਾਡਾ ਕੀ ਖਿਆਲ ਹੈ?

ਮੈਂ ਸੋਚਦਾ ਹਾਂ ਕਿ ਭਵਿੱਖ ਵਿੱਚ ਅਜਿਹਾ ਹੋ ਜਾਵੇਗਾ। ਜਿਹੜੀ ਸਮੱਸਿਆਵਾਂ ਮੈਡੀਕਲ ਸਰਜਰੀ ਵਿੱਚ ਅੱਜ ਹਨ ਉਹ ਭਵਿੱਖ ਵਿੱਚ ਹਰ ਹਾਲਤ ਘੱਟ ਹੋ ਜਾਣਗੀਆਂ। ਮੈਨੂੰ ਉਮੀਦ ਹੈ ਜੇਨੈਟਿਕ ਇੰਜਨੀਅਰਿੰਗ ਤੇ ਮਾਲੀਕਿਊਲਰ ਸਟਰਕਚਰ ਰਾਹੀਂ ਅਜਿਹਾ ਹੋ ਸਕੇਗਾ। ਇਸ ਨਾਲ ਅੰਗਦਾਨੀਆਂ ਦੀ ਘਾਟ ਦੀ ਸਮੱਸਿਆ ਵੀ ਹੱਲ ਹੋ ਜਾਣ ਦੀ ਸੰਭਾਵਨਾ ਹੈ।

**– ਮੇਘ ਰਾਜ ਮਿੱਤਰ**

# ਆਮ ਗਿਆਨ ਦਾ ਭੜੋਲਾ?



**ਹੇਮ ਰਾਜ ਗਰਗ**
ਮੋਬ: 94172-23670

ਅੱਜ ਦਾ ਵਿਦਿਆਰਥੀ ਤੇਜ਼ੀ ਨਾਲ ਬਦਲ ਰਹੇ ਅਤੇ ਸਖ਼ਤ ਮੁਕਾਬਲਿਆਂ ਭਰਪੂਰ ਦੌਰ ਵਿੱਚ ਗੁਜਰ ਰਿਹਾ ਹੈ। ਦੂਜੇ ਪਾਸੇ ਹਰੇਕ ਮਾਂ-ਪਿਓ ਆਪਣੇ ਬੱਚੇ ਨੂੰ ਭੱਦਰ ਪੁਰਖ ਬਣਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥ ਕੰਡੇ ਵਰਤਣ ਲਈ ਹਰ ਸਮੇਂ ਤਤਪਰ ਰਹਿੰਦਾ ਹੈ। ਗੁਣ ਉਭਾਰਣ ਦੀਆਂ ਅਜਿਹੀਆਂ ਕੋਸ਼ਿਸ਼ਾਂ ਤਹਿਤ ਆਮ ਗਿਆਨ ਦੀ ਪਰਪੱਕਤਾ ਅਤਿਅੰਤ ਜ਼ਰੂਰੀ ਹੈ। ਸ਼ਬਦ ਆਮ ਗਿਆਨ, ਜਿਤਨਾ ਸਾਧਾਰਨ ਅਤੇ ਸੁਖਾਲਾ ਪ੍ਰਤੀਤ ਹੁੰਦਾ ਉਤਨਾਂ ਹੀ ਇਹ ਕਈ ਗੁਣਾਂ ਵੱਧ ਡੂੰਘੇ ਅਤੇ ਫੈਲੇ ਹੋਏ ਅਰਥਾਂ ਵਾਲਾ ਹੈ। ਆਮ ਤੌਰ ਤੇ ਇਸਨੂੰ 'ਕਰੰਟ ਅਫੇਅਰਜ਼' ਅਤੇ 'ਜਰਨਲ ਨੌਲਿਜ਼' ਦਾ ਰੂਪ ਹੀ ਸਮਝਿਆ ਜਾਂਦਾ ਹੈ ਅਤੇ ਬਹੁਤਾ ਕਰਕੇ ਤਿੰਨੇ ਇੱਕ ਦੂਜੇ ਦੀ ਖਾਨਾ ਪੂਰਤੀ ਲਈ ਨਿਰਸੰਕੋਚ ਵਰਤੋਂ ਵਿੱਚ ਲਿਆਂਦੇ ਜਾਂਦੇ ਹਨ। ਪਰ ਇਹ ਅਣ-ਉਚਿਤ ਹੈ। 'ਕਰੰਟ ਅਫੇਅਰਜ਼' ਤਾਜ਼ਾ ਤਰੀਮ ਅਤੇ ਰੋਜ਼ਾਨਾ ਭਖਦੇ ਮਸਲਿਆਂ ਨਾਲ ਸੰਬੰਧਤ ਹੁੰਦੇ ਹਨ। ਵਾਤਾਵਰਣ ਵਿੱਚ ਪਲ-ਪਲ ਨਵੀਆਂ ਸੁਖਦਾਇਕ ਜਾਂ ਦੁਖਦਾਇਕ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਸ ਗਰੁੱਪ ਦੇ ਪ੍ਰਸ਼ਨ ਉਨ੍ਹਾਂ ਦੀ ਜਾਣਕਾਰੀ ਅਤੇ ਪੜਚੋਲ ਹਿੱਤ ਹੁੰਦੇ ਹਨ। ਨਿਸ਼ਚੇ ਹੀ ਅਜਿਹੇ ਮਸਲਿਆਂ ਪ੍ਰਤੀ ਸੁਚੇਤ ਰਹਿਣਾ ਹਰੇਕ ਵਿਦਿਆਰਥੀ ਦਾ ਪਹਿਲਾ ਫ਼ਰਜ਼ ਹੋਣਾ ਚਾਹੀਦਾ ਹੈ। ਯਕੀਨਨ ਹੀ ਕੁਝ ਸਮਾਂ ਬੀਤਣ ਮਗਰੋਂ ਅਜਿਹੇ ਮਸਲੇ ਅਖ਼ਬਾਰਾਂ ਦੇ ਮੁੱਖ ਸ਼ੀਰਸ਼ਾਂ, ਟੀ.ਵੀ. ਦੇ ਪ੍ਰੋਗਰਾਮਾਂ ਜਾਂ ਆਮ ਜਨਤਾ ਦੀ ਖੁੰਢ ਚਰਚਾ ਦਾ ਵਿਸ਼ਾ ਨਹੀਂ ਰਹਿੰਦੇ। ਇਨ੍ਹਾਂ ਦੀ ਥਾਂ ਨਵੀਆਂ ਘਟਨਾਵਾਂ ਅਤੇ ਪ੍ਰਸ਼ਨ 'ਕਰੰਟ ਅਫੇਅਰਜ਼' ਬਣ ਜਾਂਦੇ ਹਨ। ਇਨ੍ਹਾਂ ਦਾ ਧੁੰਦਲਾ ਬਿੰਬ ਕੁਝ ਸਮੇਂ ਲਈ ਦਿਮਾਗਾਂ ਤੇ ਰਹਿ ਜਾਂਦਾ ਹੈ। ਬੀਤ ਚੁੱਕੇ 'ਕਰੰਟ ਅਫੇਅਰਜ਼' 'ਜਰਨਲ ਨੌਲਿਜ' ਦੇ ਪ੍ਰਸ਼ਨਾਂ ਦੇ ਗਰੁੱਪ ਦਾ ਹਿੱਸਾ ਬਣ ਜਾਂਦੇ ਹਨ।

ਜਰਨਲ ਨੌਲਿਜ਼ ਸੰਬੰਧੀ ਪ੍ਰਸ਼ਨ ਅੱਜ ਕੱਲ ਸੌਖੇ ਜਾਂ ਔਖੇ, ਛੋਟੇ ਜਾਂ ਵੱਡੇ ਹਰੇਕ ਪੱਧਰ ਦੇ ਮੁਕਾਬਲੇ ਦੇ ਪੇਪਰ ਦਾ ਹਿੱਸਾ ਬਣਦੇ ਹਨ। ਇਸ ਵੰਨਗੀ ਅਧੀਨ ਬੀਤ ਚੁੱਕੇ ਪੁਰਾਣੇ ਤੱਥ, ਸਦੀਆਂ ਪੁਰਾਣੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਵੇਰਵੇ, ਦੇਸ਼ ਅਤੇ ਪ੍ਰਦੇਸ਼ਾਂ ਵਿੱਚ ਸਥਾਨਾਂ ਦੀਆਂ ਦੂਰੀਆਂ, ਮੀਨਾਰਾਂ ਅਤੇ ਪਹਾੜਾਂ ਦੀਆਂ ਉਚਾਈਆਂ, ਜੇਤੂ ਖਿਡਾਰੀਆਂ ਦੇ ਨਾਉਂ, ਸਾਇੰਸ ਅਤੇ ਗਣਿਤ ਦੇ ਫਾਰਮੂਲੇ, ਗੀਨੀਜ਼ ਬੁੱਕ ਆਫ਼ ਰੀਕਾਰਡ ਵਿੱਚ ਦਰਜ ਅੰਕੜਿਆਂ ਆਦਿ ਨਾਲ ਸੰਬੰਧਤ ਪ੍ਰਸ਼ਨ ਹੁੰਦੇ ਹਨ ਜਿਵੇਂ ਗੇਟ-ਵੇ-ਆਫ਼ ਇੰਡੀਆ ਕਿਉਂ ਬਣਵਾਇਆ ਗਿਆ? ਮਾਊਂਟ ਐਵਰੈਸਟ ਦੀ ਉਚਾਈ ਕਿੰਨੀ ਹੈ? ਭਾਰਤ ਵਿੱਚ ਸਭ ਤੋਂ ਲੰਬਾ ਰੇਲਵੇ ਸਟੇਸ਼ਨ ਕਿਹੜਾ ਹੈ? ਸਤਲੁਜ ਕੰਡੇ ਰੋਪੜ ਨੇੜੇ ਮਹਾਰਾਜਾ ਰਣਜੀਤ ਸਿੰਘ ਨਾਲ ਕਿਹੜੇ ਅੰਗਰੇਜ਼ ਅਧਿਕਾਰੀ ਨੇ ਸਮਝੌਤਾ ਕੀਤਾ ਸੀ। 'ਗੋਦਾਨ' ਦਾ ਲੇਖਕ ਕੌਣ ਸੀ?

ਅਜਿਹੇ ਪ੍ਰਸ਼ਨਾਂ ਲਈ ਸਮੇਂ ਦੀ, ਵਿਸ਼ੇ ਦੀ ਜਾਂ ਦੇਸ਼ ਦੀਆਂ ਸੀਮਾਵਾਂ ਦੀ ਕੋਈ ਸੀਮਾ ਨਿਸ਼ਚਿਤ ਨਹੀਂ ਹੁੰਦੀ। ਕਹਿਣ ਨੂੰ ਤਾਂ ਅਜਿਹੇ ਪ੍ਰਸ਼ਨ ਸੀਮਤ ਸਿਲੇਬਸ ਦੀਆਂ ਨਿਰਧਾਰਤ ਕਿਤਾਬਾਂ ਤੋਂ ਭਿੰਨ ਹੁੰਦੇ ਹਨ ਪਰ ਇੱਕੜ-ਦੁੱਕੜ ਨੂੰ ਛੱਡ ਕੇ ਇਹ ਸਿਲੇਬਸ ਨਾਲ ਰਲਦੇ ਮਿਲਦੇ ਹੀ ਹੁੰਦੇ ਹਨ। ਇਨ੍ਹਾਂ ਪ੍ਰਸ਼ਨਾਂ ਨੂੰ 'ਜਰਨਲ ਨੌਲਿਜ਼' ਦੀ ਨਿਸਬਤ 'ਰੱਟਾ ਗਿਆਨ' ਜਾਂ 'ਦੀਰਘ ਸਮੇਂ ਦੀ ਯਾਦ ਸ਼ਕਤੀ' ਦੀ ਪਰਖ ਕਰਨ ਵਾਲੇ ਪ੍ਰਸ਼ਨ ਕਹਿਣਾ ਵੱਧ ਢੁੱਕਵਾਂ ਹੈ। ਇਸ ਤਰ੍ਹਾਂ ਉਪਰੋਕਤ ਤਰਕਸ਼ੀਲਤਾ ਦੇ ਆਧਾਰ ਤੇ ਕਿਸੇ ਭੁਲੇਖੇ ਬਗੈਰ ਇਹ ਨਤੀਜਾ ਨਿਸ਼ਚਿਤ ਕਰ ਸਕਦੇ ਹਾਂ ਕਿ 'ਕਰੰਟ ਅਫੇਅਰਜ਼' ਕਿਸੇ ਨਵੀਂ ਅਤੇ ਜਰਨਲ ਨੌਲਿਜ ਕਿਸੇ ਵਾਪਰ ਚੁੱਕੀ ਘਟਨਾ ਨਾਲ ਸਬੰਧਤ ਹਨ ਅਤੇ ਇਸ ਤਰ੍ਹਾਂ ਦੇ ਪ੍ਰਸ਼ਨ ਸੁੱਤੇ ਸਿੱਧ ਨਹੀਂ ਸਿੱਖੇ ਜਾ ਸਕਦੇ।

ਇੱਕ ਹੋਰ ਕਿਸਮ ਦੇ ਪ੍ਰਸ਼ਨ ਇਨ੍ਹਾਂ ਦੋਹਾਂ ਕਿਸਮਾਂ ਤੋਂ ਰਚਨਾ ਅਤੇ ਹੱਦਾਂ ਦੀਆਂ ਸੀਮਾਵਾਂ ਅਨੁਸਾਰ ਭਿੰਨ ਹਨ। ਇਹ ਆਮ ਗਿਆਨ ਦੇ ਪ੍ਰਸ਼ਨਾਂ ਦੇ ਵਰਗ ਵਿੱਚ ਆਉਂਦੇ ਹਨ। ਅਸਲ ਵਿੱਚ ਆਮ ਗਿਆਨ ਰਾਹੀਂ ਬੱਚੇ ਦੇ ਮਾਪੇ, ਅਧਿਆਪਕ ਅਤੇ ਪੂਰਾ ਸਮਾਜ ਉਸਨੂੰ ਭੱਦਰ-ਪੁਰਸ਼ ਬਣਾਉਣਾ ਚਾਹੁੰਦੇ ਹਨ। ਇਨ੍ਹਾਂ ਰਾਹੀਂ ਉਹ ਬੁੱਝੜਾਂ ਨੂੰ ਅਕਲ ਸਿਖਾਉਣੀ, ਹਾਣੀਆਂ ਅਤੇ ਬਜ਼ੁਰਗਾਂ ਨਾਲ ਮਿਲਕੇ ਕੰਮ ਕਰਨ ਦਾ ਚੱਜ ਸਿਖਾਉਣਾ, ਪੱਖ ਰਹਿਤ ਰਹਿੰਦੇ ਹੋਏ ਭਲਾਈ ਦੇ ਕੰਮਾਂ ਦੀ ਚੇਤਨਾ ਜਗਾਉਣੀ, ਗੁਰੂਆਂ ਅਤੇ ਬਜ਼ੁਰਗਾਂ ਪ੍ਰਤੀ ਸੇਵਾ ਭਾਵਨਾ ਪੈਦਾ ਕਰਨੀ, ਦੂਜਿਆਂ ਨੂੰ ਇੱਜ਼ਤ ਕਰਨ ਦੀ ਆੜ ਵਿੱਚ ਆਪ ਇੱਜ਼ਤਦਾਰ ਬਣਨਾ ਆਦਿ ਤਬਦੀਲੀਆਂ ਵਿਦਿਆਰਥੀਆਂ ਵਿੱਚ ਉਭਾਰਣ ਦੀ ਕਲਪਨਾ ਕਰਦੇ ਹਨ। ਪੜ੍ਹਾਈ ਦੇ ਜੀਵਨ ਕਾਲ ਸਮੇਂ ਆਮ ਗਿਆਨ ਰਾਹੀਂ ਅਜਿਹੇ ਗੁਣਾਂ ਦੀ ਚਿਣਗ ਬੱਚੇ ਵਿੱਚ ਅਸਿੱਧੇ ਤੌਰ ਤੇ ਅਤੇ ਅਣਜਾਣ ਪਣੇ ਵਿੱਚ ਵੱਧ ਸੁਲਗਾਈ ਜਾ ਸਕਦੀ ਹੈ। ਵਿਦਿਆਰਥੀ ਨੂੰ ਗਿਆਨਵਾਨ ਬਣਾਉਣ ਲਈ ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਆਮ ਗਿਆਨ ਰਾਹੀਂ ਗਿਆਨ ਉਜਾਗਰ ਕਰਨ ਦੀ ਮਹੱਤਤਾ ਉਲੇਖਣੀ ਹੈ। ਗਿਆਨਵਾਨ ਦੀ ਮਹੱਤਤਾ ਦੱਸਦੇ ਹੋਏ ਮਹਾਤਮਾ ਬੁੱਧ ਨੇ ਰਾਜਾ ਅਲਵਕ ਯਸ਼ਕ ਨੂੰ ਉਸਦੇ ਇੱਕ ਪ੍ਰਸ਼ਨ ਦੇ ਉੱਤਰ ਵਿੱਚ ਦਸਿਆ ਸੀ ਕਿ ਗਿਆਨ ਭਰਪੂਰ ਜੀਵਨ ਹੀ ਸਭ ਤੋਂ ਉੱਤਮ ਹੁੰਦਾ ਹੈ।

'ਜੈਸੀ ਸੰਗਤ ਵੈਸੀ ਰੰਗਤ' ਅਨੁਸਾਰ ਆਮ ਗਿਆਨ ਆਮ ਕਿਰਿਆਵਾਂ, ਸਮਾਜਿਕ ਰੀਤੀ ਰਿਵਾਜਾਂ, ਵਿਆਹ ਸ਼ਾਦੀਆਂ, ਵੱਖ-ਵੱਖ ਤਿਓਹਾਰਾਂ ਆਦਿ ਰਾਹੀਂ ਗ੍ਰਹਿਣ ਕੀਤਾ ਜਾ ਸਕਦਾ ਹੈ। ਇਹ ਸਹਿਪਾਠੀਆਂ ਅਤੇ ਦੋਸਤਾਂ ਤੋਂ ਰਿਸਦਾ-ਰਿਸਦਾ ਦੂਜੇ ਸੁਚੇਤ ਸਾਥੀਆਂ ਅੰਦਰ ਜਜਬ ਹੁੰਦਾ ਰਹਿੰਦਾ ਹੈ। ਜਿਵੇਂ ਖਰਬੂਜੇ ਨੂੰ ਦੇਖਕੇ ਖ਼ਰਬੂਜਾ ਰੰਗ ਫੜਦਾ ਹੈ। ਇਸ ਤਰ੍ਹਾਂ ਬੱਚੇ ਆਮ ਗਿਆਨ ਸੁਤੇ ਸਿੱਧ ਸਿਖਦੇ ਰਹਿੰਦੇ ਹਨ। ਮਹਾਨ ਵਿਗਿਆਨੀ ਡਾਰਵਿਨ ਦੇ ਅਨੁਸਾਰ ਬਾਂਦਰ ਮਨੁੱਖ ਦੇ ਵਡੇਰਿਆਂ ਦੇ ਵਡੇਰੇ ਦੇ ਵਡੇਰੇ ਹਨ। ਪਰ ਨਕਲ ਕਰਨ ਵਿੱਚ ਅੱਜ ਦੇ ਬੱਚੇ ਬਾਂਦਰਾਂ ਤੋਂ ਛਪਾਟੀ ਚੱਲਦੇ ਹਨ। ਉਹ ਰੀਸ ਨਾਲ ਅਜਿਹੇ ਪ੍ਰਸ਼ਨ ਸਿੱਖ ਜਾਂਦੇ ਹਨ ਜਿਵੇਂ ਚਾਰ ਲੱਤਾਂ ਵਾਲੇ ਦੋ ਜਾਨਵਰ ਦੱਸੋ, ਦੰਦ ਕਿਉਂ ਸਾਫ਼ ਕਰਨੇ ਚਾਹੀਦੇ ਹਨ? ਸੜਕ ਉਪਰ ਕਿਹੜੇ ਹੱਥ ਤੁਰਨਾਂ ਚਾਹੀਦਾ ਹੈ? ਟੀ.ਵੀ. ਨੇੜੇ ਤੋਂ ਦੇਖਣ ਦਾ ਕੀ ਨੁਕਸਾਨ ਹੈ? ਇਸ ਤਰ੍ਹਾਂ ਦੇ ਪ੍ਰਸ਼ਨਾਂ ਦੀ ਜਾਣਕਾਰੀ ਨਿਰਸੰਦੇਹ ਹੀ ਆਮ ਗਿਆਨ ਵਧਾਵੇਗੀ।

ਕਿਤਾਬਾਂ ਪੜ੍ਹਕੇ ਆਮ ਗਿਆਨ ਘੱਟ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਆਪਣੇ ਜਮਾਤੀਆਂ/ ਹਾਣੀਆਂ ਨਾਲ ਖੇਡਦੇ ਸਮੇਂ, ਸਕੂਲ ਦੇ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ, ਸਕੂਲ ਦੀਆਂ ਗਰੁੱਪ ਕਿਰਿਆਵਾਂ ਸਮੇਂ, ਸਕੂਲ/ ਸਮਾਜ ਵਿੱਚ ਵੱਖੋ-ਵੱਖਰੇ ਪ੍ਰੋਗਰਾਮਾਂ ਵਿੱਚ ਸੇਵਾ ਨਿਭਾਉਂਦੇ ਸਮੇਂ ਵੱਧ ਪ੍ਰਾਪਤ ਕੀਤਾ ਜਾ ਸਕਦਾ ਹੈ। ਭੌਤਿਕ

ਲਿਖਤਾਂ ਦੇ ਰੂਪ ਵਿੱਚ ਇਹ ਖਰੀਦਿਆ ਨਹੀਂ ਜਾ ਸਕਦਾ। ਆਧੁਨਿਕ ਮਸ਼ੀਨ ਇਸਨੂੰ ਚੈਕ ਨਹੀਂ ਕਰ ਸਕਦੀ। ਇਹ ਤਜਰਬਿਆਂ ਤੋਂ ਉਪਜਦਾ ਹੈ। ਇਤਿਹਾਸ ਵਿੱਚ ਅਨੇਕਾਂ ਵਿਅਕਤੀਆਂ ਦੀਆਂ ਉਦਾਹਰਣਾਂ ਮਿਲਦੀਆਂ ਹਨ ਜੋ ਕਿਤਾਬੀ ਗਿਆਨ ਨਹੀਂ ਲੈ ਸਕੇ ਪਰ ਆਪਣੇ ਆਮ ਗਿਆਨ ਦੇ ਤਜਰਬੇ, ਮਿਹਨਤ ਅਤੇ ਲਗਨ ਸਦਕਾ ਆਪਣੇ ਖੇਤਰ ਵਿੱਚ ਇਤਿਹਾਸ ਰਚਿਆ। ਉਮਰ ਅਤੇ ਤਜਰਬਾ ਵੱਧਣ ਨਾਲ ਆਮ ਗਿਆਨ ਦਾ ਦਾਇਰਾ ਵਿਸ਼ਾਲ ਅਤੇ ਨਿੱਜੀ ਭੰਡਾਰ ਦਾ ਪੱਧਰ ਉੱਚਾ ਹੁੰਦਾ ਰਹਿੰਦਾ ਹੈ। ਜਿਵੇਂ ਵਡੇਰੇ ਵਿਦਿਆਰਥੀ ਸਮਝ ਚੁੱਕੇ ਹੁੰਦੇ ਹਨ ਕਿ ਖਾਣਾ ਖਾਣ ਤੋਂ ਪਹਿਲਾਂ ਹੱਥ ਕਿਉਂ ਸਾਫ ਕਰਨੇ ਚਾਹੀਦੇ ਹਨ? ਕੌਮੀ ਝੰਡੇ ਵਿੱਚ ਸਫ਼ੈਦ ਰੰਗ ਕੀ ਦਰਸਾਉਂਦਾ ਹੈ? ਕੰਨ ਵਿੱਚ ਤਿਨਕਾ ਕਿਉਂ ਨਹੀਂ ਮਾਰਨਾ ਚਾਹੀਦਾ? ਨਸ਼ੇ ਦਾ ਸ਼ਰੀਰ ਦੇ ਦੋ ਅੰਗਾਂ ਉਤੇ ਅਸਰ ਦੱਸੋ।

ਇਕੱਲੇ ਪ੍ਰਸ਼ਨ ਆਮ ਗਿਆਨ ਦੇ ਪੱਧਰ ਦੀ ਪਰਖ ਕਦਾਚਿਤ ਨਹੀਂ ਕਰ ਸਕਦੇ। ਕਿਰਿਆਵਾਂ ਕਰਦੇ ਸਮੇਂ ਉਨ੍ਹਾਂ ਦੀ ਬੋਲਬਾਣੀ, ਸੇਵਾ ਭਾਵਨਾ, ਬਜੁਰਗਾਂ ਪ੍ਰਤੀ ਇੱਜ਼ਤ ਅਤੇ ਖਾਣ-ਪੀਣ ਦੇ ਢੰਗਾਂ ਦਾ ਨਿਰੀਖਣ ਕਰਕੇ ਪ੍ਰਾਪਤ ਕੀਤੇ ਗਿਆਨ ਦੀ ਉਚਿਤ ਪਰਖ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਆਮ ਗਿਆਨ ਦੀ ਪਰਖ ਕਰਦੇ ਸਮੇਂ ਉਸ ਦੁਆਰਾ ਗਿਆਨ ਦੀ ਪ੍ਰੈਕਟੀਕਲ ਵਰਤੋਂ ਕਰਨ ਦਾ ਮੁਲ ਅੰਕਣ ਕਰਨਾ ਵੀ ਜਰੂਰੀ ਹੈ।



ਧਨ ਦੌਲਤ ਦਾ ਘੱਟ ਲਾਲਚੀ ਮਾਪੇ ਬੱਚਿਆਂ ਅੰਦਰ ਗਿਆਨ ਦਾ ਅਸਲੀ ਤੇ ਸਦੀਵੀ ਖਜ਼ਾਨਾ ਜਮ੍ਹਾਂ ਕਰਨਾ ਚਾਹੁੰਦੇ ਹਨ। ਕਈ ਵਾਰੀ ਸਕੂਲ ਵਿੱਚ ਪੜ੍ਹਾਈ ਦਾ ਅਤੇ ਘਰ ਵਿੱਚ ਆਮ ਗਿਆਨ ਲਈ ਫੜਫੜਾਉਂਦੇ ਮਾਪਿਆਂ ਦੇ ਅਣਚਾਹੇ ਜੋੜ ਦਾ ਅਸਰ ਇਹ ਹੁੰਦਾ ਹੈ ਕਿ ਉਚ ਕੋਟੀ ਦੀਆਂ ਸੰਸਥਾਵਾਂ ਵਿੱਚੋਂ ਨਿਕਲੇ ਵਿਦਿਆਰਥੀ ਵੀ ਆਪਣੀ ਜਿੰਦਗੀ ਨੂੰ ਸਮਾਜਿਕ ਉਮੰਗਾਂ ਦੇ ਅਨੁਕੂਲ ਨਹੀਂ ਪਾਉਂਦੇ। ਇਸ ਲਈ ਸਕੂਲ ਵਿੱਚ ਆਮ ਗਿਆਨ ਪੂਰੀ ਲਗਨ ਅਤੇ ਕੋਸ਼ਿਸ਼ਾਂ ਨਾਲ ਦਿੱਤਾ ਜਾਵੇ। ਇਹ ਨੈਤਿਕ ਸਿੱਖਿਆ ਦਾ ਹੀ ਅੰਗ ਹੈ। ਇਸਦੇ ਲਈ ਨਵਾਂ ਸਿਲੇਬਸ ਮਿੱਥ ਕੇ ਜਾਂ ਕੋਈ ਕਿਤਾਬ ਲਗਵਾ ਕੇ ਬੋਝ ਨਹੀਂ ਵਧਾਉਣਾ ਚਾਹੀਦਾ। ਇੱਕਲੀ ਡਿਗਰੀਆਂ ਪ੍ਰਾਪਤੀ ਲਈ ਕੀਤੀ ਪੜ੍ਹਾਈ ਜਿਸ ਰਾਹੀਂ ਘਰੇਲੂ ਅਤੇ ਸਮਾਜਿਕ ਪਰੰਪਰਾਵਾਂ ਨਾ ਸਿਖੀਆਂ ਹੋਣ, ਬੁੱਝੜਪਣੇ ਵਿੱਚ ਕਈ ਵਾਰੀ ਖਾਨਦਾਨੀ ਇੱਜ਼ਤ ਅਤੇ ਘਰੇਲੂ ਭੌਤਿਕ ਸਾਜੋ ਸਮਾਨ ਵੀ ਅਜਾਈ ਗੁਆ ਸਕਦੀ ਹੈ। ਇਸੇ ਕਰਕੇ ਕਹਿੰਦੇ ਹਨ 'ਅਕਲਾਂ ਵਾਝੋਂ ਖੂਹ ਖਾਲੀ'। ਨਿਸ਼ਚੇ ਹੀ ਇਮਤਿਹਾਨੀ ਖੌਫ ਨੂੰ ਤਿਆਗਕੇ ਆਮ ਗਿਆਨ ਗ੍ਰਹਿਣ ਕਰਨ ਲਈ ਲੋੜੀਂਦੇ ਹਾਲਤ ਉਪਲੱਬਧ ਕਰਵਾਏ ਜਾਣ।

ਸਕੂਲ ਅਤੇ ਸਮਾਜ ਵਿੱਚ ਨਿੱਜੀ ਅਭਿਆਸ ਰਾਹੀਂ ਪ੍ਰਾਪਤ ਆਮ ਗਿਆਨ ਵਿਦਿਆਰਥੀਆਂ ਨੂੰ ਸੁਝਵਾਨ, ਵਿਸ਼ਵਾਸ਼ਯੋਗ, ਜੁੰਮੇਵਾਰ ਅਤੇ ਵਫਾਦਾਰ ਮਨੁੱਖ ਬਣਨ ਦੀ ਦਿਸ਼ਾ ਨਿਰਧਾਰਤ ਕਰਦਾ ਹੈ। ਪੇਪਰਾਂ ਦੀ ਤਿਆਰੀ ਸਮੇਂ ਦਿਮਾਗ ਵਿੱਚ ਸਹਿਜੇ ਹੀ ਜੋ ਵਿਚਾਰ ਜਜਬ ਹੋ ਜਾਂਦੇ ਹਨ ਉਹ ਭੜੋਲੇ ਵਿੱਚ ਆਮ ਗਿਆਨ ਦਾ ਪੱਧਰ ਵਧਾਉਂਦੇ ਹਨ। ਆਮ ਗਿਆਨ ਦਾ ਭੜੋਲਾ ਹੀ ਬੱਚੇ ਦਾ ਵਿਵਹਾਰ ਹੈ। ਜਿਵੇਂ ਖ਼ੁਸ਼ਬੂ ਰਹਿਤ ਸੋਨਾ ਅਤੇ ਫੁੱਲ ਰਹਿਤ ਚੰਦਨ ਕੀਮਤੀ ਹਨ। ਇਸੇ ਤਰ੍ਹਾਂ ਆਮ ਗਿਆਨ ਭਰਪੂਰ ਸਕੂਲ ਦਾ ਆਮ ਵਿਦਿਆਰਥੀ ਇੱਕ ਆਦਰਸ਼ ਸਮਾਜ ਦੀ ਸਿਰਜਣਾ ਲਈ ਬਹੁ-ਮੁੱਲਵਾਨ ਹੈ। ਜਿਵੇਂ ਰੇਡੀਅਮ ਹਨ੍ਹੇਰੇ ਵਿੱਚ ਚਾਨਣ ਦਿੰਦਾ ਹੈ। ਇਸੇ ਤਰ੍ਹਾਂ ਕਪੂਰ ਪਰ ਆਮ ਗਿਆਨੀ ਬੱਚਾ ਵੀ ਪਛੜੇ ਸਮਾਜ ਨੂੰ ਸੁਧਾਰਨ ਲਈ ਰੁਸ਼ਨਾਉਂਦਾ ਰਹਿੰਦਾ ਹੈ। ਜਦੋਂ ਬੱਚੇ ਆਮ ਗਿਆਨ ਦੀ ਵ੍ਰਿਧੀ ਨਾਲ ਜੁੜਵੇਂ ਪ੍ਰਸ਼ਨ ਪੁੱਛਦੇ ਹਨ ਤਾਂ ਉਨ੍ਹਾਂ ਨੂੰ ਪਲੋਸ ਕੇ ਜਾਂ ਝਿੜਕ ਕੇ ਟਾਲਨਾ ਨਹੀਂ ਚਾਹੀਦਾ ਕਿਉਂਕਿ ਜਿਵੇਂ ਬੂੰਦ-ਬੂੰਦ ਤੋਂ ਸਮੁੰਦਰ ਬਣ ਸਕਦਾ ਹੈ। ਇਸੇ ਤਰ੍ਹਾਂ ਛੋਟੀਆਂ-ਛੋਟੀਆਂ ਕਿਰਿਆਵਾਂ ਅਤੇ ਪ੍ਰਸ਼ਨਾਂ ਤੋਂ ਵਿਵਹਾਰ ਬਣਦਾ ਹੈ।

ਕਿਸੇ ਵਿਦਿਆਰਥੀ ਦਾ ਵਿਵਹਾਰ ਉਸਦੇ ਆਮ ਗਿਆਨ ਦਾ ਭੜੋਲਾ ਹੈ। ਇਹ ਪੜ੍ਹਾਕੂ ਦੀ ਪੜ੍ਹਾਈ ਦਾ ਅਸਲੀ ਖਜ਼ਾਨਾ ਹੈ। ਵਿਦਿਆ ਵਿਚਾਰੀ ਨੂੰ ਇਹੀ ਪਰ ਉਪਕਾਰੀ ਬਣਾਉਂਦਾ ਹੈ। ਰੰਗ-ਬਰੰਗੀਆਂ ਤਿਤਲੀਆਂ ਦੁਆਰਾ ਫੁੱਲਾਂ ਤੋਂ ਰਸ ਚੂਸ ਕੇ ਆਪਣਾ ਪੇਟ ਭਰਨ ਦੀ ਤਰ੍ਹਾਂ ਨੰਨ੍ਹੇ-ਮੁੰਨ੍ਹੇ ਜਾਂ ਹੋਰ ਵਿਦਿਆਰਥੀ ਆਪਣੇ ਵਾਤਾਵਰਣ ਵਿੱਚੋਂ ਆਮ ਗਿਆਨ ਨਾਲ ਆਪਣਾ ਭੜੋਲਾ ਭਰਦੇ ਰਹਿੰਦੇ ਹਨ। ਦਾਨ ਨਾਲ ਇਸਦਾ ਪੱਧਰ ਨੀਵਾਂ ਨਹੀਂ ਹੁੰਦਾ। ਹੰਕਾਰੀ ਦਾ ਭੜੋਲਾ ਉਬਲਦਾ ਹੀ ਰਹਿੰਦਾ ਹੈ।

ਰਮਾਇਣ ਦੇ ਅਨੁਸਾਰ ਪਲਾਂ ਵਿੱਚ ਮ੍ਰਿਤੂ ਅਧੀਨ ਸੌਣ ਵਾਲੇ ਰਾਵਣ ਨੇ ਸ਼੍ਰੀ ਲਛਮਣ ਨੂੰ ਉਸਦੇ ਸਰਹਾਣੇ ਖੜ੍ਹਣ ਕਰਕੇ ਸਿਆਸਤ ਦਾ ਗਿਆਨ ਨਹੀਂ ਦਿੱਤਾ ਸੀ, ਇਸੇ ਤਰ੍ਹਾਂ ਹਲੀਮੀ ਅਤੇ ਨਿਮਰਤਾ ਆਮ ਗਿਆਨ ਪ੍ਰਾਪਤੀ ਦੇ ਔਜ਼ਾਰ ਹਨ। ਉੱਲੂ ਦੀ ਤਰ੍ਹਾਂ ਆਮ ਗਿਆਨ ਪ੍ਰਤੀ ਅੱਖਾਂ ਬੰਦ ਕਰਕੇ, ਮੁਨਾਫੇ ਵਾਲੀਆਂ ਨੌਕਰੀਆਂ ਦੇ ਲਾਲਚ ਨਾਲ ਪੜ੍ਹਾਈ ਕਰਕੇ, ਘਾਤਕ ਸਮਾਜ ਦੀ ਸਿਰਜਣਾ ਹੀ ਕੀਤੀ ਜਾ ਸਕਦੀ ਹੈ। ਪਰ ਆਪਣੇ ਮਨ ਨੂੰ ਸ਼ਾਂਤੀ, ਖੁਸ਼ੀ, ਵਿਸ਼ਵਾਸ ਅਤੇ ਲਾਲਚ ਰਹਿਤ ਕੰਮਾਂ ਵਿੱਚ ਆਮ ਗਿਆਨ ਰਾਹੀਂ ਲੀਨ ਕਰਕੇ ਕੋਈ ਵੀ ਵਿਦਿਆਰਥੀ ਆਪਣੀ ਜਿੰਦਗੀ ਦੇ ਭਵਿੱਖ ਦੇ ਪਲ ਰੁਸ਼ਨਾ ਸਕਦਾ ਹੈ।

****


**ਸੂਚਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ 400/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਪੁਨਰਜਨਮ ਸ਼ੰਕਾ ਅਤੇ ਨਿਵਾਰਣ

**ਰਾਜਾ ਰਾਮ ਹੰਡਿਆਇਆ**

ਗੱਲ ਪੰਦਰਾਂ ਅਕਤੂਬਰ 1995 ਦੀ ਹੈ। ਹਰਿਆਣੇ ਦੇ ਜ਼ਿਲ੍ਹਾ ਕੈੱਥਲ ਵਿਖੇ ਸ਼ਹਿਰ ਦੇ ਆਰ. ਕੇ. ਐਸ. ਡੀ. (ਰਾਧਾ ਕ੍ਰਿਸ਼ਨਨ ਸਨਾਤਨ ਧਰਮ) ਕਾਲਜ ਵਿਚ ਪੁਨਰਜਨਮ ਬਾਰੇ ਇਕ ਵਿਚਾਰਗੋਸ਼ਟੀ ਹੋ ਰਹੀ ਸੀ। ਇਸਦਾ ਆਯੋਜਨ 'ਭਾਰਤ ਵਿਕਾਸ ਪਰਿਸ਼ਦ' ਦੁਆਰਾ ਕੀਤਾ ਜਾ ਰਿਹਾ ਸੀ। ਐਤਵਾਰ ਦਾ ਦਿਨ ਸੀ। ਵਿਚਾਰਗੋਸ਼ਟੀ ਦਾ ਵਿਸ਼ਾ ਸੀ – 'ਪੁਨਰਜਨਮ ਸ਼ੰਕਾ ਅਤੇ ਸਮਾਧਾਨ'। ਇਸ ਵਿਚ ਭਾਗ ਲੈਣ ਵਾਲੇ ਜਿਹੜੇ ਵਿਦਵਾਨਾਂ ਨੂੰ ਸੱਦਿਆ ਗਿਆ ਸੀ, ਉਹ ਸਾਰੀ ਹੀ 'ਭਾਰਤ ਵਿਕਾਸ ਪਰਿਸ਼ਦ ਦੇ ਸਿਧਾਂਤਾਂ ਨਾਲ ਮੇਲ ਰੱਖਣ ਵਾਲੇ ਸਨ। ਇਹਨਾਂ ਬੁਲਾਰਿਆਂ ਵਿਚ ਦਰਸ਼ਨ-ਸ਼ਾਸ਼ਤਰ ਦੇ ਪ੍ਰੋਫੈਸਰ ਰਹੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਡਾਕਟਰ ਹਿੰਮਤ ਸਿੰਘ ਸਿਨਹਾ, ਡਾਕਟਰ ਬੁੱਧ ਮੱਲ ਸ਼ਿਆਮ ਸਖ਼ਾ ਦਿੱਲੀ ਤੋਂ ਜੋ 'ਪੁਨਰਜਨਮ ਖੋਜ ਸੰਸਥਾ' ਦੇ ਡਾਇਰੈਕਟਰ ਸਨ। ਸ੍ਰੀਮਤੀ ਨੀਲਿਮਾ ਸਾਂਗਲਾ ਜੋ ਉਸ ਸਮੇਂ ਕੈਥਲ ਵਿਖੇ ਜੂਡੀਸ਼ਿਅਲ ਮਜਿਸਟ੍ਰੇਟ ਸਨ। ਪ੍ਰੋਫੈਸਰ ਪ੍ਰੇਮ ਚੰਦ (ਆਰ. ਕੇ. ਐਸ. ਡੀ. ਕਾਲਜ), ਸ੍ਰੀ ਮਦਨ ਗੋਪਾਲ ਗੁਪਤਾ, ਕਲਾਇਤ ਆਦਿ ਸਨ। ਇਸ ਤੋਂ ਬਿਨਾਂ ਸੈਂਕੜੇ ਦਰਸ਼ਕਾਂ ਜਾਂ ਸਰੋਤਿਆਂ ਦੇ ਭਾਗ ਲੈਣ ਦੀ ਉਮੀਦ ਸੀ। ਪ੍ਰੋਗਰਾਮ ਨੂੰ ਵਧੇਰੇ ਰੌਚਕ ਬਣਾਉਣ ਲਈ ਇਕ ਯੋਜਨਾ ਬਣਾਈ ਗਈ ਕਿ ਉਪਰੋਕਤ ਸਾਰੇ ਵਿਅਕਤੀਆਂ ਨੇ ਇਹ ਸਿੱਧ ਕਰਨ ਲਈ ਭਾਸ਼ਣ ਦੇਣਾ ਸੀ ਕਿ ਪੁਨਰ ਜਨਮ ਹੁੰਦਾ ਹੈ। ਆਤਮਾ ਹੁੰਦੀ ਹੈ, ਉਹ ਪਰਮਾਤਮਾ ਕੋਲ ਆਪਣਾ ਲੇਖਾ ਜੋਖਾ ਭੁਗਤਦੀ ਹੈ ਅਤੇ ਫਿਰ ਦੋਬਾਰਾ ਜਨਮ ਲੈਂਦੀ ਹੈ। ਇਸ ਸਾਰੀ ਗੱਲ ਨੂੰ ਇੱਕ-ਇੱਕ ਬੁਲਾਰੇ ਨੇ ਸਰੋਤਿਆਂ ਅੱਗੇ ਪੇਸ਼ ਕਰਨਾ ਸੀ। ਇੱਕ ਰਟਿਆ ਰਟਾਇਆ ਵਿਸ਼ਾ ਪੇਸ਼ ਕਰਨਾ ਸੀ। ਜਿਸਨੂੰ ਪਹਿਲਾਂ ਹੀ ਸਾਰੇ ਸਰੋਤੇ ਜਾਣਦੇ ਸਨ। ਇਸ ਲਈ ਸਰੋਤਿਆਂ ਵਿਚ ਇਕ ਨਵੀਂ ਗੱਲ ਰੱਖੀ ਗਈ ਕਿ ਵਿਰੋਧੀ ਵਿਚਾਰ ਰੱਖਣ ਲਈ ਤਰਕਸ਼ੀਲ ਸੁਸਾਇਟੀ ਹਰਿਆਣਾ (ਰਜਿ:) ਪ੍ਰਧਾਨ ਰਾਜਾ ਰਾਮ ਹੰਡਿਆਇਆ ਨੂੰ ਬੁਲਾਇਆ ਜਾਵੇਗਾ ਤਾਂ ਕਿ ਉਹਨਾਂ ਦੇ ਪੁਨਰ ਜਨਮ ਸੰਬੰਧੀ ਵਿਚਾਰ ਵੀ ਸਰੋਤਿਆਂ ਤੱਕ ਪਹੁੰਚਣ ਅਤੇ ਇਸਦਾ ਵਿਸ਼ਾ ਵੀ ਸੱਚਮੁੱਚ 'ਪੁਨਰ ਜਨਮ-ਸ਼ੰਕਾ ਅਤੇ ਸਮਾਧਾਨ (ਹਲ)' ਰੱਖਿਆ ਗਿਆ। ਮੈਨੂੰ ਕਲਾਇਤ ਦੇ ਸ੍ਰੀ ਮਦਨ ਗੋਪਾਲ ਗੁਪਤਾ ਦੁਆਰਾ ਇਹ ਸੱਦਾ ਦੇ ਦਿੱਤਾ ਗਿਆ।

ਮੈਂ ਪੂਰੀ ਤਨਦੇਹੀ ਨਾਲ ਆਪਣੇ ਵਿਚਾਰ ਰੱਖਣ ਲਈ ਤਿਆਰੀ ਕੀਤੀ। ਮੈਂ ਆਪਣੇ ਅਨੇਕ ਤਰਕਸ਼ੀਲ ਸਾਥੀਆਂ ਨੂੰ ਨਿਸ਼ਚਿਤ ਸਮੇਂ ਉੱਤੇ ਕੈਥਲ (ਨਿਸ਼ਚਿਤ ਸਥਾਨ ਤੇ) ਪੁੱਜਣ ਦਾ ਸੁਨੇਹਾ ਦਿੱਤਾ। ਇਸ ਤਰ੍ਹਾਂ 15 ਅਕਤੂਬਰ ਦੇ ਦਿਨ ਦਰਸ਼ਕ ਜਾਂ ਸਰੋਤੇ ਬੜੀ ਉਤਸੁਕਤਾ ਨਾਲ ਪੁੱਜੇ। ਤਰਕਸ਼ੀਲ ਸਾਥੀ ਵੀ ਕਾਫੀ ਸਨ। ਪ੍ਰਬੰਧਕਾਂ ਦੀ ਇਮਾਨਦਾਰੀ ਉੱਤੇ ਕੋਈ ਸ਼ੱਕ ਨਹੀਂ ਸੀ ਕੀਤਾ ਜਾ ਸਕਦਾ। ਸੋ ਪ੍ਰੋਗਰਾਮ ਸੁਖਾਵੇਂ ਤਰੀਕੇ ਨਾਲ ਸ਼ੁਰੂ ਹੋਇਆ। ਪਰ ਜਲਦੀ ਹੀ ਸਮਝ ਆ ਗਿਆ ਕਿ ਸਟੇਜ ਉੱਤੇ ਸੰਚਾਲਨ ਨੂੰ ਲੈ ਕੇ ਖਹਿਬਾਜ਼ੀ ਚੱਲ ਰਹੀ ਹੈ। ਮੈਨੂੰ ਇੰਝ ਲੱਗਿਆ ਜਿਵੇਂ ਇਹ ਸਾਰਾ ਕੁੱਝ ਮੇਰੇ ਕਾਰਨ ਹੋ ਰਿਹਾ ਹੋਵੇ। ਕਿਉਂਕਿ ਮੈਨੂੰ ਸੱਦਾ ਦੇਣ ਵਾਲੇ ਵਿਅਕਤੀ ਨੂੰ ਦਰ ਕਿਨਾਰੇ ਕਰਨ ਦੀ ਕੋਸ਼ਿਸ਼ ਹੋ ਰਹੀ ਸੀ ਜਲਦੀ ਹੀ ਮਹੌਲ ਅਣਸੁਖਾਵਾਂ ਜਿਹਾ ਮਹਿਸੂਸ ਹੋਣ ਲੱਗਾ। ਪਹਿਲਾਂ ਕੁੱਝ ਸਧਾਰਣ ਜਿਹੀਆਂ ਗੱਲਾਂ ਚਲਦੀਆਂ ਰਹੀਆਂ। ਵਕਤਾ (ਬੁਲਾਰੇ) ਥੋੜਾ-ਥੋੜਾ ਸਮਾਂ ਬੋਲਕੇ ਆਪਣੀ ਡਿਊਟੀ ਪੂਰੀ ਕਰਦੇ ਰਹੇ।

ਡਾਕਟਰ ਬੁੱਧ ਮੱਲ ਸ਼ਿਆਮ ਸਖ਼ਾ ਜਿਹੜੇ ਪੁਨਰ ਜਨਮ ਖੋਜ ਸੰਸਥਾ ਦੇ ਡਾਇਰੈਕਟਰ ਸਨ, ਮੇਰੀ ਖਿੱਚ ਦਾ ਵਿਸ਼ੇਸ਼ ਕੇਂਦਰਬਿੰਦੂ ਸਨ। ਕਿਉਂਕਿ ਉਹਨਾਂ ਨੇ ਪੁਨਰ ਜਨਮ ਬਾਰੇ ਕੁਝ ਕੇਸਾਂ ਦੀ ਖੋਜ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਉਹਨਾਂ ਨੇ ਸ਼ੁਰੂ ਵਿਚ ਹੀ ਇਕ ਬੜੀ ਅਜੀਬ ਗੱਲ ਕਹੀ ਕਿ ਜੇਕਰ ਕੋਈ ਕਹੇ ਕਿ ਪੁਨਰ ਜਨਮ ਨਹੀਂ ਹੁੰਦਾ, ਸਾਡੇ ਲਈ ਇਹ ਪਚਾਉਣਾ (ਹਜ਼ਮ ਕਰਨਾ) ਮੁਸ਼ਕਿਲ ਹੈ। ਮੈਂ ਸਮਝ ਗਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਕੋਈ ਸ਼ੰਕਾ ਜਾਂ ਸਮਾਧਾਨ ਨਹੀਂ ਹੈ। ਸਗੋਂ ਇਸ ਵਿਚਾਰ ਨੂੰ ਪੱਕਾ ਕਰਨਾ ਹੈ ਕਿ ਪੁਨਰ ਜਨਮ ਜਰੂਰ ਹੁੰਦਾ ਹੈ। ਅਧਿਆਤਮ ਦੀ ਇੱਕ ਵਧੀਆ ਪਰਿਭਾਸ਼ਾ ਦਿੰਦੇ ਹੋਏ ਉਹਨਾਂ ਨੇ ਕਿਹਾ ਕਿ "ਜੋ ਸਮਝ 'ਚ ਆਏ ਪਰ ਉਤਸ਼ਾਹ ਨਾਲ ਹੀ ਸਰੋਤੇ ਤਾਲੀਆਂ ਵਜਾਉਣ ਤੇ ਵਾਰ ਵਾਰ ਸੁਣਨ ਵਾਸਤੇ ਆਉਣ।" ਸੱਚ ਮੁੱਚ ਅਧਿਆਮਵਾਦੀ ਗੱਲਾਂ ਕਰਨ ਵਾਲੇ ਲੋਕ ਕਿਸੇ ਵੀ ਗੱਲ ਨੂੰ ਸਪਸ਼ਟ ਨਹੀਂ ਕਰ ਸਕਦੇ। ਪਰ ਸਰੋਤੇ ਤਾਲੀਆਂ ਵਜਾਉਣੀਆਂ ਨਹੀਂ ਭੁਲਦੇ। ਵਿਸ਼ਵਾਸ਼ ਅਤੇ ਸੱਚ ਦੀ ਪਰਿਭਾਸ਼ਾ ਦਿੰਦੇ ਹੋਏ ਉਹਨਾਂ ਨੇ ਉਦਾਹਰਣ ਦਿੱਤੀ ਕਿ 'ਪਿਤਾ ਦਾ ਵਿਸ਼ਵਾਸ਼ ਹੈ ਤੇ ਮਾਂ ਸੱਚ ਹੈ।" ਪੁਨਰ ਜਨਮ ਵਿਚ ਵਿਸ਼ਵਾਸ਼ ਬਣਾਉਣ ਲਈ ਉਹਨਾਂ ਨੇ ਨਰਵਾਣੇ ਦੇ ਕ੍ਰਿਸ਼ਨ ਉਰਫ ਵਿਨੋਦ ਦੇ ਕੇਸ ਦਾ ਜਿਕਰ ਕੀਤਾ ਤੇ ਇਹ ਵੀ ਦੱਸਿਆ ਕਿ ਪੁਨਰ ਜਨਮ ਬਾਰੇ 1960 ਤੱਕ ਕੋਈ ਖੋਜ ਨਹੀਂ ਸੀ। ਪਰ ਹੁਣ ਉਹ ਅਜਿਹੇ ਕੇਸਾਂ ਦੀ ਖੋਜ ਕਰਦੇ ਹਨ। ਸਾਰਾ ਜ਼ੋਰ ਇਸ ਗੱਲ ਉੱਤੇ ਲੱਗਿਆ ਕਿ ਅੱਖਾਂ ਬੰਦ ਕਰਕੇ ਪੁਨਰ ਜਨਮ ਨੂੰ ਮੰਨ ਲੈਣਾ ਚਾਹੀਦਾ ਹੈ। ਪਰ ਇਕ ਵੀ ਠੋਸ ਤਰਕ ਜਾਂ ਦਲੀਲ ਨਾ ਦਿੱਤੀ ਗਈ ਅਤੇ ਨਾ ਹੀ ਕਿਸੇ ਸ਼ੰਕਾ ਜਾਂ ਸਮਾਧਾਨ ਬਾਰੇ ਦੱਸਿਆ ਗਿਆ। ਜਦੋਂ ਕਿ ਤਰਕਸ਼ੀਲਾਂ ਨੇ ਅਜਿਹੇ ਸੈਂਕੜ ਪੁਨਰ ਜਨਮ ਵਾਲੇ ਕੇਸਾਂ ਦੀ ਖੋਜ ਕਰਕੇ ਉਹਨਾਂ ਦੇ ਮਹੱਤਵਪੂਰਨ ਸਿੱਟੇ ਕੱਢੇ ਹਨ। ਇਹ ਵੀ ਸਿੱਧ ਕੀਤਾ ਹੈ ਕਿ ਪੁਨਰ ਜਨਮ ਦੇ ਸਾਰੇ ਕੇਸ ਅਸਲ ਵਿਚ ਸੱਚਾਈ ਤੋਂ ਬਹੁਤ ਦੂਰ ਹੁੰਦੇ ਹਨ। ਡਾਰਟਰ ਹਿੰਮਤ ਸਿੰਘ ਸਿਨਹਾ ਨੇ ਕਿਹਾ ਕਿ 'ਵਿਰੋਧ ਨਾਲ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ।' ਉਹਨਾਂ ਨੇ ਇਹ ਵੀ ਕਿਹਾ ਕਿ 'ਪੁਨਰ ਜਨਮ ਦੀ ਥਾਂ ਮੈਮਰੀ (ਯਾਦਾਸ਼ਤ) ਸ਼ਬਦ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ 'ਕਮਜੋਰ ਵਿਅਕਤੀਤਵ ਦੇ ਕਾਰਨ ਭੂਤ-ਪ੍ਰੇਤ ਦਿਖਦੇ ਹਨ।' ਕਰਮਾਂ ਦੇ ਫਲ ਦਾ ਵੀ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਜੇਕਰ ਸਾਨੂੰ ਇਹ ਪਤਾ ਹੋਵੇ ਕਿ ਮੌਤ ਤੋਂ ਬਾਅਦ ਕੀ ਹੈ, ਤਾਂ ਹੋਰ ਵੀ ਮਜਾ ਹੋਵੇ। ਪਰ ਪੁਨਰ ਜਨਮ ਬਾਰੇ ਕੋਈ ਸ਼ੰਕਾ ਜਾਂ ਸਮਾਧਾਨ ਨਹੀਂ ਦੱਸਿਆ, ਬੱਸ ਕਾਗਜ਼ੀ ਭਾਸ਼ਣ ਦਿੱਤਾ।

'ਡਾਰਟਰ ਬੇਦਿਲ ਆਰੀਆ ਨੇ ਬੜੀ ਵਧੀਆ ਗੱਲ ਕਹੀ ਕਿ ਜਿਉਂਦੇ ਉਹ ਲੋਕ ਹਨ ਜੋ ਚਿੰਤਨ ਤੇ ਮਨਨ ਕਰਦੇ ਹਨ।' ਅਹਿਮ ਬਾਰੇ ਬੋਲੇ ਕਿ 'ਹੰਕਾਰ ਨਹੀਂ ਹੋਣਾ ਚਾਹੀਦਾ ਪਰ ਇਹ ਜ਼ਰੂਰੀ ਹੈ ਇਸ ਤੋਂ ਬਿਨਾਂ ਵਿਕਾਸ ਨਹੀਂ ਹੁੰਦਾ।' ਲੇਕਿਨ ਮੁੱਖ ਵਿਸ਼ਾ ਸ਼ੰਕਾ ਤੇ ਸਮਾਧਾਨ ਸ਼ਪਸ਼ਟ ਨਹੀਂ ਕੀਤਾ। ਸ੍ਰੀਮਤੀ 'ਨੀਲਿਮਾ ਸ਼ਾਗਲਾ' ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਉਹਨਾਂ ਦੇ ਪਿਤਾ ਦਾ ਪੁਨਰ ਜਨਮ ਹੋਇਆ ਤੇ ਇਸਨੂੰ ਵਿਗਿਆਨਕ ਤੌਰ ਤੇ ਸੱਚ ਕਿਹਾ। ਉਹਨਾਂ ਨੇ 'ਕਰਮ ਦੇ ਫਲ'



ਦੀ ਗੱਲ ਕੀਤੀ। ਸ਼ਿਵਲਿੰਗ ਦੀ ਗੱਲ ਕੀਤੀ। ਪਿਛਲੇ ਜਨਮ 'ਚ ਮਲੂਕ ਦਾਸ ਦਾ ਹੱਥ ਕੱਟ ਦੇਣ ਦੀ ਗੱਲ ਦੱਸੀ। ਸਵਰਗ-ਨਰਕ ਦੀ ਕਹਾਣੀ ਸੁਣਾਈ। ਵਿਸ਼ੇਸ਼ ਤੌਰ ਤੇ ਗਣੇਸ਼ ਨੂੰ ਦੁੱਧ ਪਿਉ-ਪਿਆਉਣ ਦੀ ਘਟਨਾ ਦਾ ਬਿਆਨ ਕੀਤਾ। 'ਡਾਕਟਰ ਬੁੱਧਮਲ ਸਿਆਮ ਸਖਾ' ਨੇ ਤਾਂ ਦੁੱਧ ਪਿਆਉਣ ਨੂੰ ਫਰਾਡ ਕਿਹਾ ਸੀ ਪਰ ਸ੍ਰੀ ਮਤੀ ਸਾਂਗਲਾ ਨੇ ਇਸਨੂੰ ਸਹੀ ਕਿਹਾ। ਇਸ ਗੱਲ ਬਾਰੇ ਮੇਰੇ ਕੋਲ ਵੀ ਪੱਕੀ ਖਬਰ ਸੀ ਕਿ ਉਹਨਾਂ ਨੇ ਗਣੇਸ਼ ਦੀ ਮੂਰਤੀ ਨੂੰ ਦੁੱਧ ਪਿਲਾਉਣ ਦਾ ਮੌਕਾ ਹੱਥੋਂ ਨਹੀਂ ਗੁਆਇਆ ਸੀ। ਸਾਡੇ ਇਹ ਸਨਮਾਨਿਤ ਆਹੁਦਿਆਂ ਉੱਤੇ ਬੈਠੇ ਪੜ੍ਹੇ-ਲਿਖੇ ਵਿਅਕਤੀ ਆਖ਼ਿਰ ਇਹ ਕਿਉਂ ਭੁੱਲ ਜਾਂਦੇ ਹਨ ਕਿ ਕਿਸੇ ਵੀ ਪ੍ਰਕਾਰ ਦਾ ਭੋਜਨ ਲੈਣ ਲਈ ਇਕ ਜਿਉਂਦੇ-ਜਾਗਦੇ, ਪਾਚਨ-ਪ੍ਰਣਾਲੀ ਰੱਖਣ ਵਾਲੇ, ਸਰੀਰ ਦੀ ਲੋੜ ਹੁੰਦੀ ਹੈ। ਪੱਥਰ ਜਾਂ ਹੋਰ ਬੇਜਾਨ ਵਸਤਾਂ ਕਿਸੇ ਵੀ ਪ੍ਰਕਾਰ ਦੀ ਖੁਰਾਕ ਨੂੰ ਖਾਣ-ਪੀਣ ਜਾਂ ਹਜਮ ਕਰਨ ਤੋਂ ਅਸਮਰਥ ਹੁੰਦੀਆਂ ਹਨ। ਕਿਉਂਕਿ ਜਿਉਂਦੀਆਂ ਚੀਜਾਂ ਵਿਚ ਹੀ ਪਾਚਨ ਪ੍ਰਣਾਲੀ (ਤੰਤਰ) ਹੁੰਦੀ ਹੈ। ਬੇਜਾਨ 'ਚ ਨਹੀਂ।

ਇਸ ਤਰ੍ਹਾਂ ਲੰਬੇ ਸਮੇਂ ਤੱਕ ਬੁਲਾਰੇ ਆਪਣੇ ਭਾਸ਼ਣ ਦੇ ਕੇ ਜਾਂਦੇ ਰਹੇ ਪਰ ਵਿਸ਼ੇ ਦੀ ਮੁੱਖ ਸਮੱਸਿਆ ਉਹੀ ਰਹੀ। ਨਾ ਕੋਈ ਸ਼ੰਕਾ ਤੇ ਨਾ ਉਸਦਾ ਸਮਾਧਾਨ। ਸਮਾਂ ਬੀਤਦਾ ਗਿਆ। ਮੈਂ ਹਰ ਬੁਲਾਰੇ ਦਾ ਲੈਕਚਰ ਧਿਆਨ ਨਾਲ ਸੁਣਦਾ ਰਿਹਾ ਅਤੇ ਜ਼ਰੂਰੀ ਪੁਆਇੰਟ ਨੋਟ ਕਰਦਾ ਗਿਆ, ਜਿੰਨ੍ਹਾਂ ਬਾਰੇ ਮੈਂ ਬੋਲਣਾ ਸੀ। ਮੈਂ ਆਪਣੀ ਵਾਰੀ ਦੀ ਉਡੀਕ ਵਿੱਚ ਸੀ, ਜੋ ਸਭ ਤੋਂ ਪਿੱਛੋਂ ਹੀ ਆਉਣੀ ਸੀ। ਮੇਰੇ ਤਰਕਸ਼ੀਲ ਸਾਥੀਆਂ ਨੇ ਸਾਰੇ ਪ੍ਰੋਗਰਾਮ ਦੀ ਰਿਕਾਰਡਿੰਗ ਦਾ ਪ੍ਰਬੰਧ ਕਰ ਰੱਖਿਆ ਸੀ। ਅਚਾਨਕ ਸਟੇਜ ਤੋਂ ਪ੍ਰੋਗਰਾਮ ਦੇ ਖਤਮ ਹੋਣ ਦੀ ਗੱਲ ਕੰਨੀਂ ਪਈ ਅਤੇ ਨਾਲ ਹੀ ਇਹ ਵੀ ਕਿਹਾ ਗਿਆ ਕਿ "ਅੱਜ ਦੇ ਇਸ ਪ੍ਰੋਗਰਾਮ ਵਿਚ ਵਿਰੋਧੀ ਵਿਚਾਰ ਰੱਖਣ ਲਈ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਸ੍ਰੀ ਰਾਜਾ ਰਾਮ ਹੰਡਿਆਇਆ' ਨੂੰ ਬੁਲਾਇਆ ਗਿਆ ਸੀ। ਪਰ ਸਮੇਂ ਦੀ ਘਾਟ ਕਾਰਨ ਅਸੀਂ ਇਹਨਾਂ ਨੂੰ ਸਮਾਂ ਨਹੀਂ ਦੇ ਸਕੇ। ਇਸ ਲਈ ਅਸੀਂ ਇਹਨਾਂ ਤੋਂ ਮਾਫ਼ੀ ਚਾਹੁੰਦੇ ਹਾਂ।" ਇਸ ਤਰ੍ਹਾਂ ਪ੍ਰੋਗਰਾਮ ਦੀ ਸਮਾਪਤੀ ਕਰ ਦਿੱਤੀ ਗਈ।

ਸਾਰੀ ਸ਼ਰਾਰਤ ਇੱਕਦਮ ਸਾਹਮਣੇ ਆ ਗਈ। ਉਹਨਾਂ ਦਾ ਆਪਣਾ ਉਦੇਸ਼ ਪੂਰਾ ਹੋ ਗਿਆ ਸੀ। ਜੇਕਰ ਮੇਰੇ ਵਿਚਾਰ ਉਸ ਮੰਚ ਤੋਂ ਪੇਸ਼ ਕੀਤੇ ਜਾਂਦੇ ਤਾਂ ਲਾਜ਼ਮੀ ਤੌਰ ਤੇ ਪੁਨਰਜਨਮ ਬਾਰੇ ਸ਼ੰਕਾ ਵੀ ਪੈਦਾ ਹੋਈ ਸੀ ਅਤੇ ਉਸਦਾ ਨਤੀਜਾ ਵੀ ਮੈਂ ਦੇ ਦੇਣਾ ਸੀ। ਮੈਂ ਹਰਿਆਣੇ ਵਿਚਲੇ ਅਤੇ ਪੰਜਾਬ ਵਿਚਲੇ ਪੁਨਰਜਨਮ ਦੇ ਉਹਨਾਂ ਸਾਰੇ ਕੇਸਾਂ ਦਾ ਖੋਜ ਭਰਪੂਰ ਚਿੱਠਾ ਸਭ ਦੇ ਸਾਹਮਣੇ ਪੇਸ਼ ਕਰਨਾ ਸੀ। ਜਿਸ ਨਾਲ ਉਹਨਾਂ ਦਾ ਸਾਰਾ ਹੀ ਪ੍ਰਚਾਰ ਬਿਲਕੁਲ ਬੇ ਅਸਰ ਸਿੱਧ ਹੋਣਾ ਸੀ। ਮੈਨੂੰ ਅਤੇ ਮੇਰੇ ਸਾਥੀਆਂ ਨੂੰ ਬੜੀ ਨਿਰਾਸ਼ਾ ਹੋਈ। ਮਨ ਦੀਆਂ ਮਨ ਵਿਚ ਹੀ ਰਹਿ ਗਈਆਂ। ਪ੍ਰਬੰਧਕਾਂ ਦੇ ਸੱਚਮੁੱਚ ਹੀ ਦੋ ਧੜੇ ਸਨ। ਇੱਕ ਮੇਰੇ ਬੋਲਣ ਦੇ ਹੱਕ ਵਿਚ ਸੀ ਅਤੇ ਦੂਜਾ ਵਿਰੋਧੀ। ਵਿਰੋਧੀ ਧੜਾ ਜਿੱਤ ਗਿਆ ਸੀ। ਮੇਰੀ ਨਰਾਜ਼ਗੀ ਨੂੰ ਧਿਆਨ ਵਿਚ ਰਖਦਿਆਂ, ਸੱਦਾ ਦੇਣ ਵਾਲੇ ਸਾਥੀਆਂ ਨੇ ਚਾਹ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਚਲੋ ਬੈਠਕੇ ਚਾਹ ਪੀਂਦੇ ਹਾਂ ਤੇ ਗੱਲਬਾਤ ਵੀ ਕਰਦੇ ਹਾਂ। ਇੱਕ ਹਿੰਦੀ ਦੇ ਪ੍ਰੋਫੈਸਰ (ਜਿਹਨਾਂ ਦਾ ਨਾਮ ਮੈਨੂੰ ਹੁਣ ਯਾਦ ਨਹੀਂ) ਦੇ ਘਰ ਚਾਹ ਪਾਣੀ ਪੀਂਦੇ ਸਮੇਂ ਮੈਂ ਆਪਣੀ ਤਰਕਸ਼ੀਲ ਚੁਣੌਤੀ ਦੀਆਂ ਸ਼ਰਤਾਂ ਦਾ ਜ਼ਿਕਰ ਕੀਤਾ ਪਰ ਕੋਈ ਵੀ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਸੀ। ਉਹ ਆਪਣੇ ਪ੍ਰਭਾਵ ਨੂੰ ਘਟਾਉਣਾ ਨਹੀਂ ਚਾਹੁੰਦੇ ਸਨ। ਸੋ ਚਾਹ ਪੀ ਕੇ ਸਭ ਆਪਣੇ ਆਪਣੇ ਰਾਹ ਚਲੇ ਗਏ। ਪਹਿਲੀ ਵਾਰ ਹੋਈ ਇਸ ਸ਼ਰਾਰਤ ਦਾ ਮਨ ਤੇ ਕਾਫੀ ਬੁਰਾ ਪ੍ਰਭਾਵ ਪਿਆ।

9 ਅਪ੍ਰੈਲ ਤੋਂ 18 ਅਪ੍ਰੈਲ 2011 ਵਿਚ ਹੋਈਆਂ ਛੁੱਟੀਆਂ ਦੌਰਾਨ ਮੈਂ ਆਪਣੀਆਂ ਪੁਰਾਣੀਆਂ ਲਿਖਤਾਂ ਨੂੰ ਫਰੋਲਦਿਆ ਅਚਾਨਕ ਇੱਕ ਲਿਖਤ ਲੱਭ ਗਈ ਜਿਸ ਵਿਚ ਇਸ ਘਟਨਾ ਦਾ ਜ਼ਿਕਰ ਸੀ। ਫਿਰ ਇਸਨੂੰ ਪਾਠਕਾਂ ਦੇ ਸਾਹਮਣੇ ਸੱਚਮੁੱਚ ਹੀ 'ਪੁਨਰ ਜਨਮ ਸ਼ੰਕਾ ਤੇ ਨਿਵਾਰਣ' ਵਿਸ਼ੇ ਦੌਰਾਨ ਪੇਸ਼ ਕਰਨ ਦਾ ਮਨ ਬਣਾਇਆ ਤਾਂ ਕਿ ਆਪਣੇ ਪਾਠਕਾਂ ਨਾਲ ਉਹਨਾਂ ਸਾਰੇ ਪ੍ਰਸ਼ਨ-ਉੱਤਰਾਂ ਨੂੰ ਸਾਂਝੇ ਕਰ ਸਕੀਏ, ਜਿਹੜੇ ਉਸ ਦਿਨ ਅਧੂਰੇ ਰਹੇ।



ਸਭ ਤੋਂ ਪਹਿਲਾਂ ਪੁਨਰ ਜਨਮ ਬਾਰੇ ਗੱਲ ਕਰਦੇ ਹਾਂ। ਕੀ ਸੱਚਮੁੱਚ ਪੁਨਰ ਜਨਮ ਹੁੰਦਾ ਹੈ? ਜੇਕਰ ਨਹੀਂ ਹੁੰਦਾ ਤਾਂ ਫਿਰ ਸਾਡੇ ਆਸ ਪਾਸ ਪੁਨਰ ਜਨਮ ਦੀਆਂ ਘਟਨਾਵਾਂ ਕਿਉਂ ਵਾਪਰਦੀਆਂ ਹਨ। ਇਹਨਾਂ ਘਟਨਾਵਾਂ ਨੂੰ ਫੈਲਾਉਣ ਵਿਚ ਕਿਸਦਾ ਫਾਇਦਾ ਹੁੰਦਾ ਹੈ? ਇਹਨਾਂ ਅਫਵਾਹਾਂ ਨੂੰ ਫੈਲਾਉਣ ਵਿੱਚ ਸਹਿਯੋਗ ਦੇਣ ਵਾਲੇ ਲੋਕਾਂ ਨੂੰ ਕੀ ਮਿਲਦਾ ਹੈ? ਉਹ ਕਿਹੜੇ ਵਿਅਕਤੀ, ਸੰਸਥਾਵਾਂ ਜਾਂ ਰਾਜਨੀਤਕ ਪਾਰਟੀਆਂ ਹਨ ਜਿਹਨਾਂ ਨੂੰ ਇਸ ਪਾਖੰਡ ਪੂਰਨ ਕੰਮ ਨੂੰ ਫੈਲਾਉਣ ਨਾਲ ਫਾਇਦਾ ਹੁੰਦਾ ਹੈ? ਆਓ! ਇੱਕ ਇੱਕ ਕਰਕੇ ਸੰਖੇਪ ਵਿਚ ਉੱਤਰ ਜਾਣਨ ਦੀ ਕੋਸ਼ਿਸ਼ ਕਰੀਏ।

ਪੁਨਰਜਨਮ ਦਾ ਅਰਥ ਹੈ-'ਦੋਬਾਰਾ ਜਨਮ ਲੈਣਾ'। ਬਚਪਨ ਦੇ ਸੰਸਕਾਰਾਂ ਵਿਚ ਹੀ ਹਰ ਬੱਚਾ ਇਹ ਸਿੱਖਿਆ ਲੈ ਲੈਂਦਾ ਹੈ ਕਿ 'ਹਰ ਜੀਵ ਵਿਚ ਇਕ ਆਤਮਾ ਹੁੰਦੀ ਹੈ। ਮਰਨ ਤੋਂ ਬਾਅਦ ਸਰੀਰ ਤਾਂ ਖਤਮ ਹੋ ਜਾਂਦਾ ਹੈ। ਪਰ ਆਤਮਾ ਕਦੇ ਨਹੀਂ ਮਰਦੀ। ਆਤਮਾ ਜੰਮਣ ਮਰਨ ਦੇ ਚੱਕਰ ਤੋਂ ਬਾਹਰ ਹੈ। ਸਰੀਰ ਜੰਮਦੇ-ਮਰਦੇ ਰਹਿੰਦੇ ਹਨ। ਕੁੱਲ 84 ਲੱਖ ਜੂਨੀਆਂ ਹਨ। ਜੰਮਣ-ਮਰਨ ਦਾ ਚੱਕਰ ਹਰ ਸਰੀਰ ਵਿਚ ਚਲਦਾ ਰਹਿੰਦਾ ਹੈ ਤੇ ਆਤਮਾ ਵਾਰੀ ਵਾਰੀ ਸਰੀਰ ਬਦਲਦੀ ਰਹਿੰਦੀ ਹੈ। 84 ਲੱਖ ਜੂਨੀਆਂ ਭੋਗ ਕੇ ਇਹ ਫਿਰ ਮਨੁੱਖੀ ਜੂਨੀ ਵਿਚ ਆ ਜਾਂਦੀ ਹੈ। ਇਸਨੂੰ ਆਵਾ ਗਵਣ (ਆਉਣ-ਜਾਣ) ਜਾਂ ਜਨਮ ਮਰਨ ਦਾ ਚੱਕਰ ਕਿਹਾ ਜਾਂਦਾ ਹੈ। ਇਹ ਆਤਮਾ ਇਕ ਪਰਮ-ਆਤਮਾ ਦਾ ਹਿੱਸਾ ਹੈ। ਜਿਸਨੂੰ ਪ੍ਰਮਾਤਮਾ ਦਾ ਰੂਪ ਕਿਹਾ ਜਾਂਦਾ ਹੈ। ਆਵਾਗਵਣ ਦੇ ਇਸ ਚੱਕਰ ਨੂੰ ਕੰਟਰੋਲ ਵਿਚ 'ਪ੍ਰਮਾਤਮਾ' ਰੱਖਦਾ ਹੈ। ਉਹ ਹਰ ਜੀਵ ਦੇ ਚੰਗੇ ਮਾੜੇ ਕਰਮਾਂ ਦਾ ਲੇਖਾ ਜੋਖਾ ਰੱਖਦਾ ਹੈ ਅਤੇ ਅਗਲਾ ਜੀਵਨ 'ਕਰਮਾਂ ਦੇ ਫਲ' ਦੇ ਹਿਸਾਬ ਨਾਲ ਦਿੰਦਾ ਹੈ। ਚੌਰਾਸੀ ਲੱਖ ਜੂਨੀਆਂ ਵਿਚੋਂ ਕੇਵਲ ਮਨੁੱਖ ਜੂਨੀ ਚੰਗੀ ਤੇ ਬਾਕੀ ਮਾੜੀਆਂ ਗਿਣੀਆਂ ਜਾਂਦੀਆਂ ਹਨ। ਭਾਵੇਂ ਇਹ ਬਿਲਕੁਲ ਮੂਰਖਤਾਪੂਰਨ ਵਿਚਾਰ ਹਨ ਪਰ ਇਹ ਵਿਚਾਰ ਹਰ ਬੱਚਾ ਆਪਣੇ ਘਰ 'ਚੋਂ ਸਿੱਖਿਆ ਲੈ ਕੇ ਅਪਣਾ ਲੈਂਦਾ ਹੈ। ਸੋਚਣ ਜਾਂ ਸਮਝਣ ਦੀ ਲੋੜ ਨਹੀਂ ਹੁੰਦੀ। ਬੱਸ ਮੰਨ ਲੈਣ ਦੀ ਲੋੜ ਹੈ।

ਜਦੋਂ ਵੀ ਕੋਈ ਵਿਅਕਤੀ ਆਪਣੇ ਪਿਛਲੇ ਜੀਵਨ ਬਾਰੇ ਦੱਸਣ ਲੱਗ ਜਾਵੇ ਤਾਂ ਅਸੀਂ ਇਹ ਮੰਨ ਲੈਂਦੇ ਹਾਂ ਕਿ ਉਸਦਾ ਪੁਨਰ ਜਨਮ ਹੋਇਆ ਹੈ। ਇਹ ਕੇਵਲ ਮਨੁੱਖ ਜਾਤੀ ਵਿਚ ਸੰਭਵ ਹੈ, ਕਿਉਂਕਿ ਮਨੁੱਖ ਬੋਲ ਕੇ ਦੱਸ ਸਕਦਾ ਹੈ। ਹੋਰ ਕੋਈ ਵੀ ਜੂਨੀ ਬੋਲਕੇ ਨਹੀਂ ਹੁੰਦਾ ਕਿ ਪਿਛਲੇ ਜਨਮ ਵਿਚ ਉਹ ਕੀ ਸੀ। ਪਰ ਕਰੋੜਾਂ ਵਿਚੋਂ ਇਕ ਅੱਧ ਵਿਅਕਤੀ ਇਹ ਦਾਅਵਾ ਕਰਦਾ ਹੈ ਕਿ ਪਿਛਲੇ ਜਨਮ ਵਿਚ ਉਸਦਾ ਪਿੰਡ ਇਹ ਸੀ, ਉਸਦੇ ਮਾਂ-ਬਾਪ, ਭੈਣ-ਭਰਾ, ਆਪਣੇ ਮਰਨ ਦਾ ਕਾਰਨ ਆਦਿ ਗੱਲਾਂ ਦਾ ਜ਼ਿਕਰ ਕਰਦਾ ਹੈ। ਜਦੋਂ ਉਸਦੇ ਦੱਸੇ ਅਨੁਸਾਰ ਪੜਤਾਲ ਕੀਤੀ ਜਾਂਦੀ ਹੈ ਤਾਂ ਕੁੱਝ ਕੁ ਗੱਲਾਂ ਬਿਲਕੁਲ ਸੱਚ ਹੁੰਦੀਆਂ ਹਨ, ਜਿਹਨਾਂ ਦੇ ਆਧਾਰ ਤੇ ਇਹ ਸੱਚ ਮੰਨ ਲਿਆ ਜਾਂਦਾ ਹੈ ਕਿ ਇਸ ਵਿਅਕਤੀ ਦਾ ਪੁਨਰ ਜਨਮ ਹੋਇਆ ਹੈ।

ਜਿਵੇਂ ਅਸੀਂ ਜਾਣਦੇ ਹਾਂ ਕਿ ਜੇਕਰ ਮੱਛਰ ਨਾ ਹੋਵੇ ਤਾਂ ਮਲੇਰੀਆ ਵੀ ਨਹੀਂ ਹੋਵੇਗਾ। ਉਸੇ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਜੇਕਰ ਸਭ ਨੂੰ ਇਹ ਪਤਾ ਲੱਗ ਜਾਵੇ ਕਿ 'ਇਕ ਹੀ ਜੀਵ ਹੈ ਅੱਗੇ ਜਾਂ ਪਿੱਛੇ ਹੋਰ ਕੋਈ ਨਹੀਂ' ਤਾਂ ਗਰੰਟੀ ਹੈ ਕਿ ਕੋਈ ਵੀ ਆਪਣੇ ਪੁਨਰ ਜਨਮ ਦਾ ਦਾਅਵਾ ਨਹੀਂ ਕਰ ਸਕਦਾ। ਜੇਕਰ ਪੂਰੀ ਦੁਨੀਆ ਨੂੰ ਇਹ ਸੱਚਾਈ ਪਤਾ ਲੱਗ ਜਾਵੇ ਕਿ ਕੱਪੜੇ ਜਲਣ, ਇੱਟਾਂ ਰੋੜੇ ਡਿੱਗਣ ਆਦਿ ਦੀਆਂ ਰਹੱਸਮਈ ਘਟਨਾਵਾਂ ਪਿੱਛੇ ਕਿਸੇ ਭੂਤ-ਪ੍ਰੇਤ ਦਾ ਹੱਥ ਨਹੀਂ ਸਗੋਂ ਇਸ ਲਈ ਜਿਉਂਦਾ ਵਿਅਕਤੀ ਹੀ ਜ਼ਿੰਮੇਦਾਰ ਹੁੰਦਾ ਹੈ ਤਾਂ ਪਤਾ ਲੱਗਣ

ਦੇ ਡਰ ਤੋਂ ਕਿਸੇ ਘਰ ਵਿਚ ਕੋਈ ਅਜਿਹੀ ਘਟਨਾ ਵਾਪਰ ਹੀ ਨਹੀਂ ਸਕੇਗੀ। ਨਾ ਰਹੇਗਾ ਬਾਂਸ ਨਾ ਵੱਜੇਗੀ ਬੰਸਰੀ।

ਵਿਗਿਆਨ ਨੇ ਸੱਚਾਈ ਦੱਸ ਦਿੱਤੀ ਹੈ ਕਿ ਨਾ ਕੋਈ ਆਤਮਾ ਨਾਮ ਦੀ ਚੀਜ ਦੁਨੀਆ ਤੇ ਹੈ ਨਾ ਹੀ ਕੋਈ ਪਰਮ ਆਤਮਾ ਹੈ। ਧਰਤੀ ਤੋਂ ਬਿਨਾ ਅੱਜ ਤੱਕ ਕਿਤੇ ਵੀ ਜੀਵਨ ਦਾ ਕੋਈ ਸਬੂਤ ਨਹੀਂ ਮਿਲਿਆ। ਭਾਵ ਜੋ ਕੁੱਝ ਹੈ ਧਰਤੀ ਤੇ ਹੀ ਹੈ। ਉੱਪਰ ਜਾਂ ਹੇਠਾਂ ਕੋਈ ਦੁਨੀਆ ਨਹੀਂ। ਕੋਈ ਸਵਰਗ ਨਹੀਂ। ਕੋਈ ਉਪਰ ਨਰਕ ਨਹੀਂ। ਜਦੋਂ ਆਤਮਾ-ਪ੍ਰਮਾਤਮਾ ਦੀ ਧਾਰਣਾ ਹੀ ਝੂਠੀ ਸਿੱਧ ਹੋ ਚੁੱਕੀ ਹੈ। ਫਿਰ ਪੁਨਰ ਜਨਮ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਸੰਸਾਰ ਦੀ ਆਬਾਦੀ ਭਾਵੇਂ ਅਰਬਾਂ ਵਿਚ ਪਹੁੰਚ ਗਈ ਹੈ ਪਰ ਹਜ਼ਾਰਾਂ ਸਾਲ ਪਹਿਲਾਂ ਵੀ 84 ਲੱਖ ਜੂਨੀਆਂ ਦੀ ਗੱਲ ਕੀਤੀ ਜਾਂਦੀ ਸੀ ਤੇ ਅੱਜ ਵੀ 84 ਲੱਖ ਦੀ ਹੀ ਕੀਤੀ ਜਾਂਦੀ ਹੈ। ਇਹ ਅਰਬਾਂ ਆਤਮਾਵਾਂ ਕਿੱਥੋਂ ਆਈਆਂ। ਜਦੋਂ ਕਿ ਨਵੀਂ ਆਤਮਾ ਨਾ ਜਨਮ ਲੈਂਦੀ ਹੈ ਨਾ ਮਰਦੀ ਹੈ। ਕੀ ਰੱਬ ਨੇ ਕੇਵਲ 84 ਲੱਖ ਆਤਮਾਵਾਂ ਹੀ ਬਣਾਈਆਂ ਹਨ ਜਾਂ ਫਿਰ ਨਵੇਂ ਸਰੀਰ ਆਤਮਾ ਤੋਂ ਬਿਨਾ ਹਨ? ਇਹ ਸਵਾਲ ਤਾਂ ਸੋਚਣ ਵਾਲਿਆਂ ਲਈ ਹਨ।

ਜਦੋਂ ਸਰੀਰ ਜਲ ਕੇ ਰਾਖ ਹੁੰਦਾ ਹੈ ਤਾਂ ਆਤਮਾ ਕਰਮਾਂ ਦਾ ਫਲ ਕਿਵੇਂ ਭੁਗਤਦੀ ਹੈ? ਨਵੇਂ ਸਰੀਰ (ਬਿਨਾ ਆਤਮਾ ਤੋਂ) ਕਿੱਥੋਂ, ਕਿਵੇਂ ਤੇ ਕਦੋਂ ਮਿਲਦੇ ਹਨ? ਆਤਮਾ ਸਰੀਰ ਵਿਚ ਕਦੋਂ ਦਾਖਲ ਹੁੰਦੀ ਹੈ – ਬੱਚੇ ਦੇ ਜਨਮ ਵੇਲੇ, ਭਰੂਣ ਦੀ ਹਾਲਤ ਵਿਚ ਜਾਂ ਮਾਂ ਦੇ ਆਂਡੇ ਤੇ ਪਿਓ ਦੇ ਸ਼ੁਕਰਾਣੂ ਇਸ ਵਿੱਚ ਇਸਦਾ ਜੁਆਬ ਕਿਸੇ ਕੋਲ ਨਹੀਂ ਹੁੰਦਾ।

ਪੁਨਰਜਨਮ ਦੇ ਕੇਸਾਂ ਵਿਚ ਇਕ ਗੱਲ ਵਿਸ਼ੇਸ਼ ਤੌਰ ਤੇ ਯਾਦ ਰੱਖਣ ਯੋਗ ਹੈ ਕਿ ਇਹ ਲੱਗਭਗ 50-60 ਕਿਲੋਮੀਟਰ ਦੇ ਦਾਇਰੇ ਵਿਚ ਹੀ ਹੁੰਦਾ ਹੈ। ਜਿੱਥੇ ਦੋਵਾਂ ਪਰਿਵਾਰਾਂ ਨੂੰ ਮਿਲਾਉਣ ਵਾਲੀ ਇਕ 'ਕੜੀ' ਹੁੰਦੀ ਹੈ, ਜਿਸਨੂੰ ਦੋਵਾਂ ਪਰਿਵਾਰਾਂ ਦਾ ਪੂਰਾ ਭੇਤ ਹੁੰਦਾ ਹੈ। ਇਸ ਲਈ ਕੇਵਲ ਕੁੱਝ ਕੁ ਸੁਆਲ ਜੁਆਬ ਹੀ ਰਟ ਲੈਣੇ ਕਾਫੀ ਹੁੰਦੇ ਹਨ। ਇਹਨਾਂ ਦੇ ਆਧਾਰ ਤੇ ਹੀ ਪੁਨਰਜਨਮ ਦੇ ਕੇਸ ਚਰਚਾ ਦਾ ਵਿਸ਼ਾ ਬਣ ਜਾਂਦੇ ਹਨ। ਇਹ ਗੱਲਾਂ ਹਨ-ਆਪਣਾ ਪੁਰਾਣਾ ਨਾਮ, ਜਨਮ ਦੀ ਤਰੀਕ, ਮਾਤਾ-ਪਿਤਾ ਅਤੇ ਘਰ ਦੀ ਪਛਾਣ, ਮੌਤ ਦਾ ਕਾਰਨ, ਭੈਣ-ਭਰਾ ਆਦਿ। ਬੱਸ ਇਹਨਾਂ ਗੱਲਾਂ ਨੂੰ ਰਟਣ ਵਾਲਾ ਕੋਈ ਵੀ ਬੱਚਾ ਆਪਣੇ ਪੁਨਰ ਜਨਮ ਦੀ ਭਵਿੱਖਬਾਣੀ ਕਰ ਸਕਦਾ ਹੈ। ਵਿਚਲਾ ਵਿਚੋਲਾ ਲਾਹਾ ਲੈਣ ਲਈ ਪ੍ਰਚਾਰ ਕਰਦਾ ਹੈ। ਅਗਿਆਨੀ ਅਤੇ ਅੰਧ ਵਿਸ਼ਵਾਸ਼ੀ ਸੋਚ ਵਾਲੇ ਪੱਤਰਕਾਰ ਅਤੇ ਰਿਪੋਰਟਰ ਅਜਿਹੀਆਂ ਖ਼ਬਰਾਂ ਨੂੰ ਮਸਾਲਾ ਲਾ ਕੇ ਪੇਸ਼ ਕਰਦੇ ਹਨ। ਅੰਧ ਵਿਸ਼ਵਾਸ਼ ਫੈਲਾਕੇ, ਲੋਕਾਂ ਨੂੰ ਭਰਮ ਜਾਲ ਵਿਚ ਫਸਾਕੇ, ਲੁੱਟਣ ਵਾਲੀਆਂ ਸੰਸਥਾਵਾਂ ਜਾਂ ਰਾਜਨੀਤਕ ਪਾਰਟੀਆਂ ਅਜਿਹੀਆਂ ਖ਼ਬਰਾਂ ਨੂੰ ਹਵਾ ਦਿੰਦੀਆਂ ਹਨ। ਪੂੰਜੀਵਾਦੀ ਮੀਡੀਆ ਦਾ ਤਾਂ ਮੁੱਖ ਕੰਮ ਹੀ ਅੰਧ ਵਿਸ਼ਵਾਸ਼ ਫੈਲਾਉਣਾ ਹੈ। ਫਿਰ ਸਾਡੇ ਲੋਕਾਂ ਨੂੰ ਸੱਚਾਈ ਦਾ ਪਤਾ ਕਿਵੇਂ ਲੱਗ ਸਕਦਾ ਹੈ। ਕੁੱਝ ਦਿਨਾਂ ਤੱਕ ਅਖ਼ਬਾਰ, ਪੱਤ੍ਰਿਕਾਵਾਂ ਅਤੇ ਟੀ. ਵੀ. ਚੈਨਲ ਖੂਬ ਪ੍ਰਚਾਰ ਕਰਦੇ ਹਨ। ਜਲਦੀ ਹੀ ਭਾਂਡਾ ਫੁੱਟ ਜਾਂਦਾ ਹੈ। ਪਰ ਪਾਖੰਡ ਦਾ ਲਾਹਾ ਲੈਣ ਵਾਲੇ ਲਾਹਾ ਲੈ ਜਾਂਦੇ ਹਨ।

ਅਜਿਹੀਆਂ ਕਹਾਣੀਆਂ ਸਮੇਂ ਅਸੀਂ ਇਹ ਕਦੇ ਨਹੀਂ ਸੋਚਦੇ ਕਿ ਪੰਜਾਬ ਦਾ ਵਿਅਕਤੀ ਪੰਜਾਬ ਵਿਚ ਵੀ ਪੁਨਰ ਜਨਮ ਕਿਉਂ ਲੈਂਦਾ ਹੈ। ਤਾਮਿਲਨਾਡੂ ਜਾਂ ਕੇਰਲਾ ਦਾ ਵਿਅਕਤੀ ਕਿਉਂ ਨਹੀਂ ਜਨਮ ਲੈਂਦਾ। ਪਾਕਿਸਤਾਨ, ਅਮਰੀਕਾ ਜਾਂ ਰੂਸ ਦਾ ਵਿਅਕਤੀ ਭਾਰਤ ਵਿਚ ਕਿਉਂ ਪੁਨਰ ਜਨਮ ਨਹੀਂ ਲੈਂਦਾ? ਕੀ ਰੱਬ ਨੇ ਪੂਰੀ ਦੁਨੀਆਂ ਦੇ ਮਨੁੱਖ ਨੂੰ 60 ਕਿਲੋ ਮੀਟਰ ਦੇ ਦਾਇਰੇ ਵਿਚ ਭੇਜਣ ਦਾ ਫੈਸਲਾ ਕਰ ਰੱਖਿਆ ਹੈ? ਪੂਰੀ ਦੁਨੀਆ ਦੀਆਂ ਆਤਮਾਵਾਂ ਦਾ ਲੇਖਾ-ਜੋਖਾ ਰਖਦੇ ਸਮੇਂ ਇਕ ਵੀ ਪੁਨਰ ਜਨਮ ਅਜਿਹਾ ਨਹੀਂ ਹੋਇਆ ਕਿ ਕੋਈ ਜਪਾਨੀ ਕਨੇਡਾ ਵਿਚ ਜੰਮ ਪਿਆ ਹੋਵੇ। ਜਦੋਂ ਕਿ ਬੰਦਿਆਂ ਦੇ ਮਰਨ ਸਮੇਂ ਜ਼ਰੂਰ ਰੱਬ ਤੋਂ ਗਲਤੀ ਹੋ ਜਾਂਦੀ ਹੈ। ਮਾਰਨਾ ਕਿਸੇ ਹੋਰ ਨੂੰ ਹੁੰਦਾ ਹੈ ਤੇ ਜਮਦੂਤ ਕਿਸੇ ਹੋਰ ਨੂੰ ਲੈ ਜਾਂਦੇ ਹਨ। ਫਿਰ ਉਸਨੂੰ ਮੋੜਕੇ ਛੱਡ ਜਾਂਦੇ ਹਨ ਅਤੇ ਦੂਜੇ ਨੂੰ ਲੈ ਜਾਂਦੇ ਹਨ। ਅਜਿਹੀਆਂ ਕਹਾਣੀਆਂ ਅਸੀਂ ਆਮ ਸੁਣਦੇ ਹਾਂ। ਪਰ ਪੁਨਰ ਜਨਮ ਬਾਰੇ ਅਜਿਹਾ ਨਹੀਂ ਹੁੰਦਾ। ਸ਼ਾਇਦ ਆਉਣ ਵਾਲੇ ਸਮਿਆਂ ਵਿਚ ਹੋਣ ਲੱਗ ਪਵੇਗਾ ਕਿਉਂਕਿ ਸਾਰੀ ਦੁਨੀਆਂ ਹੁਣ ਇਕ ਪਿੰਡ ਬਣਦੀ ਜਾ ਰਹੀ ਹੈ।

ਆਓ ਹੁਣ ਦੇਖੀਏ ਕਿ ਤਰਕਸ਼ੀਲ ਅਜਿਹੇ ਕੇਸਾਂ ਨੂੰ ਫਰਾਡ ਕਿਵੇਂ ਸਿੱਧ ਕਰਦੇ ਹਨ। ਤਰਕਸ਼ੀਲ ਜਾਣਦੇ ਹਨ ਕਿ ਜਿਹੜਾ ਵਿਅਕਤੀ ਵਿਸ਼ੇਸ਼ ਕਰਕੇ ਬੱਚਾ (ਮੁੰਡਾ ਜਾਂ ਕੁੜੀ) ਆਪਣੇ ਪੁਨਰ ਜਨਮ ਬਾਰੇ ਦੱਸਣਾ ਸ਼ੁਰੂ ਕਰਦਾ ਹੈ, ਇਹ ਘਟਨਾ ਚਰਚਾ ਦਾ ਵਿਸ਼ਾ ਬਣਦੀ ਹੈ। ਸਾਡੇ ਸੱਭਿਆਚਾਰ ਦਾ ਇਕ ਅੰਗ ਹੈ ਕਿ ਜਦੋਂ ਅਸੀਂ ਕਿਸੇ ਦੇ ਘਰ ਜਾਂਦੇ ਹਾਂ ਤਾਂ ਫਲ ਜਾਂ ਮਿਠਾਈ ਆਦਿ ਲੈ ਕੇ ਜਾਂਦੇ ਹਾਂ। ਅਜਿਹੇ ਕੇਸਾਂ ਵਿਚ ਵੀ ਫਲ, ਮਿਠਾਈ ਜਾਂ ਨਕਦ ਪੈਸੇ ਉਸ ਬੱਚੇ ਅੱਗੇ ਰੱਖੇ ਜਾਂਦੇ ਹਨ। ਜਿਹੜਾ ਪੁਨਰ ਜਨਮ ਬਾਰੇ ਦਸਦਾ ਹੈ। ਸਾਡੇ ਲੋਕਾਂ ਲਈ ਉਹ ਕੋਈ ਸਧਾਰਨ ਬੱਚਾ ਨਹੀਂ, ਜਿਸਨੂੰ ਪਿਛਲੇ ਜਨਮ ਦਾ ਪਤਾ ਹੈ। ਲੋਕ ਆਉਂਦੇ ਜਾਂਦੇ ਹਨ। ਗਿਣੇ ਚੁਣੇ ਸੁਆਲ ਪੁੱਛਦੇ ਹਨ, ਚਲੇ ਜਾਂਦੇ ਹਨ। ਭੀੜ ਵਧਦੀ ਹੈ, ਸੁਆਲ ਪੁੱਛਣ ਦਾ ਸਿਲਸਿਲਾ ਘਟਦਾ ਹੈ। ਉਦੋਂ ਤੱਕ ਅਖ਼ਬਾਰਾਂ ਅਤੇ ਟੀ. ਵੀ. ਵਾਲੇ ਇਸ ਖ਼ਬਰ ਨੂੰ ਪੂਰੀ ਦੁਨੀਆ ਵਿਚ ਫੈਲਾਅ ਚੁੱਕੇ ਹੁੰਦੇ ਹਨ। ਇਹ ਖ਼ਬਰ ਤਰਕਸ਼ੀਲਾਂ ਤੱਕ ਵੀ ਪੁੱਜ ਜਾਂਦੀ ਹੈ। ਉਹ ਸੰਬੰਧਤ ਘਰਾਂ ਵਿਚ ਜਾਂਦੇ ਹਨ। ਸੁਆਲ ਪੁੱਛਦੇ ਹਨ ਅਤੇ ਰਟੇ-ਹਟਾਏ ਸੁਆਲਾਂ ਤੋਂ ਅੱਡ ਪ੍ਰਸ਼ਨ ਪੁੱਛਣ ਨਾਲ ਬੱਚਾ ਫਸ ਜਾਂਦਾ ਹੈ। ਉਹ ਬਹੁਤ ਹੀ ਮਹੱਤਵਪੂਰਣ ਸੁਆਲਾਂ ਦੇ ਜੁਆਬ ਵੀ ਨਹੀਂ ਦੇ ਸਕਦਾ।

ਤਰਕਸ਼ੀਲਾਂ ਨੇ ਜਿੰਨੇ ਵੀ ਕੇਸ ਹੱਲ ਕੀਤੇ ਹਨ ਉੱਥੇ ਰਟੇ ਰਟਾਏ ਸੁਆਲਾਂ ਤੋਂ ਬਿਨਾਂ ਜਾਣਕਾਰ ਵਿਅਕਤੀਆਂ ਦੇ ਨਾਮ ਅਤੇ ਫੋਟੋ ਦਿਖਾਏ ਪਹਿਚਾਣ ਕਰਨੀ, ਜਨਮ ਮਰਨ ਦੀਆਂ ਤਰੀਕਾਂ ਦਾ ਮਿਲਾਨ ਕਰਨਾ, ਮਰਨ ਦੇ ਕਾਰਨਾਂ ਦੀ ਪੜਤਾਲ, ਕੜੀ ਦਾ ਕੰਮ ਕਰਨ ਵਾਲੇ ਵਿਅਕਤੀ ਦੀ ਪਛਾਣ ਤੇ ਉਸਦਾ ਸੁਆਰਥ ਜਾਣਨਾ। ਬੱਚੇ ਦੇ ਨਜ਼ਦੀਕੀ ਦੋਸਤਾਂ, ਡਾਕਟਰਾਂ, ਅਧਿਆਪਕਾਂ, ਗੁਆਂਢੀਆਂ ਤੇ ਹੋਰ ਰਿਸ਼ਤੇਦਾਰਾਂ ਬਾਰੇ ਸੁਆਲ ਪੁੱਛੇ ਜਾਂਦੇ ਹਨ। ਨਤੀਜਾ ਇਹੀ ਨਿਕਲਦਾ ਹੈ ਕਿ ਬੱਚਾ ਕੇਵਲ ਉਹਨਾਂ ਪ੍ਰਸ਼ਨਾਂ ਦਾ ਉੱਤਰ ਹੀ ਦੇ ਸਕਦਾ ਹੈ ਜਿਹੜੇ ਉਸਨੂੰ ਸਿਖਾਏ ਗਏ ਹੁੰਦੇ ਹਨ। ਕਈ ਵਾਰ ਤਾਂ ਬੱਚਾ, ਸਿਖਾਉਣ ਵਾਲੇ ਵਿਅਕਤੀ ਦਾ ਨਾਮ ਵੀ ਸਪਸ਼ਟ ਕਰ ਦਿੰਦਾ ਹੈ ਅਤੇ ਸਾਰਾ ਭਾਂਡਾ ਫੁੱਟ ਜਾਂਦਾ ਹੈ। ਪੁਨਰ ਜਨਮ ਦਾ ਇਹ ਕੇਸ ਇੰਨੀ ਪ੍ਰਸਿੱਧੀ ਖੱਟ ਕੇ ਵੀ ਮਿੱਟੀ ਵਿਚ ਮਿਲ ਜਾਂਦਾ ਹੈ। ਪਰ ਫਿਰ ਵੀ ਕੁਝ ਗਿਣੇ-ਚੁਣੇ ਵਿਅਕਤੀ ਜਾਂ ਸੰਸਥਾਵਾਂ ਕੇਵਲ ਕੁਝ ਸੁਆਲਾਂ ਦੇ ਜੁਆਬਾਂ ਨੂੰ ਸੱਚ ਮੰਨਦੇ ਹੋਏ ਇਹ ਦਾਅਵਾ ਕਰ ਦਿੰਦੇ ਹਨ ਕਿ ਸੱਚਮੁੱਚ ਵਿਅਕਤੀ ਦਾ ਪੁਨਰ ਜਨਮ ਸੰਭਵ ਹੈ। ਇਹੀ ਕਾਰਨ ਹੈ ਕਿ ਸਮੇਂ ਸਮੇਂ ਉਭਰਦੀਆਂ ਅਜਿਹੀਆਂ ਘਟਨਾਵਾਂ ਨੂੰ ਵੱਧ ਤੋਂ ਵੱਧ ਹਵਾ ਦੇਣ ਦਾ ਯਤਨ ਕੀਤਾ ਜਾਂਦਾ ਹੈ। ਇਹੀ ਕਾਰਨ ਹੈ ਕਿ ਤਰਕਸ਼ੀਲਾਂ ਨੇ ਪੁਨਰ ਜਨਮ ਦੇ ਤੌਰ ਤੇ ਅਨੋਖੀ ਭਾਸ਼ਾ ਬੋਲਣ ਵਾਲਿਆਂ ਨੂੰ ਭਾਵ ਪੁਨਰ ਜਨਮ ਦਾ ਦਾਅਵਾ ਕਰਨ ਵਾਲਿਆਂ ਨੂੰ ਚੁਣੌਤੀ ਦਿੱਤੀ ਹੋਈ ਹੈ ਕਿ ਉਹ ਇਸ ਸੱਚਾਈ ਨੂੰ ਸਿੱਧ ਕਰਕੇ ਕਰੋੜਾਂ ਰੁਪਏ ਇਨਾਮ ਜਿੱਤ ਸਕਦੇ ਹਨ। ਸੋਚੋ! ਕਿ ਅੱਜ ਤੱਕ ਕੋਈ ਵੀ ਇਸ ਇਨਾਮ ਨੂੰ ਕਿਉਂ ਨਹੀਂ ਜਿੱਤ ਸਕਿਆ! ਜਿੱਤ ਆਖਰ ਸੱਚ ਦੀ ਹੀ ਹੁੰਦੀ ਹੈ।


## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।

# ਮੈਂ ਤਰਕਸ਼ੀਲ ਕਿਵੇਂ ਬਣਿਆ



ਸਾਲ 2001 ਦੀ ਗੱਲ ਹੈ ਮੈਂ ਮੋਗੇ ਤੋਂ ਚੰਡੀਗੜ੍ਹ ਰੇਲਵੇ ਦਾ ਲਿਖਤੀ ਟੈਸਟ ਦੇਣ ਦਾ ਰਿਹਾ ਸੀ। ਲੁਧਿਆਣੇ ਤੋਂ ਬਾਅਦ ਸਮਰਾਲੇ ਦੇ ਨਜ਼ਦੀਕ ਬੱਸ ਇੱਕ ਢਾਬੇ ਤੇ ਰੁਕੀ ਤੇ ਕੰਡਕਟਰ ਨੇ ਹੋਕਾ ਦਿੱਤਾ - ਜੀਹਨੇ ਚਾਹ ਪਾਣੀ ਛਕਣੈ ਉਤਰ ਕੇ ਛਕ ਲਉ ਬਈ ਉਇ, ਬੱਸ ਇੱਥੇ 15-20 ਮਿੰਟ ਖੜ੍ਹੂਗੀ। ਡਰਾਈਵਰ-ਕੰਡਕਟਰ ਖੁਦ ਵੀ ਢਾਬੇ ਦੇ ਅੰਦਰ ਇੱਕ ਸਪੈਸ਼ਲ ਕੈਬਿਨ ਵਿੱਚ ਫ਼ਰੀ ਦਾ ਮਾਲ-ਪੱਤਾ ਛਕਣ ਚਲੇ ਗਏ। ਬੱਸ ਵਿੱਚੋਂ ਤਕਰੀਬਨ ਅੱਧਿਉਂ ਵੱਧ ਸਵਾਰੀਆਂ ਉਤਰ ਕੇ ਖਾਣ-ਪੀਣ ਲੱਗ ਪਈਆਂ। ਕੋਈ ਚਾਹ ਦੇ ਨਾਲ ਟੋਸਟ, ਬਰੈੱਡ ਪਕੌੜੇ ਤੇ ਕੋਈ ਕੋਲਡ ਡਰਿੰਕ ਪੀਣ ਲੱਗ ਪਿਆ ਕਿਉਂਕਿ ਮੈਨੂੰ ਇਨ੍ਹਾਂ ਢਾਬਿਆਂ ਦੀ ਸਾਫ਼- ਸਫ਼ਾਈ ਇੰਨੀ ਪਸੰਦ ਨਹੀਂ, ਸੋ ਮੈਂ ਕੁਝ ਵੀ ਨਾ ਖਾਣ ਦਾ ਮਨ ਬਣਾਇਆ, ਪਰ ਬੱਸ ਵਿੱਚੋਂ ਉਤਰ ਕੇ ਇੱਧਰ-ਉੱਧਰ ਚਹਿਲ-ਕਦਮੀ ਕਰਨ ਲੱਗਿਆ। ਇੰਨੇ ਨੂੰ ਮੇਰੀ ਨਜ਼ਰ ਸੜਕ ਦੇ ਕਿਨਾਰੇ ਲੱਗੇ ਛੋਟੇ ਜਿਹੇ ਬੁੱਕ-ਸਟਾਲ ਤੇ ਪਈ। ਉਥੇ ਕਾਫ਼ੀ ਪੁਰਾਣੀਆਂ ਪੁਰਾਣੀਆਂ ਕਿਤਾਬਾਂ ਪਈਆਂ ਸਨ। ਕਿਤਾਬਾਂ ਨਾਲ ਮੈਨੂੰ ਬਚਪਨ ਤੋਂ ਹੀ ਪਿਆਰ ਰਿਹਾ ਹੈ, ਇੰਨਾ ਪਿਆਰ ਕਿ ਜੇ ਮੈਂ ਕਹਾਂ ਕਿਤਾਬਾਂ ਨੂੰ ਮੈਂ ਆਪਣੇ ਜਿਗਰੀ ਦੋਸਤਾਂ ਤੋਂ ਵੀ ਵੱਧ ਸਮਝਦਾ ਹਾਂ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕਈ ਕਿਤਾਬਾਂ, ਮੈਗਜ਼ੀਨਾਂ ਵੱਲ ਮੇਰੀ ਨਜ਼ਰ ਗਈ, ਪਰੰਤੂ ਇੱਕ ਕਿਤਾਬ 'ਜੋਤਿਸ਼ ਝੂਠ ਬੋਲਦਾ ਹੈ' ਨੇ ਮੈਨੂੰ ਆਕਰਸ਼ਿਤ ਕੀਤਾ। ਮੈਂ ਉਹ ਕਿਤਾਬ ਖਰੀਦ ਲਈ। ਸਾਰੀ ਪੜ੍ਹੀ, ਜੋਤਿਸ਼ ਝੂਠ ਹੈ, ਇਹ ਗੱਲ ਤਾਂ ਮੈਨੂੰ 110% ਜਚ ਗਈ। ਜੋਤਿਸ਼ ਤੋਂ ਮੇਰਾ ਵਿਸ਼ਵਾਸ ਉੱਕਾ ਹੀ ਚੱਕਿਆ ਗਿਆ, ਪਰ ਰੱਬ ਨਾ ਹੋਣ ਬਾਰੇ ਵਿਚਾਰ ਮੈਨੂੰ ਚੰਗੇ ਨਾ ਲੱਗੇ। ਤਿੰਨ-ਚਾਰ ਮਹੀਨਿਆਂ ਬਾਅਦ ਫੇਰ ਉਹੀ ਕਿਤਾਬ ਦੁਆਰਾ ਪੜ੍ਹੀ। ਕਿਤਾਬ ਦੇ ਅੰਤ ਵਿੱਚ, ਕਿਤਾਬਾਂ ਦੀ ਲਿਸਟ ਛਪੀ ਹੋਈ ਸੀ, ਉਹ ਸਾਰੀਆਂ ਦੀਆਂ ਸਾਰੀਆਂ ਕਿਤਾਬਾਂ ਮੰਗਵਾ ਕੇ ਪੜ੍ਹੀਆਂ.....ਤੇ ਫੇਰ ਹੋਇਆ ਕੀ.....ਬੰਦ ਦਰਵਾਜ਼ੇ ਖੁੱਲ੍ਹ ਗਏ.....ਅੰਦਰ ਦੀ ਭੜਾਸ ਬਾਹਰ ਤੇ ਤਾਜ਼ੀ ਹਵਾ ਦੇ ਬੁੱਲ੍ਹੇ ਦਿਮਾਗ ਅੰਦਰ ਪ੍ਰਵੇਸ਼ ਕਰ ਗਏ। ਦਿਮਾਗ ਰੌਸ਼ਨ ਹੋ ਗਿਆ। ਇਤਿਹਾਸ ਵਿੱਚ ਪੜ੍ਹਿਆ ਸੀ, ਬੋਧਗਯਾ ਵਿਖੇ 48 ਦਿਨਾਂ ਦੀ ਸਮਾਧੀ ਮਗਰੋਂ ਪੂਰਨਮਾਸ਼ੀ ਵਾਲੇ ਦਿਨ, ਮਹਾਤਮਾ ਬੁੱਧ ਨੂੰ 35 ਵਰ੍ਹਿਆਂ ਦੀ ਉਮਰ ਵਿੱਚ ਸਰਵਉੱਚ ਗਿਆਨ ਦੀ ਪ੍ਰਾਪਤੀ ਹੋਈ ਸੀ, ਇੱਕ ਤਰਕਸ਼ੀਲ ਸੋਚ ਵਾਲਾ ਬੰਦਾ ਆਸਾਨੀ ਨਾਲ ਸੋਚ ਸਕਦਾ ਹੈ ਕਿ ਬੁੱਧ ਨੂੰ ਕਿਸ ਤਰ੍ਹਾਂ ਦੇ ਗਿਆਨ ਦੀ ਪ੍ਰਾਪਤੀ ਹੋਈ ਹੋਵੇਗੀ, ਪਰ 29 ਸਾਲ ਦੀ ਉਮਰ ਵਿੱਚ ਮੈਂ ਜ਼ਿੰਦਗੀ ਦੇ ਅਸਲੀ ਅਰਥਾਂ ਨੂੰ ਸਮਝ ਚੁੱਕਿਆ ਸੀ। ਕੱਟੜ ਆਸਤਿਕ ਤੋਂ ਇੱਕ ਸੱਚਾ ਇਨਸਾਨ ਬਣ ਚੁੱਕਿਆ ਸੀ, ਪਰ ਕਦੇ-ਕਦੇ ਦਿਮਾਗ ਵਿੱਚ ਇੱਕ ਗੱਲ ਆਉਂਦੀ ਸੀ ਹੋਰ 10-15 ਸਾਲ ਪਹਿਲਾਂ ਇਸ ਤਰ੍ਹਾਂ ਦੀਆਂ ਕਿਤਾਬਾਂ ਪੜ੍ਹ ਲੈਂਦਾ ਤਾਂ ਕਿੰਨਾ ਚੰਗਾ ਹੁੰਦਾ। ਪਹਿਲਾਂ ਜੇ ਕੋਈ ਦੇਵੀ-ਦੇਵਤਿਆਂ ਬਾਰੇ ਜਾਂ ਗੁਰੂਆਂ-ਪੀਰਾਂ ਬਾਰੇ ਗਲਤ ਬੋਲਦਾ ਸੀ ਤਾਂ ਮੈਂ ਉਸ ਨਾਲ ਲੜਾਈ ਦੀ ਹੱਦ ਤੱਕ ਚਲਾ ਜਾਂਦਾ ਸੀ। ਹੁਣ ਸਮਝੋ 2001 ਵਿੱਚ ਮੇਰਾ ਨਵਾਂ ਜਨਮ ਹੋਇਆ ਸੀ।

ਹੁਣ ਵੀ ਜਦੋਂ 12-13 ਸਾਲ ਪਿਛਾਂਹ ਵੱਲ ਝਾਤੀ ਮਾਰਦਾ ਹਾਂ ਤਾਂ ਉਹ ਦਿਨ.....ਉਹ ਸਫ਼ਰ.....ਸਮਰਾਲੇ ਕੋਲ ਢਾਬੇ ਤੇ ਬੱਸ ਦਾ ਖੜ੍ਹਨਾ.....ਬੁੱਕ ਸਟਾਲ ਵੱਲ ਸਰਸਰੀ ਨਜ਼ਰ ਮਾਰਦਿਆਂ ਉਸ ਕਿਤਾਬ ਨੂੰ ਖਰੀਦਨਾ.....ਇਹ ਸਭ ਸੋਚ ਕੇ ਹੀ ਮੈਂ ਰੁਮਾਂਚਿਤ ਹੋ ਜਾਂਦਾ ਹਾਂ.....ਅੰਦਰਲਾ ਮਨ ਸੁਆਦ ਸੁਆਦ ਹੋ ਜਾਂਦਾ ਹੈ..... ਇੱਕ ਨਾ ਬਿਆਨਯੋਗ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ ਤੇ ਸੋਚਦਾ ਹਾਂ, ਜੇ ਉਦੋਂ ਅਜਿਹਾ ਨਾ ਹੋਇਆ ਹੁੰਦਾ ਤਾਂ ਅੱਜ ਵੀ ਮੈਂ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਪਾਖੰਡਾਂ, ਦੇਵੀ-ਦੇਵਤਿਆਂ ਤੇ ਪੀਰ ਬਾਬਿਆਂ ਦੇ ਪੱਥਰ ਦੇ ਬੁੱਤਾਂ ਦੇ ਮੱਕੜਜਾਲ ਵਿੱਚ ਉਲਝ ਕੇ ਆਪਣੀ ਜ਼ਿੰਦਗੀ ਨੂੰ ਬਰਬਾਦ ਕਰ ਰਿਹਾ ਹੋਣਾ ਸੀ।

ਬਹੁਤ-ਬਹੁਤ ਧੰਨਵਾਦ, ਉਸ ਕਿਤਾਬ ਦੇ ਲੇਖਕ 'ਮਨਜੀਤ ਬੋਪਾਰਾਏ' ਦਾ ਬਹੁਤ ਬਹੁਤ ਧੰਨਵਾਦ.....।


**- ਅਜੈ ਕੁਮਾਰ ਸੱਗੜ੍ਹ,**
ਹਾਊਸ ਨੰ: ਏ-4, ਬੀਬੀਐਮਬੀ ਕਾਲੋਨੀ,
ਹੰਡਿਆਇਆ (ਬਰਨਾਲਾ), ਮੋਬਾ: 99146-11811


## ਪਾਖੰਡੀ ਬਾਬੇ

ਰਾਮ ਜੀ ਰਾਮ-ਜੀ ਦਾ ਨਾਂ ਲੈਂਦੇ ਨੇ ਇਹ,
ਅੰਦਰੋਂ ਬੁਰਾ-ਭਲਾ ਕਹਿੰਦੇ ਨੇ ਇਹ।
ਕਹਿੰਦੇ ਜੋ ਬਾਬਿਆਂ ਨੂੰ ਮਾੜਾ ਬੋਲੂ,
ਪਊ ਲੱਖ ਚੁਰਾਸੀ ਜੂਨ ਭਰਨੀ,
ਜਿੰਨੀ ਐਸ਼ ਬਾਬਿਆਂ ਨੂੰ ਉਨੀਂ ਨਹੀਂ ਕਿਸੇ ਨੇ ਕਰਨੀ।

ਲੀਡਰ ਇਨ੍ਹਾਂ ਦੇ ਪੈਰੀਂ ਪੈਂਦੇ,
ਬਾਬਾ-ਜੀ ਬਾਬਾ-ਜੀ ਇਨ੍ਹਾਂ ਨੂੰ ਕਹਿੰਦੇ,
ਇਹ ਬਾਬਿਆਂ ਕੋਲ ਜਾ ਕੇ ਬਹਿੰਦੇ,
ਅਸੀਂ ਹਾਂ ਬੰਦੇ ਧਰਮੀ।
ਜਿੰਨੀ ਐਸ਼ ਬਾਬਿਆਂ ਨੂੰ...

ਏ. ਸੀ. ਵਾਲੀ ਗੱਡੀ ਵਿੱਚ ਰਹਿੰਦੇ,
ਲੋਕਾਂ ਤੋਂ ਹੀ ਪੈਸੇ ਲੈਂਦੇ।
ਮਾਇਆ ਨੂੰ ਇਹ ਮਾੜਾ ਕਹਿੰਦੇ,
ਕਹਿੰਦੇ ਮਾਇਆ ਦਾ ਫੜਨਾ ਲੜ ਨ੍ਹੀ।
ਜਿੰਨੀ ਐਸ਼ ਬਾਬਿਆਂ ਨੂੰ...

ਠੱਗੀਆਂ ਇਹ ਮਾਰੀ ਜਾਂਦੇ,
ਤਰਕਸ਼ੀਲਾਂ ਦੇ ਕੋਲ ਨਾ ਆਉਂਦੇ।
ਮਨ ਦੇ ਵਿੱਚ ਇਹ ਸੋਚਦੇ ਰਹਿੰਦੇ,
ਔਖੀ ਹੋਜੂਗੀ ਉਨ੍ਹਾਂ ਨਾਲ ਗੱਲ ਕਰਨੀ।
ਜਿੰਨੀ ਐਸ਼ ਬਾਬਿਆਂ ਨੂੰ...

ਤਰਕਸ਼ੀਲਤਾ ਨੂੰ ਤੂੰ ਅਪਣਾ ਲੈ,
ਅੰਧ-ਵਿਸ਼ਵਾਸਾਂ ਨੂੰ ਦੂਰ ਭਜਾ ਲੈ।
ਰਹੂ ਭੂਤ-ਪ੍ਰੇਤਾਂ ਦਾ ਡਰਨੀ,
ਜਿੰਨੀ ਐਸ਼ ਬਾਬਿਆਂ ਨੂੰ...

ਲਾਇਬਰੇਰੀ ਵਿੱਚੋਂ ਕਿਤਾਬਾਂ ਪੜ੍ਹ ਲੈ,
ਚੰਗੇ ਬੰਦਿਆਂ ਦਾ ਲੜ੍ਹ ਫੜ ਲੈ।
ਬਾਬਿਆਂ ਤੋਂ ਸਦਾ ਦੂਰ ਹੀ ਰਹਿਣਾ,
ਇਹ ਮਨਦੀਪ ਤੂੰ ਮਨ ਵਿੱਚ ਮੜ੍ਹ ਲੈ।
ਫਿਰ ਬਾਬਿਆਂ ਤੋਂ ਲੱਗਣਾ ਡਰ ਨੀ,
ਜਿੰਨੀ ਐਸ਼ ਬਾਬਿਆਂ ਨੂੰ...

ਮਹਿੰਗੇ ਇਹ ਹਥੌਲੇ ਪਾਉਂਦੇ,
ਆਪ ਦਵਾਈ ਡਾਕਟਰ ਤੋਂ ਲਿਆਂਉਂਦੇ।
ਮਾਈਆਂ ਡੇਰਿਆਂ ਵਿੱਚ ਕੰਮ ਕਰਦੀਆਂ,
ਔਖੀ ਹੁੰਦੀ ਐ ਘਰੇ ਦਾਲ ਧਰਨੀ।
ਜਿੰਨੀ ਐਸ਼ ਬਾਬਿਆਂ ਨੂੰ...

ਇਨ੍ਹਾਂ ਤੋਂ ਸਦਾ ਬਚ ਕੇ ਰਹਿਣਾ,
ਮਨਦੀਪ ਨਮੋਲ ਦਾ ਮੰਨ ਲੈ ਕਹਿਣਾ।
ਲੋੜ ਭੱਜਣ ਦੀ ਦਰ-ਦਰ ਨੀ।
ਜਿੰਨੀ ਐਸ਼ ਬਾਬਿਆਂ ਨੂੰ...


**- ਮਨਦੀਪ ਸਿੰਘ,** ਸ੍ਰੇਣੀ ਦਸਵੀਂ, ਜਥੇਦਾਰ ਕੌਰ,
ਸਿੰਘ ਸ. ਸ. ਸ. ਸ., ਨਮੋਲ।
ਮੋਬਾ: 82888-10087

# ਸਾਧ ਕੋਲੋਂ ਪੁੱਤ ਮੰਗਦੀ

ਰਾਬਿੰਦਰ ਨਾਥ ਟੈਗੋਰ ਦਾ ਕਥਨ ਹੈ ਕਿ "ਸਾਧੂਆਂ ਅਤੇ ਆਮ ਲੋਕਾਂ ਵਿੱਚ ਇਹੀ ਫ਼ਰਕ ਹੈ ਕਿ ਸਾਧੂ ਚਲਾਕ ਹੁੰਦੇ ਹਨ ਤੇ ਆਮ ਲੋਕ ਸਾਧਾਰਨ ਵਿਚਾਰਾਂ ਵਾਲੇ।" ਦੂਜਾ, ਸਾਧ ਦਾ ਬਾਣਾ, ਅਸਲੀਅਤ ਨੂੰ ਛਿਪਾਉਣ ਦਾ ਇਕ ਬਹੁਤ ਹੀ ਵਧੀਆ ਸਾਧਨ ਹੈ। ਕਾਤਲ ਤੇ ਭਗੌੜੇ ਸਦੀਆਂ ਤੋਂ ਹੀ ਇਸ ਰੂਪ ਨੂੰ ਇਕ ਅਜ਼ਮੂਦਾ ਸਾਧਨ ਵਜੋਂ ਵਰਤਦੇ ਆ ਰਹੇ ਹਨ। ਸੂਬਾ ਸਿੰਘ ਆਪਣੀ ਰਚਨਾ 'ਹੀਰ' ਵਿਚ ਲਿਖਦਾ ਹੈ :

ਮੁੰਨੇ ਜੋਗੀਆਂ, ਦਾਰੂ ਪੀਨਿਆਂ ਦਾ,
ਕੋਈ ਸਕਦਾ ਰਾਜ਼ ਟਟੋਲ ਨਾਹੀਂ।

ਭਾਰਤੀ ਸਮਾਜ ਨੂੰ ਜਿੰਨ ਬਣ ਕੇ ਚੰਬੜੇ ਇਨ੍ਹਾਂ ਸਾਧਾਂ ਦੇ ਵੱਖ-ਵੱਖ ਰੂਪ ਵੇਖਣ ਨੂੰ ਮਿਲਦੇ ਹਨ। ਸਾਧਾਰਨ ਲੋਕਾਂ ਨੂੰ ਠੱਗਣ ਲਈ ਹਰ ਵਰਗ ਦੇ ਸਾਧ ਨੇ ਆਪਣੇ ਹੀ ਕੁਝ ਢੰਗ-ਤਰੀਕੇ ਈਜਾਦ ਕਰ ਰੱਖੇ ਹਨ। ਇਨ੍ਹਾਂ ਹੀ ਸਾਧਾਂ ਦਾ ਇੱਕ ਵਰਗ ਲੋੜਵੰਦ ਬੀਬੀਆਂ ਨੂੰ ਮੁੰਡਿਆਂ ਦੀ 'ਦਾਤ ਬਖ਼ਸ਼ਦਾ' ਹੈ।



ਦਰਅਸਲ, ਸਾਡੇ ਸਮਾਜ ਦੀਆ ਗ਼ਲਤ ਕਦਰਾਂ-ਕੀਮਤਾਂ ਅਤੇ ਸਾਧਾਂ ਪ੍ਰਤੀ ਬੇਲੋੜੀ ਸ਼ਰਧਾ ਨੇ ਸਮਾਜ ਦੇ ਕੁਝ ਚਲਾਕ ਲੋਕਾਂ ਨੂੰ ਝੂਠ ਦਾ ਇਹ ਵਣਜ ਕਰਨ ਲਈ ਸੁਨਹਿਰੀ ਅਵਸਰ ਪ੍ਰਦਾਨ ਕਰ ਰੱਖਿਆ ਹੈ। ਉਂਞ, ਇਸ ਵਣਜ ਵਿੱਚ ਕੁਝ ਅਖੌਤੀ ਡਾਕਟਰ/ਹਕੀਮ ਵੀ ਖੂਬ 'ਹੱਥ ਰੰਗ ਰਹੇ' ਹਨ। ਪਰ ਇੱਥੇ ਗੱਲ ਨੂੰ ਸਾਧਾਂ ਦੀ ਕਾਰਗੁਜ਼ਾਰੀ ਤੱਕ ਹੀ ਸੀਮਤ ਰੱਖਿਆ ਜਾਵੇਗਾ। ਗੱਲ ਨੂੰ ਅਸਰਦਾਰ ਢੰਗ ਨਾਲ ਸਮਝਣ ਲਈ, ਪਹਿਲਾਂ ਮੁੰਡਾ/ਕੁੜੀ ਪੈਦਾ ਹੋਣ ਦੇ ਕੁਦਰਤੀ ਸਿਧਾਂਤ ਨੂੰ ਸਮਝਣਾ ਅਤਿ ਜ਼ਰੂਰੀ ਹੈ।

ਇਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਔਰਤ ਦੀ ਓਵਰੀ 'ਚੋਂ ਪੱਕ ਕੇ ਝੜੇ ਅੰਡੇ ਦਾ ਮਰਦ ਦੇ ਵੀਰਜ 'ਚੋਂ ਕੇਵਲ ਇਕ ਸ਼ੁਕਰਾਣੂ ਨਾਲ਼ ਕਾਮਯਾਬ ਮੇਲ, ਬੱਚੇ ਦੀ ਉਤਪਤੀ ਦਾ ਆਧਾਰ ਹੁੰਦਾ ਹੈ। ਵੀਰਜ ਵਿਚਲੇ ਅੱਧੇ ਸ਼ੁਕਰਾਣੂ ਮੁੰਡਾ ਤੇ ਅੱਧੇ ਸ਼ੁਕਰਾਣੂ ਕੁੜੀ ਪੈਦਾ ਕਰਨ ਦੀ ਸਮਰੱਥਾ ਰੱਖਦੇ ਹਨ। ਸੋ, ਬੱਚੇ ਦਾ ਲਿੰਗ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿਹੜੀ ਕਿਸਮ ਦੇ ਸ਼ੁਕਰਾਣੂ ਦੇ ਮੇਲ ਨਾਲ਼ ਅੰਡੇ ਦਾ ਉਪਜਾਊਕਰਨ ਹੁੰਦਾ ਹੈ। ਕਿਉਂਕਿ ਅੰਡੇ ਦੇ ਉਪਜਾਊਕਰਨ ਲਈ ਕੇਵਲ ਇੱਕ ਹੀ ਸ਼ੁਕਰਾਣੂ ਦੀ ਲੋੜ ਹੁੰਦੀ ਹੈ, ਇਸ ਲਈ ਮੁੰਡੇ ਜਾਂ ਕੁੜੀ ਦੀ ਪੈਦਾਇਸ਼ ਇੱਕ ਅਚਾਨਕ ਘਟਨਾ ਹੁੰਦੀ ਹੈ, ਜਾਂ ਕਹਿ ਲਵੋ, ਇਹ ਤਾਂ ਇੱਕ ਸੰਯੋਗ ਹੀ ਹੁੰਦਾ ਹੈ। ਸਪੱਸ਼ਟ ਹੈ ਕਿ ਬੱਚੇ ਦੇ ਲਿੰਗ ਦਾ ਰੱਬੀ ਫ਼ੈਸਲਾ ਅੰਡੇ ਦੇ ਉਪਜਾਊ ਹੋਣ ਸਮੇਂ ਹੀ ਹੋ ਜਾਂਦਾ ਹੈ। ਗ਼ੌਰਤਲਬ ਹੈ ਕਿ ਬੱਚੇ ਦਾ ਲਿੰਗ ਨਿਰਧਾਰਤ ਕਰਨ ਦੀ ਕਿਰਿਆ ਵਿੱਚ ਅੰਡਾ ਕਿਸੇ ਤਰ੍ਹਾਂ ਦਾ ਵੀ ਕੋਈ ਰੋਲ ਅਦਾ ਨਹੀਂ ਕਰਦਾ। ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਲਿੰਗ ਨਿਰਧਾਰਤ ਕਰਨ ਦਾ ਇਹੋ ਸਿਧਾਂਤ ਵਿਗਿਆਨਕ ਸ਼ਬਦਾਵਲੀ ਵਿੱਚ ਪੇਸ਼ ਹੈ :

ਡਾ. ਹਰਚੰਦ ਸਿੰਘ ਸਰਹਿੰਦੀ
ਮੋਬਾ: 92178-45812

ਬੱਚੇ ਦਾ ਲਿੰਗ ਨਿਰਧਾਰਤ ਕਰਨ ਲਈ ਔਰਤ ਦੇ ਅੰਡੇ ਵਿਚ 'ਐਕਸ' (X) ਕਿਸਮ ਦੇ ਕਰੋਮੋਸੋਮਜ਼ ਹੁੰਦੇ ਹਨ, ਜਦੋਂ ਕਿ ਮਰਦ ਦੇ ਵੀਰਜ ਵਿਚਲੇ ਲਗਭਗ ਅੱਧ ਸ਼ੁਕਰਾਣੂਆਂ ਵਿੱਚ 'ਐਕਸ' (X) ਅਤੇ ਅੱਧਿਆਂ ਵਿੱਚ 'ਵਾਈ' (Y) ਕਿਸਮ ਦੇ ਕਰੋਮੋਸੋਮਜ਼ ਹੁੰਦੇ ਹਨ। ਪੈਦਾ ਹੋਣ ਵਾਲੇ ਬੱਚੇ ਦਾ ਲਿੰਗ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿਹੜੀ ਕਿਸਮ ਦੇ ਸ਼ੁਕਰਾਣੂ ਦੇ ਮੇਲ ਨਾਲ ਅੰਡੇ ਦਾ ਉਪਜਾਊਕਰਨ ਹੁੰਦਾ ਹੈ। ਜੇ ਅੰਡੇ ਦਾ ਉਪਜਾਊਕਰਨ X ਕਿਸਮ ਦੇ ਕਰੋਮੋਸੋਮ ਵਾਲੇ ਸ਼ੁਕਰਾਣੂ ਨਾਲ਼ ਹੁੰਦਾ ਹੈ ਤਾਂ ਦੋਵੇਂ ਕਰੋਮੋਸੋਮਜ਼ X X ਕਿਸਮ ਦੇ ਹੋ ਜਾਣਗੇ, ਜਿਸ ਦੇ ਸਿੱਟੇ ਵਜੋਂ ਲੜਕੀ ਪੈਦਾ ਹੋਵੇਗੀ, ਜਦ ਕਿ Y ਕਿਸਮ ਦੇ ਕਰੋਮੋਸੋਮ ਵਾਲੇ ਸ਼ੁਕਰਾਣੂ ਦੇ ਮੇਲ ਨਾਲ ਕਰੋਮੋਸੋਮਜ਼ ਦਾ ਜੋੜਾ XY ਹੋ ਜਾਵੇਗਾ, ਜੋ ਇੱਕ ਲੜਕੇ ਦੇ ਤੌਰ 'ਤੇ ਵਿਕਸਤ ਹੋਵੇਗਾ। ਕੁਦਰਤ ਦੇ ਇਸ ਨਿਯਮ ਅਨੁਸਾਰ ਮੁੰਡਾ ਅਤੇ ਕੁੜੀ ਪੈਦਾ ਹੋਣ ਦਾ ਅਨੁਪਾਤ ਅੰਦਾਜ਼ਨ 50:50 ਦਾ ਹੁੰਦਾ ਹੈ।

ਚੇਤੇ ਰਹੇ! ਬੱਚੇ ਦੇ ਲਿੰਗ ਨੂੰ ਕਿਸੇ ਦਵਾਈ, ਵਿਧੀ, ਕਰਾਮਾਤ, ਹੱਥ-ਫੇਰੀ ਜਾਂ ਰੱਬ-ਸਾਧਨਾ ਨਾਲ਼ ਨਹੀਂ ਬਦਲਿਆ ਜਾ ਸਕਦਾ। ਇਹੋ ਤੱਥ, ਪੰਜਾਬ ਦੇ ਇੱਕ ਸਿਰਕੱਢ ਪ੍ਰਸੂਤੀ-ਵਿਗਿਆਨੀ (GYNAECOLOGIST) ਡਾ. ਸੁਮੀਤ ਸੋਫਤ ਦੇ ਸ਼ਬਦਾਂ ਵਿੱਚ : THE SEX OF A CHILD IS DETERMINED AT THE TIME OF FERTILIZATION AND NO MEDICINE CAN ALTER THE SEX. MOREOVER, NO MEDICATION IS TO BE GIVEN TO A PREGNANT MOTHER IN THE FIRST THREE MONTHS OF PREGNANCY.

ਹੁਣ ਸਵਾਲ ਉੱਠਦਾ ਹੈ ਕਿ ਇਹ ਅਖੌਤੀ ਸਾਧ-ਸੰਤ ਅਤੇ ਬਾਬੇ ਕਿਵੇਂ ਭੋਲੇ-ਭਾਲ਼ੇ ਲੋਕਾਂ ਨੂੰ ਗੁਮਰਾਹ ਕਰ ਕੇ ਠੱਗਦੇ ਹਨ। ਦਰਅਸਲ, ਇਹ ਸਾਧ, ਕੁਦਰਤ ਦੇ ਮੂਲ ਸਿਧਾਂਤਾਂ ਦੀ ਆੜ ਲੈ ਕੇ 'ਸ਼ਿਕਾਰ' ਖੇਡਦੇ ਹਨ। ਤੁਸੀਂ ਵੇਖੋਗੇ ਕਿ ਝੂਠ ਦਾ ਇਹ ਵਣਜ, ਕੁਦਰਤ ਦੇ ਸਿਧਾਂਤਾਂ ਦੀ ਲੁੱਟ-ਖਸੁੱਟ 'ਤੇ ਅਧਾਰਿਤ ਹੁੰਦਾ ਹੈ।

ਹਰ ਠੱਗੀ ਲਈ ਕਿਸੇ ਛਲ, ਚਾਲ, ਜੁਗਤ ਜਾਂ ਚਤੁਰਾਈ ਦੀ ਲੋੜ ਹੁੰਦੀ ਹੈ। ਕੂੜ ਦਾ ਇਹ ਵਣਜ ਚੇਲੇ-ਚਪਟਿਆਂ ਜਾਂ ਏਜੰਟਾਂ ਦੀ ਮੱਦਦ ਨਾਲ਼ ਚਲਦਾ ਹੈ, ਜੋ 'ਬਾਬੇ' ਦੇ ਹਮਰਾਜ਼ ਹੁੰਦੇ ਹਨ। ਬਾਬਾ, ਇੱਕ ਸੋਚੀ-ਸਮਝੀ ਸਕੀਮ ਅਧੀਨ ਆਮ ਜਨਤਾ ਦੇ ਸੰਪਰਕ ਵਿੱਚ ਆਉਣ ਤੋਂ ਗੁਰੇਜ਼ ਕਰਦਾ ਹੈ। ਦੂਜਾ, ਸੰਕੋਚਵੀਂ ਸ਼ਬਦਾਵਲੀ ਵਿੱਚ ਗੱਲ ਕਰਦਾ ਹੈ, ਮਤੇ ਬਹੁਤਾ ਬੋਲਣ ਨਾਲ ਉਸਦਾ ਖੋਖਲ਼ਾਪਣ ਨੰਗਾ ਨਾ ਹੋ ਜਾਵੇ। ਇਹੋ ਕਾਰਨ ਹੈ ਕਿ ਇਨ੍ਹਾਂ ਡਰਾਮੇਬਾਜ਼ ਸਾਧਾਂ-ਸੰਤਾਂ ਨੂੰ ਆਮ ਤੌਰ 'ਤੇ ਸਿੱਧੇ ਨਹੀਂ ਮਿਲਿਆ ਜਾ ਸਕਦਾ। ਚੇਲੇ-ਚਾਟੇ ਵਿਚਕਾਰਲੀ ਕੜੀ ਦਾ ਕੰਮ ਕਰਦੇ ਹਨ। ਸਭ ਤੋਂ ਵੱਧ ਕੇ, ਇਹ ਸਾਧ ਕਮਾਲ ਦੀ ਮਨੋਵਿਗਿਆਨਕ ਸੂਝ ਨਾਲ਼ ਲੈਸ ਹੁੰਦੇ ਹਨ ਅਤੇ ਆਪਣੇ ਵਿਰੋਧੀਆਂ ਤੇ ਕਿੰਤੂ-ਪੰਰਤੂ ਕਰਨ ਵਾਲ਼ਿਆਂ ਨੂੰ ਡਰਾਉਣ ਤੇ ਯਰਕਾਉਣ ਦੀ ਕਲਾ ਵਿੱਚ ਮਾਹਿਰ ਹੁੰਦੇ ਹਨ।

ਸਾਡਾ ਇਹ ਦੁਖਾਂਤ ਹੈ ਕਿ ਅਸੀਂ ਹਰ ਸਾਧ ਅੱਗੇ ਸਿਰ ਝੁਕਾਉਣ ਨੂੰ ਆਪਣੇ ਧੰਨ ਭਾਗ ਸਮਝਦੇ ਹਾਂ। ਦੂਜਾ, ਸਾਧ ਦੀ ਨਿੰਦਿਆ ਕਰਨੀ ਪਾਪ ਸਮਝਿਆ ਜਾਂਦਾ ਹੈ। ਸਾਧ ਖ਼ੁਦ ਵੀ ਸਮੇਂ-ਸਮੇਂ ਸਿਰ ਆਪਣੇ 'ਪ੍ਰਵਚਨਾਂ' ਰਾਹੀਂ ਇਹ ਸੰਦੇਸ਼ ਦਿੰਦੇ ਰਹਿੰਦੇ ਹਨ ਕਿ 'ਜੇ ਤੂੰ ਸੰਤਾਂ ਦੀ ਨਿੰਦਾ ਕਰੇਂਗੀ ਜੀਭੇ ਮੇਰੀਏ, ਤਿਲ ਤਿਲ ਕੱਟੀ

ਜਾਏਂਗੀ।’ ਇਸ ਤਰ੍ਹਾਂ ਮੁੰਡਾ ਦੇਣ ਵਾਲ਼ੇ ਸਾਧਾਂ ਦਾ ਛੇਤੀ ਹੀ ਅੱਡਾ ਜੰਮ ਜਾਂਦਾ ਹੈ ਅਤੇ ਲੋੜਵੰਦਾਂ ਦਾ ਆਉਣਾ-ਜਾਣਾ ਸ਼ੁਰੂ ਹੋ ਜਾਂਦਾ ਹੈ।

ਔਰਤਾਂ ਕਿਉਂਕਿ ਮਰਦਾਂ ਦੇ ਮੁਕਾਬਲੇ ਵਧੇਰੇ ਅੰਧ-ਵਿਸ਼ਵਾਸ਼ੀ ਹੁੰਦੀਆਂ ਹਨ, ਇਸ ਲਈ ਉਹ ਇਨ੍ਹਾਂ ਸਾਧਾਂ ਦੇ ਵਿਛਾਏ ਜਾਲ ਵਿੱਚ ਸਹਿਜੇ ਹੀ ਫਸ ਜਾਂਦੀਆਂ ਹਨ। ਡੇਰੇ ’ਤੇ ਪਹੁੰਚੀ ਕਿਸੇ ਮੁਟਿਆਰ ਦਾ ਦ੍ਰਿਸ਼ ਚਿਤਰਦੀਆਂ ਲੋਕ ਗੀਤ ਦੀਆਂ ਤੁਕਾ ਹਨ :

ਪੈਰੀਂ ਝਾਂਜਰਾਂ ਸੁੰਭਰਦੀ ਡੇਰਾ,
ਸਾਧ ਕੋਲੋਂ ਪੁੱਤ ਮੰਗਦੀ।

ਗੱਲ ਇੱਥੇ ਹੀ ਖ਼ਤਮ ਨਹੀਂ ਹੋ ਜਾਂਦੀ। ਜੀਵਨ ਤਜਰਬਾ ਦੱਸਦਾ ਹੈ ਕਿ ਸਾਧ ਜਾਂ ਉਸਦੇ ਚੇਲੇ-ਚਾਟਿਆਂ ਵੱਲੋਂ ਡੇਰੇ ਤੇ ਪਹੁੰਚੀਆਂ ਔਰਤਾਂ ਦੀ ਇੱਜ਼ਤ ਨਾਲ਼ ਖਿਲਵਾੜ ਕਰਨ ਦੀਆਂ ਸੰਭਾਵਨਾਵਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਚੇਤੇ ਰਹੇ! ਮਰਦ ਆਖ਼ਰ ਮਰਦ ਹੀ ਹੁੰਦਾ ਹੈ, ਚਾਹੇ ਉਹ ਬਾਹਰੀ ਤੌਰ ’ਤੇ ਕਿਸੇ ਵੀ ਰੂਪ ਵਿੱਚ ਕਿਉਂ ਨਾ ਹੋਵੇ, ... ਸਾਧਾਂ ਦੇ ਖ਼ੂਨ ਵਿੱਚ ਵੀ ਕੌਤਕੀ ਨਰ ਲਿੰਗ ਹਾਰਮੋਨ ਟੈਸਟੋਸਟੀਰਾਨ ਗਰਦਿਸ਼ ਕਰ ਰਿਹਾ ਹੁੰਦਾ ਹੈ, ਜੋ ਉਨ੍ਹਾਂ ਨੂੰ ਔਰਤਾਂ ਵਿੱਚ ਦਿਲਚਸਪੀ ਲੈਣ ਲਈ ਸਮੇਂ ਸਮੇਂ ਸਿਰ ਉਕਸਾਉਂਦਾ ਰਹਿੰਦਾ ਹੈ। ਇਤਿਹਾਸ ਗਵਾਹ ਹੈ ਕਿ ਵੱਡੇ ਵੱਡੇ ਰਿਸ਼ੀ-ਮੁਨੀ ਅਤੇ ਦਾਰਸ਼ਨਿਕ ਹੁਸਨ ਦੀ ਆਬ ਨਾ ਝੱਲਦੇ ਹੋਏ ਡੋਲ ਗਏ। ਤਾਂ ਫਿਰ ਇਹ ਪਾਖੰਡੀ ਸਾਧ ‘ਕਿਸ ਬਾਗ਼ ਦੀ ਮੂਲ਼ੀ’ ਹਨ।

ਖ਼ੈਰ! ਇਨ੍ਹਾਂ ਸਾਧਾਂ ਦੇ ਡੇਰੇ ਪਹੁੰਚੇ ਹਰ ਸਵਾਲੀ ਨੂੰ, ਪੈਂਦੀ ਸੱਟੇ, 5,7 ਜਾਂ 12 ਚੌਕੀਆਂ ਭਰਨ ਦਾ ਫ਼ੁਰਮਾਨ ਜਾਰੀ ਕਰ ਦਿੱਤਾ ਜਾਂਦਾ ਹੈ, ਜਿਸ ਨੂੰ ਸਵਾਲੀ ਅਕਸਰ ਪ੍ਰਵਾਨ ਕਰ ਲੈਂਦਾ ਹੈ। ਸਾਡਾ ਲੋਕ ਸਾਹਿਤ, ਜੋ ਹਰ ਗੱਲ ਦਾ ਸੱਚੋ-ਸੱਚ ਨਿਤਾਰਾ ਕਰਦਾ ਹੈ, ਇਸ ਤੱਥ ਦੀ ਇਉਂ ਪੁਸ਼ਟੀ ਕਰਦਾ ਹੈ :

ਬਾਰਾਂ ਮੱਸਿਆ ਦਿਆਲਪੁਰ ਨਹਾ ਲੈ,
ਪੁੱਤ ਲੈ ਲਈਂ ਸੰਤਾਂ ਤੋਂ।

ਚੌਂਕੀਆਂ ਭਰਨ ਦੇ ਚੱਕਰ ਵਿੱਚ ਫਸਿਆ ਵਿਅਕਤੀ ਫ਼ਿਰ ਇਨ੍ਹਾਂ ਦੇ ਜਾਲ਼ ’ਚੋਂ ਔਖਾ ਹੀ ਨਿਕਲਦਾ ਹੈ। ਹਰ ਚੌਕੀ ਕੁਝ ਨਾ ਕੁਝ ਚੜ੍ਹਾਵਾ ਤਾਂ ਚੜ੍ਹਾਉਣਾ ਹੀ ਪੈਂਦਾ ਹੈ। ਦੂਜਾ, ਚੌਕੀਆਂ ਭਰਨ ਦੇ ਇਸ ਗਧੀਗੇੜ ’ਚ ਪੈ ਚੁੱਕਿਆ ਵਿਅਕਤੀ, ਡੇਰੇ ਆਉਣ-ਜਾਣ ਲਈ ਆਪਣਾ ਸਾਥ ਭਾਲਦਾ ਹੋਇਆ, ‘ਫਸੇ ਤਿੱਤਰ ਵਾਂਗੂੰ’ ਆਪਣੇ ਵਰਗੇ ਕਿਸੇ ਹੋਰ ਨੂੰ ਇਸ ਕਸੂਤੇ ਚੱਕਰ ਵਿੱਚ ਅਕਸਰ ਫਸਾ ਹੀ ਲੈਂਦਾ ਹੈ। ਇਸ ਤਰ੍ਹਾਂ ਇਹ ਲੜੀ ਚਲਦੀ ਰਹਿੰਦੀ ਹੈ। ‘ਬਾਬਿਆਂ’ ਦੇ ਡੇਰੇ ਵੱਲ ਕਦੇ ਨਾ ਮੁੱਕਣ ਵਾਲ਼ੇ ਕਾਫ਼ਲਿਆਂ ਦਾ ਸਿਲਸਿਲਾ ਜਾਰੀ ਰਹਿੰਦਾ ਹੈ।

ਤੁਸੀਂ ਪੜ੍ਹ ਚੁੱਕੇ ਹੋ ਕਿ ਕੁਦਰਤ ਦੇ ਸਿਧਾਂਤ ਅਨੁਸਾਰ ਮੁੰਡਾ-ਕੁੜੀ ਦਾ ਪੈਦਾ ਹੋਣ ਦਾ ਅਨੁਪਾਤ ਲਗਭਗ 50:50 ਦਾ ਹੁੰਦਾ ਹੈ। ਸੋ, ਫਰਜ਼ ਕਰੋ, ਕਿਸੇ ਸਾਧ ਦੇ ਡੇਰੇ ਉਸ ਦੀ ਦੁਕਾਨਦਾਰੀ ਦੇ ਆਰੰਭਕ ਸਾਲ ਦੌਰਾਨ 100 ਗਾਹਕ ਮੁੰਡਾ ਪੈਦਾ ਹੋਣ ਦੀ ਆਸ ਲੈ ਕੇ ਆਉਂਦੇ ਹਨ ਤਾਂ ਕੁਦਰਤ ਦੇ ਅਟੱਲ ਨਿਯਮ ਅਨੁਸਾਰ ਲਗਭਗ 50 ਦੀ ਗੋਦ ਵਿੱਚ ਤਾਂ ਮੁੰਡਿਆਂ ਨੇ ਖੇਡਣਾ ਹੀ ਹੋਇਆ! ... ਬੀਬੀਆਂ, ਜਿਨ੍ਹਾਂ ਦੇ ਸੰਜੋਗੀ ਮੁੰਡੇ ਪੈਦਾ ਹੋ ਜਾਂਦੇ ਹਨ, ‘ਬਾਬੇ’ ਦੀ ਜੈ-ਜੈਕਾਰ ਕਰ ਦਿੰਦੀਆਂ ਹਨ ਅਤੇ ਦੂਜੀਆਂ ਲੋੜਵੰਦ ਬੀਬੀਆਂ ਨੂੰ ਡੇਰੇ ਦਾ ਰਾਹ ਫੜਨ ਲਈ ਪ੍ਰੇਰਿਤ ਕਰਦੀਆਂ ਹਨ। ਇਸ ਸਬੰਧ ਵਿੱਚ ਇੱਕ ਲੋਕ ਗੀਤ ਮੁਲਾਹਜ਼ਾ ਫ਼ਰਮਾਓ :

ਲੈ ਲਾ ਸਾਧ ਤੋਂ ਨਸੀਬੋ ਪੁੜੀਆਂ
ਘਰ-ਘਰ ਪੁੱਤ ਜੰਮਦੇ ਤੇਰੀ ਚੰਦਰੀ ਨੀਤ ਨੂੰ ਕੁੜੀਆਂ।

ਹਾਂ! ਜਿੰਨ੍ਹਾਂ ਬੀਬੀਆਂ ਦੇ ਇਤਫ਼ਾਕ ਨਾਲ਼ ਕੁੜੀਆਂ ਪੈਦਾ ਹੋ ਜਾਂਦੀਆਂ ਹਨ, ਉਹ ਵਿਚਾਰੀਆਂ ਚੁੱਪ ਕਰਕੇ ਬਹਿ ਜਾਂਦੀਆਂ ਹਨ ਅਤੇ ਪਾਖੰਡੀ ਸਾਧ ਲਈ ਕਿਸੇ ਪ੍ਰੇਸ਼ਾਨੀ ਦਾ ਕਾਰਨ ਨਹੀਂ ਬਣਦੀਆਂ। ਇਸ ਤਰ੍ਹਾਂ ਸਾਧਾਂ ਦੀਆਂ ਸੁਆਹ ਦੀਆਂ ਪੁੜੀਆਂ ਦਾ ਵਪਾਰ ਦਿਨ



ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰਦਾ ਚਲਾ ਜਾਂਦਾ ਹੈ। ਮੁੰਡਾ ਪੈਦਾ ਹੋਣ ਦੀ ਦਵਾਈ ਦੇਣ ਵਾਲੇ ਅਖੌਤੀ ਡਾਕਟਰ, ਵੈਦ ਜਾਂ ਹਕੀਮ ਵੀ ਇੰਨ੍ਹਾਂ ਹੀ ਲੀਹਾਂ ’ਤੇ ਚੱਲਦੇ ਹਨ, ਯਾਨੀ ਇਨ੍ਹਾਂ ਦੀ ਹੇਰਾਫ਼ੇਰੀ ਵੀ ਕੁਦਰਤ ਦੇ ਮੂਲ ਸਿਧਾਂਤਾਂ ’ਤੇ ਹੀ ਆਧਾਰਿਤ ਹੈ। ਇਹ ਧੋਖੇਬਾਜ਼ ਡਾਕਟਰ, ਵੈਦ ਤੇ ਹਕੀਮ, ਕਾਬੂ ਆਏ ਮਰੀਜ਼ ਨੂੰ ਬੜੇ ਯੋਜਨਾਬੱਧ ਤਰੀਕੇ ਨਾਲ਼ ਠੱਗਦੇ ਹਨ। ਮਿਸਾਲ ਵਜੋਂ, ਮਰੀਜ਼ ਨੂੰ ਗਰਭਕਾਲ ਦੌਰਾਨ ਵਾਰ-ਵਾਰ ਬੁਲਾਉਂਦੇ ਹਨ ਅਤੇ ਹੈਸੀਅਤ ਮੁਤਾਬਿਕ ਪੈਸੇ ਝਾੜਦੇ ਰਹਿੰਦੇ ਹਨ। ਕੁਦਰਤ ਦੇ ਨਿਯਮਾਂ ਦੀ ਮਜ਼ਬੂਤ ਓਟ ਵਿੱਚ ਇਨ੍ਹਾਂ ਦੀ ਦੁਕਾਨਦਾਰੀ ਨੂੰ ਉੱਕਾ ਹੀ ਕੋਈ ਖ਼ਤਰਾ ਨਹੀਂ ਹੁੰਦਾ, ਕਿਉਂਕਿ 50 ਪ੍ਰਤੀਸ਼ਤ ਮੁੰਡਿਆਂ ਦੀ ਪੈਦਾਇਸ਼ ਤਾਂ ਯਕੀਨੀ ਹੈ ਹੀ! ਸੋ, ਮੁੰਡਾ ਪੈਦਾ ਹੋਣ ਦੀ ਦਵਾਈ ਦੇਣ ਵਾਲ਼ੇ ਇਹ ਡਾਕਟਰ ਅਤੇ ਅਖੌਤੀ ਸਾਧ-ਸੰਤ ‘ਇੱਕੋ ਥੈਲੀ ਦੇ ਚੱਟੇ-ਵੱਟੇ’ ਹਨ।

ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਝੂਠ ਦੇ ਇਹ ਵਣਜਾਰੇ, ਲੋਕਾਂ ਨੂੰ ਅੰਧ-ਵਿਸ਼ਵਾਸ਼, ਵਹਿਮਾਂ-ਭਰਮਾਂ ਅਤੇ ਹੋਰ ਅਨੇਕਾਂ ਚੱਕਰਾਂ ਵਿੱਚ ਪਾ ਕੇ ਲੁੱਟਣ ਦਾ ਧੰਦਾ ਕਰਦੇ ਹਨ। ਪਾਖੰਡ ’ਤੇ ਅਧਾਰਤ ਇਸ ਗੁੰਮਰਾਹਕੁਨ ਤੇ ਮੁਜਰਮਾਨਾ ਹਰਕਤ ਨੂੰ ਕਾਨੂੰਨੀ ਜੁਰਮ ਕਰਾਰ ਦਿੱਤਾ ਜਾਣਾ ਚਾਹੀਦਾ ਹੈ। ... ਪਰ ਤਜਰਬਿਆਂ ਤੋਂ ਸਿੱਧ ਹੋ ਚੁੱਕਾ ਹੈ ਕਿ ਸਮਾਜਿਕ ਬੁਰਾਈਆਂ ਨੂੰ ਨਿਰਾ ਕਾਨੂੰਨ ਰਾਹੀਂ ਨਹੀਂ ਰੋਕਿਆ ਜਾ ਸਕਦਾ, ਲੋੜ ਹੈ ਲੋਕਾਂ ਦੇ ਮਨਾਂ ਨੂੰ ਬਦਲਣ ਦੀ। ਇਸ ਸਬੰਧ ਵਿੱਚ ਤਰਕਸ਼ੀਲ ਸੁਸਾਇਟੀ, ਸ਼ਲਾਘਾਯੋਗ ਰੋਲ ਅਦਾ ਕਰ ਰਹੀ ਹੈ। ਲਿਖਾਰੀਆਂ ਨੂੰ ਵੀ ਇਸ ਨਿੰਦਾਯੋਗ ਵਿਹਾਰ ਵਿਰੁੱਧ ਲੋਕ ਰਾਇ ਤਿਆਰ ਕਰਨ ਲਈ ਦੱਬ ਕੇ ਕਲਮ ਵਾਹੁਣੀ ਚਾਹੀਦੀ ਹੈ। ਪਰ ਇਸ ਸਭ ਕਾਸੇ ਨੂੰ ਅਮਲੀ ਰੂਪ ਦੇਣ ਲਈ ਸਾਨੂੰ ਸਭ ਨੂੰ ਇੱਕਮੁੱਠ ਹੋ ਕੇ ਹੰਭਲਾ ਮਾਰਨਾ ਪਵੇਗਾ।

## 10ਵਾਂ ਤਰਕਸ਼ੀਲ ਨਾਟਕ ਮੇਲਾ

ਤਰਕਸ਼ੀਲ ਸੁਸਾਇਟੀ ਭਾਰਤ ਇਕਾਈ ਫਰੀਦਕੋਟ ਦੇ ਪ੍ਰਧਾਨ ਲਖਵਿੰਦਰ ਹਾਲੀ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਵਾਰ 10ਵਾਂ ਤਰਕਸ਼ੀਲ ਨਾਟਕ ਮੇਲਾ 21 ਸੰਤਬਰ 2013 ਦਿਨ ਸ਼ਨੀਵਾਰ ਅਮਰ ਆਸ਼ਰਮ ਫਰੀਦਕੋਟ ਵਿਖੇ ਸੁਭਾ 10-00 ਵਜੇ ਤੋਂ ਸ਼ਾਮ 5-00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਨਾਟਕ ਮੇਲੇ ਵਿੱਚ, ਨਾਟਕ, ਜਾਦੂ ਦੇ ਟ੍ਰਿਕ, ਕੋਰੀਓਗ੍ਰਾਫੀਆ, ਅੰਧ ਵਿਸ਼ਵਾਸ਼ ਤੇ ਭਾਸ਼ਨ ਕਰਵਾਏ ਜਾਣਗੇ।

ਇਹ ਨਾਟਕ ਮੇਲਾ ਫਰੀਦਕੋਟ ਵਿਖੇ ਹੋਣ ਵਾਲੇ ਹਰ ਸਾਲ ਬਾਬਾ ਸ਼ੇਖ ਫਰੀਦ ਜੀ ਆਗਮਨ ਪੁਰਬ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੈ। ਜੋ 19 ਸਤੰਬਰ ਤੋਂ 23 ਸੰਤਬਰ ਤੱਕ ਚੱਲਦਾ ਹੈ। ਇਸ ਮੇਲੇ ਵਿੱਚ ਦੇਸ਼-ਵਿਦੇਸ਼ ਤੋਂ ਕਲਾਕਾਰ ਅਤੇ ਸਰਧਾਲੂ ਆਉਂਦੇ ਹਨ। ਇਸੇ ਮੇਲੇ ਵਿੱਚ ਕੋਈ ਵੀ ਸਿਆਸੀ ਸਟੇਜ ਨਹੀਂ ਲਗਾਈ ਜਾਂਦੀ। ਤਰਕਸ਼ੀਲ ਨਾਟਕ ਮੇਲਾ ਇਸ ਮੇਲੇ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾ ਚੁੱਕਾ ਹੈ। ਇਸ ਨਾਟਕ ਮੇਲੇ ਵਿੱਚ ਜਾਦੂ ਟ੍ਰਿਕ ਸਿਖਾਏ ਵੀ ਜਾਂਦੇ ਹਨ।

# ਮੈਡੀਕਲ ਸਾਇੰਸਜ਼

### * ਦਿਲ ਦੇ ਦੌਰੇ ਤੋਂ ਪਹਿਲਾ ਦੱਸੇਗਾ ਬਲੱਡ ਟੈਸਟ

ਹੁਣ ਵਿਗਿਆਨੀ ਇਕ ਅਜਿਹੇ ਬਲੱਡ ਟੈਸਟ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨਾਲ ਦਿਲ ਦਾ ਦੌਰਾ ਪੈਣ ਤੋਂ ਕਰੀਬ ਤਿੰਨ ਹਫ਼ਤੇ ਪਹਿਲਾਂ ਹੀ ਪਤਾ ਲੱਗ ਜਾਵੇਗਾ। ਇਸ ਖੋਜ ਨੂੰ ਮੈਡੀਕਲ ਜਗਤ ਦੀ ਇਕ ਵੱਡੀ ਉਪਲੱਬਧੀ ਮੰਨਿਆ ਜਾ ਰਿਹਾ ਹੈ। ਇਸ ਖੋਜ ਨਾਲ ਦਿਲ ਦੇ ਰੋਗਾਂ ਦੇ ਇਲਾਜ 'ਚ ਵੀ ਮੱਦਦ ਮਿਲੇਗੀ। ਅਗਲੇ ਸਾਲ ਤੱਕ ਇਸ ਟੈਸਟ ਦੇ ਬਾਜ਼ਾਰ 'ਚ ਆ ਜਾਣ ਦੀ ਉਮੀਦ ਹੈ। ਇਸ ਟੈਸਟ ਨੂੰ ਕੈਲੀਫੋਰਨੀਆ ਸਥਿਤ ਸਕਰੀਪਸ ਰਿਸਰਚ ਇੰਸਟੀਚਿਊਟ ਨੇ ਵਿਕਸਤ ਕੀਤਾ ਹੈ। ਇਸ ਟੈਸਟ ਦੀ ਕੀਮਤ ਪੰਜ ਹਜ਼ਾਰ ਰੁਪਏ ਹੋਵੇਗੀ। ਮੁੱਖ ਖੋਜੀ ਡਾ. ਏਰਿਕ ਟੋਪੋਲ ਨੇ ਕਿਹਾ ਹੈ ਕਿ ਇਸ ਖੋਜ ਨਾਲ ਬਹੁਤ ਸਾਰੇ ਦਿਲ ਦੇ ਰੋਗੀਆਂ ਨੂੰ ਲਾਭ ਮਿਲੇਗਾ। ਜ਼ਿਕਰਯੋਗ ਹੈ ਕਿ ਵਿਸ਼ਵ ਭਰ 'ਚ ਕੈਂਸਰ ਤੋਂ ਬਾਅਦ ਦਿਲ ਦੇ ਦੌਰੇ ਨਾਲ ਸਭ ਤੋਂ ਜ਼ਿਆਦਾ ਮੌਤਾਂ ਹੁੰਦੀਆਂ ਹਨ। ਸਮੁੱਚੇ ਸੰਸਾਰ 'ਚ ਹਰ ਸਾਲ ਕਰੀਬ ਇਕ ਕਰੋੜ 70 ਲੱਖ ਲੋਕ ਦਿਲ ਦਾ ਦੌਰਾ ਪੈਣ ਨਾਲ ਮਰਦੇ ਹਨ।



ਮੌਜੂਦਾ ਸਮੇਂ 'ਚ ਕੋਈ ਵੀ ਟੈਸਟ ਇੰਨਾ ਕਾਰਗਰ ਨਹੀਂ ਹੈ ਜਿਸ ਨਾਲ ਦਿਲ ਦੇ ਦੌਰੇ ਦਾ ਪਹਿਲਾਂ ਤੋਂ ਅੰਦਾਜ਼ਾ ਲਗਾਇਅ ਜਾ ਸਕੇ। ਖੋਜਕਾਰਾਂ ਦਾ ਮੰਨਣਾ ਹੈ ਕਿ ਇਸ ਬਲੱਡ ਟੈਸਟ ਨਾਲ ਕਰੀਬ ਤਿੰਨ ਹਫ਼ਤੇ ਪਹਿਲਾਂ ਹੀ ਦਿਲ ਦੇ ਦੌਰੇ ਦਾ ਪਤਾ ਲੱਗ ਸਕੇਗਾ। ਅਜਿਹਾ ਹੋਣ ਨਾਲ ਮਰੀਜ਼ ਦੇ ਖ਼ੂਨ ਨੂੰ ਪਤਲਾ ਕਰਨ ਦੀਆਂ ਦਵਾਈਆਂ ਆਦਿ ਦੇ ਕੇ ਇਸ ਤੋਂ ਬਚਿਆ ਜਾ ਸਕੇਗਾ।

**ਸੁਖਮੰਦਰ ਸਿੰਘ ਤੂਰ**

### * ਵੱਧ 'ਆਇਰਨ' ਤੋਂ ਪੀੜਤਾਂ ਲਈ ਕਾਰਗਰ ਹੈ – ਕਾਲੀ ਚਾਹ

ਖਾਣੇ ਦੇ ਨਾਲ ਲਈ ਜਾਣ ਵਾਲੀ ਚਾਹ ਉਨ੍ਹਾਂ ਲੋਕਾਂ ਲਈ ਦਵਾਈ ਦਾ ਕੰਮ ਕਰਦੀ ਹੈ, ਜੋ ਸਰੀਰ ਵਿਚ ਜ਼ਿਆਦਾ ਮਾਤਰਾ ਵਿਚ ਮੌਜੂਦ ਲੋਹ ਤੱਤਾਂ ਦੇ ਕਾਰਨ ਦਿਲ ਦੇ ਰੋਗਾਂ ਤੋਂ ਪੀੜਿਤ ਹਨ। ਇਹ ਕਹਿਣਾ ਹੈ ਉਨ੍ਹਾਂ ਖੋਜੀਆਂ ਦਾ, ਜਿੰਨ੍ਹਾਂ ਨੇ ਥੋੜ੍ਹਾ ਸਮਾਂ ਪਹਿਲਾਂ ਹੀ ਇਸ ਵਿਸ਼ੇ 'ਤੇ ਅਧਿਐਨ ਕੀਤੇ ਹਨ। 'ਆਇਰਨ' ਵਿਚ ਵਾਧੇ ਦੀ ਇਹ ਜਾਨਲੇਵਾ ਸਥਿਤੀ ਤਦ ਬਣਦੀ ਹੈ ਜਦ 'ਹੀਮੋਕ੍ਰੋਮੇਟੋਸਿਸ' ਨਾਮਕ ਰੋਗ ਵਿਰਾਸਤ ਵਿਚ ਮਿਲਦਾ ਹੈ। ਜਿਸ ਨਾਲ ਦਿਲ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ ਅਤੇ ਵਾਰ ਵਾਰ ਦੌਰੇ ਪੈਣ ਲੱਗਦੇ ਹਨ। ਕਾਲੀ ਚਾਹ ਵਿਚ 'ਟੇਨੇਟਿਸ' ਦਾ ਇਕ 'ਪਾਦਪ' ਰਸਾਇਣ ਹੁੰਦਾ ਹੈ, ਜੋ ਲੋਹ ਤੱਤ ਦੇ ਵਾਧੇ ਨੂੰ ਰੋਕ ਦਿੰਦਾ ਹੈ।

### * ਅਲਰਜੀ ਬਣ ਜਾਵੇਗੀ ਹੁਣ ਬੀਤੇ ਦਿਨਾਂ ਦੀ ਗੱਲ

ਅਲਰਜੀ ਸੱਚਮੁੱਚ ਬਹੁਤ ਕਸ਼ਟਦਾਇਕ ਰੋਗ ਹੈ। ਪਰ ਹੁਣ ਇਸ ਵਿਸ਼ੇ 'ਤੇ ਚਿੰਤਾ ਕਰਨ ਦੀ ਲੋੜ ਨਹੀਂ ਹੈ। ਚਿਪਚਿਪਾਉਂਦੀਆਂ ਅੱਖਾਂ, ਵਹਿੰਦੀ ਨੱਕ ਅਤੇ ਚਮੜੀ ਸਬੰਧੀ ਰੋਗ ਜਿਵੇਂ ਅਲਰਜੀ ਆਦਿ ਹੁਣ ਬੀਤੇ ਦਿਨਾਂ ਦੀਆਂ ਗੱਲਾਂ ਬਣ ਜਾਣਗੀਆਂ ਕਿਉਂਕਿ ਅਮਰੀਕੀ ਵਿਗਿਆਨਕਾਂ ਨੇ ਅਲਰਜੀ ਪ੍ਰਤੀਰੋਧਕ ਦਵਾਈਆਂ ਦੇ ਵਿਕਾਸ ਦਾ ਦਾਅਵਾ ਕੀਤਾ ਹੈ।

ਖੋਜਕਰਤਾਵਾਂ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨਾਲ ਇਕ ਅਜਿਹੀ ਨਵੀਂ ਦਵਾਈ ਦਾ ਵਿਕਾਸ ਕੀਤਾ ਜਾ ਸਕਦਾ ਹੈ ਜੋ ਵੱਖਰੀਆਂ-ਵੱਖਰੀਆਂ ਤਰ੍ਹਾਂ ਦੀਆਂ ਅਲਰਜੀਆਂ ਤੋਂ ਸਾਡੀ ਰੱਖਿਆ ਕਰਨ ਵਿਚ ਸਹਾਇਤਾ ਕਰ ਸਕਦੀ ਹੈ। ਇੰਨਾਂ ਹੀ ਨਹੀਂ ਇਸ ਦਵਾਈ ਨਾਲ ਜੀਵਨ ਲਈ ਖਤਰਨਾਕ ਦਮੇਂ ਤੋਂ ਵੀ ਆਪਣਾ ਬਚਾਅ ਕੀਤਾ ਜਾ ਸਕਦਾ ਹੈ।

ਖੋਜਕਾਰਾਂ ਦਾ ਕਹਿਣਾ ਹੈ ਕਿ ਹੁਣ ਤੱਕ ਅਲਰਜੀ ਰੋਕਣ ਲਈ ਬਾਜ਼ਾਰ ਵਿਚ ਉਪਲੱਬਧ ਦਵਾਈਆਂ ਸਿਰਫ਼ ਬਾਹਰੀ ਤੌਰ 'ਤੇ ਅਲਰਜੀ ਨੂੰ ਦਬਾਅ ਦਿੰਦੀਆਂ ਹਨ, ਜਦ ਕਿ ਇਸ ਨਵੀਂ ਦਵਾਈ ਨਾਲ ਅਲਰਜੀ ਦੇ ਕਾਰਨ ਨੂੰ ਹੀ ਜੜ੍ਹ ਤੋਂ ਖਤਮ ਕੀਤਾ ਜਾ ਸਕੇਗਾ।

### * ਸਟੈੱਮ ਸੈੱਲਾਂ ਦੀ ਮੱਦਦ ਨਾਲ ਤੰਦਰੁਸਤ ਹੋਣਗੇ ਪੁਰਾਣੇ ਰੋਗੀ

ਵਿਗਿਆਨੀਆਂ ਨੇ ਗਰਭਵਤੀ ਔਰਤਾਂ ਦੇ ਸਟੈੱਮ ਸੈੱਲਾਂ ਦੀ ਮੱਦਦ ਨਾਲ ਬਲੱਡ ਕੈਂਸਰ ਦੇ ਮਰੀਜਾਂ ਦੀ ਖਰਾਬ ਹੋ ਚੁੱਕੀ ਰੋਗ ਪ੍ਰਣਾਲੀ ਦਾ ਇਲਾਜ ਲੱਭ ਲੈਣ ਵਿਚ ਸਫ਼ਲਤਾ ਮਿਲਣ ਦਾ ਦਾਅਵਾ ਕੀਤਾ ਹੈ। ਵਿਗਿਆਨੀਆਂ ਨੇ ਕਿਹਾ ਹੈ ਕਿ ਇਸ ਨਵੀਂ ਖੋਜ ਦੀ ਮੱਦਦ ਨਾਲ ਲੂਕੇਮੀਆ, ਮਾਇਲੋਮਾ, ਲਿਮਫੋਲਾ ਆਦਿ ਜਿਹੀਆਂ ਬਿਮਾਰੀਆਂ ਤੋਂ ਹਰ ਸਾਲ ਪ੍ਰਭਾਵਿਤ ਹੋਣ ਵਾਲੇ ਹਜ਼ਾਰਾਂ ਮਰੀਜ਼ਾਂ ਦੀ ਜਾਨ ਬਚਾਈ ਜਾ ਸਕੇਗੀ। ਇਹ ਆਪਣੇ ਆਪ ਵਿਚ ਇਕ ਵੱਡੀ ਖੋਜ ਹੈ।

ਡੇਲੀ ਐਕਸਪ੍ਰੈੱਸ ਦੀ ਖ਼ਬਰ ਮੁਤਾਬਕ ਇਲਾਜ ਤਹਿਤ ਖ਼ਾਸ ਤਰ੍ਹਾਂ ਦੇ ਸੈੱਲਾਂ ਦੀ ਵਰਤੋਂ ਮਨੁੱਖੀ ਅੰਗਾਂ ਨੂੰ ਲਾਗ ਤੋਂ ਬਚਾਉਣ ਲਈ ਕੀਤੀ ਜਾਂਦੀ ਹੈ। ਇਜ਼ਰਾਇਲ ਵਿਚਲੀ ਹਦਾਸ਼ਾਰ ਮੈਡੀਕਲ ਯੂਨੀਵਰਸਿਟੀ 'ਚ ਬੋਨ ਮੈਰੋ ਟਰਾਂਸਪਲਾਂਟੇਸ਼ਨ ਵਿਭਾਗ ਦੇ ਮੁਖੀ ਡਾ. ਰਿਊਵੇਨ ਓਰ ਦਾ ਕਹਿਣਾ ਹੈ ਕਿ ਕੀਮੋਥਰੇਪੀ ਤੇ ਰੇਡੀਓਥੈਰੇਪੀ ਦੀ ਪ੍ਰੀਕਿਰਿਆ ਵਿਚੋਂ ਲੰਘਣ ਦੌਰਾਨ ਮਨੁੱਖੀ ਅੰਗਾਂ ਦੇ ਨਸ਼ਟ ਹੋ ਜਾਣ 'ਤੇ ਇਹ ਇਲਾਜ ਮਰੀਜਾਂ ਵਿਚ ਨਵੀਂ ਰੂਹ ਫੂਕਣ ਵਾਲਾ ਸਾਬਤ ਹੋ ਸਕਦਾ ਹੈ।

ਇਸ ਤੋਂ ਇਲਾਵਾ ਜਿਹੜੇ ਮਰੀਜ਼ ਰੋਗ ਪ੍ਰਣਾਲੀ ਦੇ ਵਿਕਾਰਾਂ ਨਾਲ ਜੂਝ ਰਹੇ ਹਨ, ਉਨ੍ਹਾਂ ਲਈ ਵੀ ਇਹ ਖੋਜ ਕਾਫ਼ੀ ਅਹਿਮੀਅਤ ਰੱਖਦੀ ਹੈ। ਡਾ. ਰਿਊਵੇਨ ਨੇ ਆਪਣੇ ਦੋ ਮਰੀਜਾਂ 'ਤੇ ਇਸ ਖੋਜ ਦੀ ਪਰਖ ਕੀਤੀ ਅਤੇ ਦੋਹਾਂ ਦੀ ਸਿਹਤ ਵਿਚ ਪਹਿਲਾਂ ਨਾਲੋਂ ਕਾਫੀ ਸੁਧਾਰ ਮਹਿਸੂਸ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਡੇ ਕੋਲ ਕੋਈ ਹੋਰ ਬਦਲ ਨਹੀਂ ਸੀ। ਜਾਂ ਤਾਂ ਅਸੀਂ ਸਟੈੱਮ ਸੈੱਲਾਂ ਦੀ ਵਰਤੋਂ ਕਰਦੇ ਜਾਂ ਫਿਰ ਮਰੀਜਾਂ ਨੂੰ ਮਰਨ ਦਿੰਦੇ।

ਖੋਜ ਵਿਚ ਪਤਾ ਲੱਗਾ ਹੈ ਕਿ ਸਟੈੱਮ ਸੈੱਲ ਮਨੁੱਖੀ ਸਰੀਰ ਦੇ ਲਈ ਭੇਦ ਆਪਣੇ ਵਿਚ ਸਮੋਅ ਕੇ ਬੈਠੇ ਹਨ। ਇਨ੍ਹਾਂ ਸੈੱਲਾਂ ਦੇ ਜ਼ਰੀਏ ਮਨੁੱਖੀ ਸਰੀਰ ਦੀ ਬਣਤਰ ਦੇ ਕਈ ਭੇਦ ਖੁੱਲ੍ਹ ਰਹੇ ਹਨ। ਸਟੈੱਮ ਸੈੱਲਾਂ ਵਿਚ ਅਜਿਹੇ ਤੱਤ ਹੁੰਦੇ ਹਨ ਜੋ ਕਿ ਰੋਗੀ ਨੂੰ ਸਿਹਤਯਾਬ ਕਰਨ ਵਿਚ ਸਹਾਈ ਸਿੱਧ ਹੁੰਦੇ ਹਨ।

### ... ਤੇ ਅੰਤ ਵਿਚ

ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਇਕ ਅਜਿਹੀ ਵੀ ਪ੍ਰੋਟੀਨ ਹੈ ਜਿਸਦੇ ਅੰਦਰਲੇ ਤੱਤ ਸਦਕਾ ਮਨੁੱਖ ਅੱਜ ਧਰਤੀ ਗ੍ਰਹਿ ਦਾ ਸਭ ਤੋਂ ਅਕਲਮੰਦ ਪ੍ਰਾਣੀ ਸਾਬਤ ਹੋਇਆ ਹੈ। ਇੰਗਲੈਂਡ ਦੀ ਕੋਲੋਰਾਡੋ ਯੂਨੀਵਰਸਿਟੀ ਦੇ ਖੋਜੀਆਂ ਨੇ ਦਾਅਵਾ ਕੀਤਾ ਹੈ ਕਿ ਡੀ. ਯੂ. ਐੱਫ. 1220 ਨਾਂ ਦੇ ਪ੍ਰੋਟੀਨ ਵਿਚ ਇਕ ਅਜਿਹਾ ਤੱਤ ਹੈ ਜੋ ਕਿ ਖਾਣ ਵਾਲੇ ਮਨੁੱਖ ਦੇ ਦਿਮਾਗ ਨੂੰ ਇੰਨਾ ਬਲਵਾਨ ਬਣਾ ਦਿੰਦਾ ਹੈ ਕਿ ਉਸ ਦੀ ਸਮਝ ਤਿੱਖੀ ਹੋ ਜਾਂਦੀ ਹੈ। ਮਨੁੱਖ ਦਾ ਦਿਮਾਗ ਇਸ ਪ੍ਰੋਟੀਨ ਸਦਕਾ ਵੱਡਾ ਤੇ ਵਿਸ਼ਾਲ ਹੋ ਜਾਂਦਾ ਹੈ। ਪ੍ਰੋਟੀਨ ਦੀ ਇਸ ਕਿਸਮ ਨੂੰ ਵਿਗਿਆਨੀਆਂ ਨੇ ਡੀ. ਯੂ. ਐੱਫ 1220 ਦਾ ਨਾਂ ਦਿੱਤਾ ਹੈ। ਵਿਗਿਆਨੀ ਆਖਦੇ ਹਨ ਕਿ ਇਸ ਪ੍ਰੋਟੀਨ ਦੇ ਜ਼ਰੀਏ ਮਨੁੱਖੀ ਦਿਮਾਗ ਆਪਣੀ ਕਾਰਜ ਪ੍ਰਣਾਲੀ ਨੂੰ ਵਿਕਸਤ ਢੰਗ ਨਾਲ ਨਿਭਾਉਂਦਾ ਹੈ। ਮਨੁੱਖੀ ਦਿਮਾਗ ਦੀ ਕਾਬਲੀਅਤ ਵਿਚ ਇਕਸੁਰਤਾ ਕਿਉਂ ਨਹੀਂ ? ਦਾ ਭੇਤ ਵੀ ਇਸ ਖੋਜ ਨਾਲ ਸਮਝ ਵਿਚ ਆ ਰਿਹਾ ਹੈ।



# ਜਾਦੂ ਦੇ ਟਰਿੱਕ

ਸੁਰਜੀਤ ਤਲਵਾਰ

### * ਹੱਥ ਦੀ ਸਫ਼ਾਈ - ਲੋਕਾਂ ਦੀ ਹੈਰਾਨੀ

ਜਾਦੂਗਰ ਕਿਸੇ ਦਰਸ਼ਕ ਨੂੰ ਸਿੱਕਾ ਦੇਣ ਲਈ ਆਖਦਾ ਹੈ। ਸਿੱਕਾ ਲੈਣ ਤੋਂ ਬਾਅਦ ਉਹ ਇਸ ਸਿੱਕੇ ਨੂੰ ਆਪਣੀ ਮੁੱਠੀ ਦੇ ਵਿਚ ਰੱਖਦਾ ਹੈ। ਫਿਰ ਮੰਤਰਾਂ ਦਾ ਜਾਪ ਕਰਦਾ ਹੈ ਅਤੇ ਮੁੱਠੀ ਖੋਲਦਾ ਹੈ ਸਿੱਕਾ ਮੁੱਠੀ ਦੇ ਵਿਚੋਂ ਗਾਇਬ ਹੋ ਜਾਂਦਾ ਹੈ ਦਰਸ਼ਕ ਹੈਰਾਨ ਹੋ ਜਾਂਦੇ ਹਨ।

**ਜਾਦੂ ਦਾ ਸਾਮਾਨ** : ਇਕ ਸਿੱਕਾ (ਰੁਪੱਈਆ, ਅਠੱਨੀ ਆਦਿ)

**ਜਾਦੂ ਦੀ ਤਿਆਰੀ** : ਕੋਈ ਵੀ ਇੱਕ ਸਿੱਕਾ ਦਰਸ਼ਕਾਂ ਤੋਂ ਮੰਗ ਲਵੋ। ਇਸ ਖੇਲ ਦੇ ਲਈ ਹੱਥ ਦੀ ਪ੍ਰੈਕਟਿਸ ਦੀ ਬਹੁਤ ਜ਼ਰੂਰਤ ਹੈ।

**ਜਾਦੂ ਦਾ ਪ੍ਰਦਰਸ਼ਨ** : ਸਿੱਕਾ ਚਿੱਤਰ ਇਕ (ਏ) ਦੇ ਅਨੁਸਾਰ ਸਾਵਧਾਨੀ ਦੇ ਨਾਲ ਆਪਣੇ ਖੱਬੇ ਹੱਥ ਦੇ ਵਿਚ ਰੱਖੋ ਅਤੇ ਮੁੱਠੀ ਬੰਦ ਕਰ ਲਵੋ। ਮੁੱਠੀ ਖੋਲ ਲਵੋ। ਰੁਪਈਆ ਮੁੱਠੀ ਦੇ ਵਿਚ ਹੀ ਹੋਵੇਗਾ। ਹੁਣ ਫਿਰ ਤੋਂ ਰੁਪਈਆ ਆਪਣੇ ਸੱਜੇ ਹੱਥ ਦੀ ਹਥੇਲੀ ਦੇ ਵਿਚਕਾਰ ਰੱਖੋ ਅਤੇ ਖੱਬੇ ਹੱਥ ਦੇ ਕੋਲ ਲੈ ਜਾਓ। ਹੁਣ ਤੁਸੀਂ ਆਪਣੇ ਸੱਜੇ ਹੱਥ ਦੀ ਹਥੇਲੀ ਨੂੰ ਕਸ ਲਵੋ ਅਤੇ ਰੁਪਇਆ ਸੱਜੇ ਹੱਥ ਵਿਚ ਹੀ ਪਕੜੀ ਰੱਖੋ ਪਰ ਪ੍ਰਦਰਸ਼ਨ ਇਸ ਗੱਲ ਦਾ ਕਰੋ ਕਿ ਤੁਸੀਂ ਰੁਪਈਆ ਖੱਬੇ ਹੱਥ ਦੀ ਮੁੱਠੀ ਦੇ ਵਿਚ ਰੱਖ ਦਿੱਤਾ ਹੈ। ਸੱਜਾ ਹੱਥ ਖੱਬੇ ਹੱਥ ਤੋਂ ਜਦੋਂ ਤੁਸੀਂ ਪਰ੍ਹਾਂ ਕਰਦੇ ਹੋ ਤਾਂ ਖੱਬੇ ਹੱਥ ਦੀ ਮੁੱਠੀ ਨਾਲ ਦੀ ਨਾਲ ਕਸ ਕੇ ਬੰਦ ਕਰ ਲਵੋ ਇਸ ਤਰ੍ਹਾਂ ਕਰਨ ਤੋਂ ਬਾਅਦ ਆਪਣਾ ਸੱਜਾ ਹੱਥ ਇਸ ਤਰ੍ਹਾਂ ਪਰ੍ਹਾਂ ਕਰੋ ਜਿਵੇਂ ਤੁਸੀਂ ਰੁਪਈਆ ਖੱਬੇ ਹੱਥ ਦੀ ਮੁੱਠੀ ਵਿਚ ਰੱਖ ਦਿੱਤਾ ਹੈ ਅਤੇ ਤੁਹਾਡਾ ਹੱਥ ਖਾਲੀ ਹੈ। ਸਾਰੇ ਦਰਸ਼ਕ ਤੁਹਾਡਾ ਇਹ ਪ੍ਰਦਰਸ਼ਨ ਦੇਖ ਕੇ ਸਮਝਣਗੇ ਕਿ ਰੁਪਈਆ ਖੱਬੇ ਹੱਥ ਦੇ ਵਿਚ ਹੀ ਹੈ। ਹੁਣ ਤੁਸੀਂ ਇਕ ਕੰਮ ਹੋਰ ਕਰੋ ਉਹ ਇਹ ਕਿ ਤੁਸੀਂ ਆਪਣਾ ਸੱਜਾ ਹੱਥ ਮੇਜ਼ ਦੇ ਕੋਲ ਲੈ ਜਾਵੋ ਜਿਥੇ ਇਕ ਡੱਬਾ ਪਿਆ ਹੈ। ਤੁਸੀਂ ਇਸ ਡੱਬੇ ਦੇ ਵਿਚ ਰੁਪਈਆ ਪਾ ਦੇਵੋ ਅਤੇ ਤੁਹਾਡਾ ਸਹਿਯੋਗੀ ਇਸ ਡੱਬੇ ਨੂੰ ਜਿੰਦਾ ਲਾ ਦੇਵੇਗਾ। ਤੁਸੀਂ ਰੁਪਈਆ ਡੱਬੇ ਵਿਚ ਰੱਖਣ ਤੋਂ ਬਾਅਦ ਮੇਜ਼ ਦੇ ਉਪਰੋਂ ਜਾਦੂ ਦਾ ਡੰਡਾ ਚੁੱਕ ਲਵੋ ਇਸ ਨਾਲ ਦਰਸ਼ਕ ਇਹੀ ਸਮਝਣਗੇ ਕਿ ਤੁਸੀਂ ਡੰਡਾ ਚੁੱਕਣ ਦੇ ਲਈ ਹੀ ਆਪਣਾ ਸੱਜਾ ਹੱਥ ਮੇਜ਼ ਵੱਲ ਕੀਤਾ ਸੀ। ਹੁਣ ਤੁਸੀਂ ਆਪਣੇ ਖੱਬੇ ਹੱਥ ਦੇ ਉੱਪਰ ਡੰਡਾ ਘੁਮਾਓ ਅਤੇ ਮੁੱਠੀ ਖੋਲ ਦਿਓ। ਰੁਪਈਆ ਗਾਇਬ ਦਿਖਾ ਕੇ ਸਾਰੇ ਦਰਸ਼ਕ ਹੈਰਾਨ ਰਹਿ ਜਾਣਗੇ। ਹੁਣ ਤੁਸੀਂ ਆਖੋ ਕਿ ਇਹ ਰੁਪਈਆ ਤੁਸੀਂ ਆਪਣੀ ਜਾਦੂ ਦੀ ਸ਼ਕਤੀ ਨਾਲ ਉਡਾ ਦਿੱਤਾ ਹੈ ਅਤੇ ਹੁਣ ਇਹ ਰੁਪਈਆ ਉੱਡ ਕੇ ਕਿਸੇ ਹੋਰ ਥਾਂ ਚਲਿਆ ਗਿਆ ਹੈ ਹੁਣ ਤੁਸੀਂ ਕਹੋ ਕਿ ਉਹ ਰੁਪਈਆਂ ਮੇਜ਼ ਉੱਪਰ ਪਏ ਜਿੰਦਾ ਲੱਗੇ ਡੱਬੇ ਦੇ ਅੰਦਰ ਚਲਿਆ ਗਿਆ ਹੈ। ਕਿਸੇ ਦਰਸ਼ਕ ਨੂੰ ਬੁਲਾ ਕੇ ਜਿੰਦਾ ਖੋਲ੍ਹਣ ਦੇ ਲਈ ਆਖੋ ਜਦੋਂ ਉਹ ਜਿੰਦਾ ਖੋਲਦਾ ਹੈ ਤਾਂ ਇਹ ਉਹੀ ਰੁਪਈਆ ਹੁੰਦਾ ਹੈ। ਸਾਰੇ ਦਰਸ਼ਕ ਇਹ ਦੇਖ ਕੇ ਹੈਰਾਨ ਹੋ ਜਾਂਦੇ ਹਨ।

### * ਬੰਦ ਅੱਖਾਂ ਦਾ ਚਮਤਕਾਰ

ਸਟੇਜ਼ ਦੇ ਉੱਪਰ ਬਲੈਕ ਬੋਰਡ ਰੱਖਿਆ ਹੁੰਦਾ ਹੈ। ਜਾਦੂਗਰ ਇਕ ਆਦਮੀ ਨੂੰ ਸਟੇਜ਼ ਤੇ ਬੁਲਾਉਂਦਾ ਹੈ ਅਤੇ ਉਸ ਦੇ ਹੱਥ ਵਿਚ ਚਾਕ ਪਕੜਾ ਦਿੰਦਾ ਹੈ। ਜਾਦੂਗਰ ਉਸ ਦਰਸ਼ਕ ਨੂੰ ਬਲੈਕ ਬੋਰਡ ਉੱਪਰ ਕੁੱਝ ਵੀ ਲਿਖਣ ਦੇ ਲਈ ਆਖਦਾ ਹੈ ਅਤੇ ਆਪ ਖੁਦ ਮੂੰਹ ਮੋੜ ਕੇ ਖੜਾ ਹੋ ਜਾਂਦਾ ਹੈ ਜਦੋਂ ਉਹ ਦਰਸ਼ਕ ਸਭ ਕੁਝ ਲਿਖ ਦਿੰਦਾ ਹੈ ਤਾਂ ਜਾਦੂਗਰ ਉਸ ਨੂੰ ਆਪਣੀ ਜਗ੍ਹਾ ਤੇ ਜਾ ਕੇ ਬੈਠਣ ਦੇ ਲਈ ਆਖਦਾ ਹੈ। ਇਸ ਤੋਂ ਬਾਅਦ ਉਹ ਇਕ ਲੜਕੀ ਨੂੰ ਸਟੇਜ਼ ਦੇ ਉੱਪਰ ਸੱਦਦਾ ਹੈ ਅਤੇ ਉਸਨੂੰ ਕਾਲੇ ਰੰਗ ਦੀ ਪੱਟੀ ਪਕੜਾ ਕੇ ਆਖਦਾ ਹੈ ਕਿ ਇਸ ਪੱਟੀ ਨੂੰ ਮੇਰੀਆਂ ਅੱਖਾਂ ਤੇ ਬੰਨ੍ਹ ਦਿਓ। ਪੱਟੀ ਬੰਨ੍ਹ ਦੇਣ ਤੋਂ ਬਾਅਦ ਜਾਦੂਗਰ ਉਸ ਲੜਕੀ ਨੂੰ ਬਲੈਕ ਬੋਰਡ ਉੱਪਰ ਲਿਖੀ ਕਿਸੇ ਵੀ ਪੰਕਤੀ ਉੱਪਰ ਉਂਗਲ ਰੱਖਣ ਦੇ ਲਈ ਆਖਦਾ ਹੈ ਲੜਕੀ ਇਸੇ ਤਰ੍ਹਾਂ ਕਰਦੀ ਹੈ। ਜਾਦੂਗਰ ਬਿਨਾਂ ਕੁਝ ਦੇਖੇ ਸਭ ਕੁਝ ਸਹੀ-ਸਹੀ ਦੱਸਦਾ ਜਾਂਦਾ ਹੈ। ਸਾਰੇ ਦਰਸ਼ਕ ਹੈਰਾਨ ਰਹਿ ਜਾਂਦੇ ਹਨ।

**ਜਾਦੂ ਦਾ ਸਾਮਾਨ** : ਇਕ ਬਲੈਕ ਬੋਰਡ, ਚਾਕ, ਕਾਲੀ ਪੱਟੀ, ਦੋ ਸਹਿਯੋਗੀ।

**ਜਾਦੂ ਦੀ ਤਿਆਰੀ** : ਪ੍ਰੈਕਟਿਸ। ਦਰਸ਼ਕਾਂ ਵਿਚ ਦੋ ਸਾਥੀ ਬੈਠਾ ਦਿਓ।

**ਜਾਦੂ ਦਾ ਪ੍ਰਦਰਸ਼ਨ** : ਸਭ ਤੋਂ ਪਹਿਲਾਂ ਸਟੇਜ ਉੱਪਰ ਆ ਕੇ ਦਰਸ਼ਕਾਂ ਦਾ ਸੁਆਗਤ ਕਰੋ। ਆਪਣੇ ਦਿਖਾਏ ਜਾਣ ਵਾਲੇ ਜਾਦੂ ਦੇ ਬਾਰੇ ਵਿਚ ਕੁਝ ਵੀ ਦਰਸ਼ਕਾਂ ਨੂੰ ਨਾ ਦੱਸੋ। ਫਿਰ ਇਕ ਦਰਸ਼ਕ ਨੂੰ ਸਟੇਜ਼ ਉੱਪਰ ਸੱਦੋ ਇਹ ਤੁਹਾਡਾ ਸਹਿਯੋਗੀ ਹੀ ਹੋਵੇਗਾ। ਹੁਣ ਤੁਸੀਂ ਉਸਨੂੰ ਇਕ ਚਾਕ ਪਕੜਾ ਦਿਓ ਅਤੇ ਬਲੈਕ ਬੋਰਡ ਦੇ ਉੱਪਰ ਕੁਝ ਵੀ ਲਿਖਣ ਦੇ ਲਈ ਆਖੋ। ਜਦੋਂ ਉਹ ਇਹ ਸਭ ਕੁਝ ਲਿਖ ਦੇਵੇ ਤਾਂ ਉਸਨੂੰ ਆਪਣੀ ਸੀਟ ਤੇ ਜਾ ਕੇ ਬੈਠਣ ਲਈ ਆਖੋ। ਹੁਣ ਇਕ ਹੋਰ ਦਰਸ਼ਕ ਨੂੰ ਸੱਦੋ ਇਹ ਤੁਹਾਡਾ ਦੂਸਰਾ ਸਹਿਯੋਗੀ ਹੋਵੇਗਾ। ਇਸ ਦਰਸ਼ਕ ਨੂੰ ਕਾਲੇ ਰੰਗ ਦੇ ਕੱਪੜੇ ਦੀ ਪੱਟੀ ਦਿਓ ਅਤੇ ਤੁਹਾਡੀਆਂ ਅੱਖਾਂ ਤੇ ਬੰਨ੍ਹਣ ਦੇ ਲਈ ਆਖੋ ਜਦੋਂ ਉਹ ਪੱਟੀ ਬੰਨ੍ਹ ਦੇਵੇ ਤਾਂ ਉਸ ਨੂੰ ਬਲੈਕ ਬੋਰਡ ਦੇ ਉੱਪਰ ਕਿਸੇ ਵੀ ਲਿਖੇ ਨਾਮ ਉੱਪਰ ਉਂਗਲ ਰੱਖਣ ਲਈ ਆਖੋ ਤੁਸੀਂ ਉਸ ਦੁਆਰਾ ਰੱਖੀ ਉਂਗਲ ਬਾਰੇ ਆਰਾਮ ਨਾਲ ਦੱਸ ਦਿੰਦੇ ਹੋ ਕਿ ਹੁਣ ਉਸ ਨੇ ਕਿਸ ਨਾਮ ਉੱਪਰ ਉਂਗਲ ਰੱਖੀ ਹੈ ਅਤੇ ਫਿਰ ਕਿਸ ਨਾਮ ਉੱਪਰ। ਇਸ ਦਾ ਰਹੱਸ ਇਹ ਹੈ ਕਿ ਤੁਹਾਡਾ ਸਹਿਯੋਗੀ ਪਹਿਲਾਂ ਤੋਂ ਹੀ ਨਿਸ਼ਚਤ ਕੀਤੇ ਨਾਮ ਹੀ ਤਰਤੀਬ ਵਾਰ ਲਿਖਦਾ ਹੈ ਅਤੇ ਤੁਹਾਡਾ ਦੂਸਰਾ ਸਹਿਯੋਗੀ ਪਹਿਲਾਂ ਤੋਂ ਹੀ ਨਿਸ਼ਚਤ ਵਿਧੀ ਅਨੁਸਾਰ ਅਲੱਗ-ਅਲੱਗ ਨਾਮਾਂ ਉੱਪਰ ਉਂਗਲੀ ਰੱਖਦਾ ਹੈ ਜੋ ਤੁਹਾਨੂੰ ਪਹਿਲਾਂ ਤੋਂ ਹੀ ਯਾਦ ਹੁੰਦੇ ਹਨ। ਅਰਥਾਤ ਸਭ ਕੁਝ ਪਹਿਲਾਂ ਹੀ ਨਿਸ਼ਚਤ ਕਰ ਲਿਆ ਜਾਂਦਾ ਹੈ ਕਿ ਸਟੇਜ਼ ਉੱਪਰ ਕਿਸ ਨੇ ਕੀ ਅਤੇ ਕਿਵੇਂ ਕਰਨਾ ਹੈ।

ਪਰ ਦਰਸ਼ਕਾਂ ਨੂੰ ਇਸ ਦੀ ਖ਼ਬਰ ਨਹੀਂ ਹੁੰਦੀ ਇਸ ਲਈ ਉਹ ਇਸ ਨੂੰ ਜਾਦੂ ਹੀ ਸਮਝਦੇ ਹਨ।

### * ਦਰਸ਼ਕ ਦੇ ਪੱਤੇ ਨੂੰ ਬਾਹਰ ਕੱਢਣਾ

ਜਾਦੂਗਰ ਸਟੇਜ਼ ਤੇ ਇਕ ਤਾਸ਼ ਦੀ ਗੁਟੀ ਲੈ ਕੇ ਆਉਂਦਾ ਹੈ। ਇਕ ਦਰਸ਼ਕ ਨੂੰ ਸਟੇਜ਼ ਦੇ ਉੱਪਰ ਬੁਲਾ ਕੇ ਸਾਰੀ ਤਾਸ਼ ਉਸ ਦੇ ਹੱਥ ਵਿਚ ਪਕੜਾ ਦਿੰਦਾ ਹੈ ਅਤੇ ਉਸਨੂੰ ਕਿਸੇ ਪੱਤੇ ਦੀ ਚੋਣ ਕਰਨ ਦੇ ਲਈ ਆਖਦਾ ਹੈ। ਇਸ ਤੋਂ ਬਾਅਦ ਦਰਸ਼ਕ ਇਕ ਪੱਤਾ ਚੁਣ ਲੈਂਦਾ ਹੈ। ਜਾਦੂਗਰ ਸਾਰੀ ਬਾਕੀ ਦੀ ਤਾਸ਼ ਆਪ ਪਕੜ ਲੈਂਦਾ ਹੈ ਅਤੇ ਸਾਰੀ ਤਾਸ਼ ਨੂੰ ਇਕ ਡੱਬੇ ਦੇ ਅੰਦਰ ਪਾ ਦਿੰਦਾ ਹੈ ਸਾਰੀ ਤਾਸ਼ ਡੱਬੇ ਦੇ ਵਿਚ ਪਾਉਣ ਤੋਂ ਬਾਅਦ ਉਹ ਦਰਸ਼ਕ ਨੂੰ ਵੀ ਆਪਣਾ ਪੱਤਾ ਡੱਬੇ ਦੇ ਅੰਦਰ ਪਾਉਣ ਲਈ ਆਖਦਾ ਹੈ ਅਤੇ ਇਹ ਵੀ ਆਖਦਾ ਹੈ ਕਿ ਸਾਰੇ ਪੱਤਿਆਂ ਨੂੰ ਚੰਗੀ ਤਰ੍ਹਾਂ ਹਲਾ ਦੇਵੇ। ਫਿਰ ਜਾਦੂਗਰ ਮੰਤਰਾਂ ਦਾ ਜਾਪ ਕਰਦਾ ਹੈ ਅਤੇ ਡੱਬੇ ਵਿਚ ਹੱਥ ਪਾ ਕੇ ਕੁੱਝ ਚਿਰ ਬਾਅਦ ਇਕ ਪੱਤਾ ਬਾਹਰ ਕੱਢਦਾ ਹੈ ਇਸ ਪੱਤੇ ਨੂੰ ਦਿਖਾ ਕੇ ਸਟੇਜ਼ ਉੱਪਰ ਆਇਆ ਦਰਸ਼ਕ ਹੈਰਾਨ ਰਹਿ ਜਾਂਦਾ ਹੈ ਕਿਉਂਕਿ ਇਹ ਉਹੀ ਪੱਤਾ ਹੁੰਦਾ ਹੈ ਜੋ ਉਸਨੇ ਸਾਰੀ ਤਾਸ਼ ਵਿਚੋਂ ਚੁਣਿਆ ਸੀ ਅਤੇ ਜਾਦੂਗਰ ਨੂੰ ਬਿਨਾਂ ਦਿਖਾਏ ਸਾਰੀ ਤਾਸ਼ ਦੇ ਵਿਚ ਰਲਾ ਦਿੱਤਾ ਸੀ। ਸਾਰੇ ਦਰਸ਼ਕ ਜਾਦੂਗਰ ਦੀ ਪ੍ਰਸ਼ੰਸ਼ਾ ਕਰਦੇ ਹਨ।

**ਜਾਦੂ ਦਾ ਸਾਮਾਨ** : ਇਕ ਤਾਸ਼ ਦੀ ਗੁਟੀ। ਇਕ ਡੱਬਾ।

**ਜਾਦੂ ਦੀ ਤਿਆਰੀ** : ਸਟੇਜ਼ ਦੇ ਉੱਪਰ ਇਕ ਮੇਜ਼ ਰੱਖੋ ਅਤੇ ਇਸ ਦੇ ਉੱਪਰ ਇਕ ਡੱਬਾ ਰੱਖੋ।

**ਜਾਦੂ ਦਾ ਪ੍ਰਦਰਸ਼ਨ** : ਕਿਸੇ ਇਕ ਦਰਸ਼ਕ ਨੂੰ ਸਟੇਜ਼ ਤੇ ਬੁਲਾਓ। ਉਸਨੂੰ ਤਾਸ਼ ਦੇ ਵਿਚੋਂ ਪੱਤਾ ਚੁਣਨ ਦੇ ਲਈ ਆਖੋ। ਜਦੋਂ ਉਹ ਪੱਤਾ ਚੁਣ ਲਵੇ ਤਾਂ ਬਾਕੀ ਦੀ ਤਾਸ਼ ਪਕੜ ਲਵੋ। ਹੁਣ ਇਹ ਸਾਰੀ ਤਾਸ਼ ਨੂੰ ਡੱਬੇ ਵਿਚ ਪਾਉਂਦੇ ਸਮੇਂ ਚਿੱਤਰ ਅਨੁਸਾਰ ਇਕ ਪਾਸੇ ਮੋੜ ਦੇਵੋ। ਫਿਰ ਇਸ ਨੂੰ ਡੱਬੇ ਦੇ ਵਿਚ ਖਿਲਾਰ ਦਿਓ। ਇਹ ਸਭ ਕੁਝ ਕਰਨ ਤੋਂ ਤੁਸੀਂ ਦਰਸ਼ਕ ਨੂੰ ਆਪਣਾ ਚੁਣਿਆ ਪੱਤਾ ਡੱਬੇ ਦੇ ਅੰਦਰ ਰੱਖੀ ਤਾਸ਼ ਦੇ ਅੰਦਰ ਰਲਾਉਣ ਦੇ ਲਈ ਆਖੋ। ਉਹ ਤਾਸ਼ ਦਾ ਪੱਤਾ ਡੱਬੇ ਦੇ ਅੰਦਰ ਰਲਾ ਦਿੰਦਾ ਹੈ ਪਰ ਤੁਸੀਂ ਆਸਾਨੀ ਨਾਲ ਉਹ ਤਾਸ਼ ਦਾ ਪੱਤਾ ਬਾਹਰ ਕੱਢ ਲੈਂਦੇ ਹੋ। ਇਸ ਦਾ ਕਾਰਨ ਇਹ ਹੈ ਕਿ ਇਹ ਪੱਤਾ ਬਾਕੀ ਪੱਤਿਆਂ ਨਾਲੋਂ ਵੱਖਰਾ ਹੁੰਦਾ ਹੈ ਅਰਥਾਤ ਬਾਕੀ ਦੇ ਸਾਰੇ ਪੱਤੇ ਮੁੜੇ ਹੋਏ ਹੁੰਦੇ ਹਨ ਪਰ ਇਹ ਇਕ ਪੱਤਾ ਮੁੜਿਆ ਹੋਇਆ ਨਹੀਂ ਹੁੰਦਾ। ਜਿਸ ਨੂੰ ਤੁਸੀਂ ਆਸਾਨੀ ਦੇ ਨਾਲ ਬਾਹਰ ਕੱਢ ਲੈਂਦੇ ਹੋ। ਪਰ ਇਹ ਰਹੱਸ ਦਾ ਸਿਰਫ਼ ਤੁਹਾਨੂੰ ਪਤਾ ਹੁੰਦਾ ਹੈ ਇਸ ਲਈ ਦੂਸਰੇ ਦਰਸ਼ਕ ਹੈਰਾਨ ਰਹਿ ਜਾਂਦੇ ਹਨ। ਸਾਰੇ ਦਰਸ਼ਕ ਤੁਹਾਡੀ ਵਾਹ-ਵਾਹ ਕਰਦੇ ਹਨ।

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 20.00
...ਤੇ ਦੇਵ ਪੁਰਸ਼ ਹਾਰ ਗਏ 50.00
ਦੇਂਵ ਦੈਂਤ ਤੇ ਰੂਹਾਂ 50.00
ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00
ਔਰਤਾਂ ਅਤੇ ਮਾਨਸਿਕ ਰੋਗ 30.00



ਮਨੁੱਖ ਦੀ ਉਤਪਤੀ 100.00
ਜੀਵ ਜੰਤੂਆਂ ਦੀ ਅਦਭੁੱਤ ਦੁਨੀਆਂ 80.00
ਨਸ਼ੇ ਕਿਵੇਂ ਛੱਡੀਏ 70.00
ਕਸਰਾਂ ਕਿਉਂ ਹੁੰਦੀਆਂ ਹਨ 40.00
ਮਨੋ ਵਿਸ਼ਲੇਸ਼ਣ 80.00

### ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 100.00
ਬਾਲ ਮਨਾਂ ਵਿੱਚ ਝਾਤ 120.00
ਸਾਡੇ ਬੱਚੇ ਸਾਡੇ ਚਿਰਾਗ਼ 60.00
ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 100.00



ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 120.00
ਸ਼ੁਗਰ ਰੋਗ 20.00
ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 20.00
ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 80.00

### ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



ਮਨੁੱਖ ਮਹਾਂਬਲੀ ਕਿਵੇਂ ਬਣਿਆ 100.00
ਪ੍ਰਸਿੱਧ ਵਿਗਿਆਨਕ ਖੋਜਾਂ 50.00
ਮਹਾਨ ਵਿਗਿਆਨੀ 70.00
ਵਿਗਿਆਨ ਦੀ ਅਦਭੁੱਤ ਦੁਨੀਆਂ 80.00
ਮਨੁੱਖੀ ਹੋਂਦ ਲਈ ਖ਼ਤਰਾ ਪ੍ਰਦੂਸ਼ਣ 80.00



ਵਿਗਿਆਨ ਦੇ ਚਮਤਕਾਰ 70.00
ਸਾਡਾ ਦੋਸਤ ਵਿਗਿਆਨ 80.00
ਫੈਲ ਰਹੀ ਮਹਾਂਮਾਰੀ ਏਡਜ਼ 40.00
ਪੁਲਾੜ ਯਾਤਰਾ 90.00
ਮਨੁੱਖੀ ਸਰੀਰ ਦੇ ਰਹੱਸ 80.00



ਤੰਦਰੁਸਤ ਕਿਵੇਂ ਰਹੀਏ 40.00
ਡਾਕਟਰ ਦੀ ਸਲਾਹ 40.00
ਰਿਸ਼ਤਿਆਂ ਦਾ ਕਾਤਲ 40.00
ਸ਼ਹੀਦਾਂ ਦੀ ਵਿਰਾਸਤ 60.00



ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/-
ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/-
ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



ਸ਼ਹੀਦ ਭਗਤ ਸਿੰਘ 60.00
ਸ਼ਹੀਦਾਂ ਦੇ ਅੰਗ ਸੰਗ 60.00
ਅਮਰ ਸ਼ਹੀਦਾਂ ਦੀਆਂ ਯਾਦਾਂ 50.00
ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ 80.00
ਇਨਕਲਾਬ 80.00
ਪਾਸ਼ ਦੀ ਚੋਣਵੀਂ ਕਵਿਤਾ 50.00
ਦਿਲ ਦੀ ਵਿਗੜ ਰਹੀ ਸਿਹਤ 60.00
ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 40.00

ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
**ਈਮੇਲ:** tarksheel@gmail.com, Website: www.thepunjabi.com

    

| | | | | |
|---|---|---|---|---|
| ਜਨਰਲ ਨਾਲਿਜ 60.00 | ਪੰਜਾਬ ਵਸੀਕਾ ਨਵੀਸੀ 250.00 | ਕਚਹਿਰੀ ਸ਼ਬਦ-ਕੋਸ਼ 150.00 | ਸੂਚਨਾ ਦਾ ਅਧਿਕਾਰ ਕਾਨੂੰਨ 2005 30.00 | ਆਓ ਕੰਪਿਊਟਰ ਸਿੱਖੀਏ 50.00 |

    

| | | | | |
|---|---|---|---|---|
| ਹਿਪਨੋਟਿਜ਼ਮ ਤੁਹਾਡੇ ਲਈ 25.00 | ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ 60.00 | ਹਿਪਨੋਟਿਜ਼ਮ ਕਿਵੇਂ ਸਿੱਖੀਏ 40.00 | ਜੀਵਨ ਦੀਆਂ ਗਣਿਤਕ ਉਲਝਣਾਂ 70.00 | ਤਰਕਸ਼ੀਲ ਦਿਮਾਗੀ ਕਸਰਤਾਂ 40.00 |

    

| | | | | |
|---|---|---|---|---|
| ਦਿਮਾਗੀ ਵਿਕਾਸ ਕਿਵੇਂ ਕਰੀਏ 40.00 | ਅੰਕਾਂ ਦਾ ਜਾਦੂ 40.00 | ਵਿਗਿਆਨਕ ਜਾਦੂਗਰ 30.00 | ਤਰਕਸ਼ੀਲ ਜਾਦੂਗਰ 40.00 | ਸਟੇਜ ਦੇ ਜਾਦੂ 40.00 |

    

| | | | | |
|---|---|---|---|---|
| ਚਮਤਕਾਰਾਂ ਦੇ ਰਹੱਸ 150.00 | ਵਸਤੂ ਸਾਸ਼ਤਰ ਕੋਰਾ ਝੂਠ 40.00 | ਰਜਨੀਸ਼ ਬੇਨਕਾਬ 30.00 | ਸ਼ੰਕਾ ਨਵਿਰਤੀ 50.00 | ਕਣ ਕਣ ਵਿੱਚ ਵਿਗਿਆਨ 20.00 |

## ਨਵੀਆਂ ਪ੍ਰਕਾਸ਼ਿਤ ਕਿਤਾਬਾਂ

   

| | | | |
|---|---|---|---|
| ਜੀਵਨੀ ਸ਼ਹੀਦ ਭਗਤ ਸਿੰਘ/ਪ੍ਰੋ. ਵੜੈਚ 80.00 | ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ 80.00 | ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ 80.00 | ਜਿਓਤਿਸ਼ ਦਾ ਐਕਸਰੇ /ਸੁਰੀਜਤ ਦੌਧਰ 80.00 |



## ਭਾਰਤੀ ਸਾਹਿਤ ਦੇ ਨਿਰਮਾਤਾ ਹਰਿਸ਼ੰਕਰ ਪਰਸਾਈ ਦੇ ਪ੍ਰਸਿੱਧ ਵਿਅੰਗਆਤਮਕ ਲੇਖ

**ਸੰਪਾਦਕ ਤੇ ਅਨੁਵਾਦਕ: ਡਾ. ਕਰਾਂਤੀ ਪਾਲ, ਮੁੱਲ : 100/-**



## ਜ਼ਮੀਨ ਦੀ ਪੈਮਾਇਸ਼ ਅਤੇ ਫੁਟਕਲ ਜਾਣਕਾਰੀ



**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਂਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

## ਪ੍ਰਸਿੱਧ ਕੁਟੇਸ਼ਨਾਂ



**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 120/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 80/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 80/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਨਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?



**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੂਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

# ਮਹਾਨ ਇਨਕਲਾਬੀ ਯੋਧਾ ਚੀ ਗਵੇਰਾ

ਇਕ ਮੁਲਾਕਾਤ 'ਚੋਂ ਚੀ ਗਵੇਰਾ ਦੇ ਪਿਤਾ ਡਾਨ ਅਰਨੈਸਟੋ ਦੇ ਕੁਝ ਸ਼ਬਦ 'ਇਹ ਜਾਨਣ ਲਈ ਕਿ ਮੇਰਾ ਪੁੱਤਰ ਕਿਵੇਂ ਕਿਊਬਨ ਇਨਕਲਾਬ ਦੇ ਆਗੂਆਂ 'ਚੋਂ ਇਕ ਅਤੇ ਮੇਜਰ 'ਚੀ' ਬਣਿਆ, ਅਤੇ ਕਿਹੜੀ ਚੀਜ ਉਸਨੂੰ ਬੋਲੀਵੀਆ ਦੇ ਪਹਾੜਾਂ 'ਤੇ ਲੈ ਗਈ ਸਾਨੂੰ ਸਾਡੇ ਪਰਿਵਾਰ ਦੇ ਬੀਤੇ 'ਤੇ ਇਕ ਝਾਤ ਮਾਰਨੀ ਪਵੇਗੀ। ਮੇਰੇ ਪੁੱਤਰ ਦੀਆਂ ਰਗਾਂ ਵਿਚ ਆਇਰਸ਼ ਬਾਗੀਆਂ, ਸਪੇਨੀ ਜੇਤੂਆਂ ਅਤੇ ਅਰਜਨਟਾਈਨੀ ਦੇਸ਼ ਭਗਤਾਂ ਦਾ ਖ਼ੂਨ ਵਗਦਾ ਸੀ। ਸਾਡੇ ਬੇਆਰਾਮ ਬਜ਼ੁਰਗਾਂ ਦੇ ਇਹ ਪੱਖ ਉਸਨੂੰ ਵਿਰਸੇ 'ਚ ਮਿਲੇ ਸਨ। ਆਪਣੀ ਜਵਾਨੀ ਦੇ ਦਿਨਾਂ ਵਿਚ ਮੈਂ ਆਪ ਵੀ ਟਿਕ ਕੇ ਬੈਠ ਨਹੀਂ ਸੀ ਸਕਦਾ। ਮੈਂ ਅਰਜਨਟਾਈਨਾਂ ਵਿਚ ਚਾਹ ਦੀ ਖੇਤੀ ਕੀਤੀ, ਸ਼ਹਿਰਾਂ ਵਿਚ ਘਰ ਉਸਾਰੇ, ਉਸਾਰੀ ਵਿਚ ਆਪਣੀਆਂ ਉਂਗਲਾਂ ਲੂਹੀਆਂ ਪਰ ਕਦੇ ਵੀ ਮੈਂ ਪੈਸਾ ਕਮਾਉਣ ਵਾਰੇ ਨਹੀਂ ਸੀ ਸੋਚਿਆ। ਮੈਂ ਕਿਸੇ ਦੀ ਕਿਰਤ ਲੁੱਟ ਕੇ ਕਦੇ ਵੀ ਮੁਨਾਫ਼ਾ ਨਹੀਂ ਕਮਾ ਸਕਦਾ ਸੀ। ਮੈਂ ਸੋਚਦਾ ਸੀ ਕਿ ਸਿਰਫ ਧਨ ਹੀ ਨਹੀਂ, ਸ਼ੁੱਧ ਆਤਮਾ ਵੀ ਜੀਵਨ ਲਈ ਜਰੂਰੀ ਹੈ। ਭਾਵੇਂ ਮੇਰੀ ਆਰਥਿਕ ਹਾਲਤ ਕਦੇ ਵੀ ਚੰਗੀ ਨਹੀਂ ਰਹੀ ਪਰ ਫਿਰ ਵੀ ਮੈਂ ਆਪਣੇ ਪੰਜ ਬੱਚਿਆਂ ਨੂੰ ਉਚੇਰੀ ਵਿਦਿਆ ਪ੍ਰਾਪਤ ਕਰਵਾਉਣ 'ਚ ਸਫਲ ਰਿਹਾ।
ਮੈਨੂੰ ਸਭ ਤੋਂ ਵੱਧ ਮਾਣ ਆਪਣੇ ਪੁੱਤਰ ਅਰਨੈਸਟੋ ਚੀ ਗਵੇਰਾ 'ਤੇ ਹੈ ਜਿਸਦਾ ਨਿੱਕਾ ਨਾਮ ਮੈਂ ਟਿਟੀ ਲਿਆ ਕਰਦਾ ਸਾਂ। ਉਹ ਇਕ ਸੱਚਾ ਮਨੁੱਖ ਸੀ,ਅਸਲੀ ਯੋਧਾ।'

'ਕੀ ਤੂੰ ਆਪਣੀ ਅਮਰਤਾ (ਅਮਰ ਹੋਣ ਬਾਰੇ) ਬਾਰੇ ਸੋਚ ਰਿਹਾ ਹੈਂ?' ਹੱਤਿਆ ਕਰਨ ਤੋਂ ਪਹਿਲਾਂ ਬੋਲੇਵੀਅਨ ਸੈਨਿਕ ਨੇ ਚੀ ਗਵੇਰਾ ਨੂੰ ਪੁੱਛਿਆ। 'ਨਹੀਂ ਮੈਂ ਇਨਕਲਾਬ ( ਕਰਾਂਤੀ) ਅਮਰਤਾ ਬਾਰੇ ਸੋਚ ਰਿਹਾ ਹਾਂ' ਚੀ ਗਵੇਰਾ ਨੇ ਹਿੱਕ ਤਾਣ ਕਿ ਨਿਧੱੜਕ ਅਵਾਜ਼ 'ਚ ਕਿਹਾ । ਉਸ ਤੋਂ ਬਾਦ ਉਸਦੇ 9 ਗੋਲੀਆਂ ਮਾਰੀਆਂ ਗਈਆਂ ਅਤੇ ਹੱਥ ਕੱਟ ਦਿਤੇ ਗਏ। ਚੀ ਗਵੇਰਾ ਦੇ ਇਹ ਹੱਥ, ਕਿਊਬਾ ਵਿਚ ਅਜੇ ਵੀ ਲੋਕਾਂ ਨੇ ਆਪਣੇ ਹੀਰੋ ਨੂੰ ਪ੍ਰਣਾਮ ਕਰਨ ਵਾਸਤੇ ਸਾਂਭ ਕੇ ਰੱਖੇ ਹੋਏ ਹਨ। ਚੀ ਗਵੇਰਾ ਦੀ ਸ਼ਹਾਦਤ ਵਾਲੇ ਦਿਨ ਕਿਊਬਾ 'ਚ ਛੁੱਟੀ ਕੀਤੀ ਜਾਂਦੀ ਹੈ। ਕਿਊਬਾ ਦੇ ਲੋਕ ਉਸਨੂੰ ਪਿਆਰ ਨਾਲ ਛੀ ਗਵੇਰਾ ਕਹਿੰਦੇ ਹਨ। ਛੀ ਦਾ ਅਰਥ ਉਸ ਭਾਸ਼ਾ 'ਚ 'ਆਪਣਾ ਮਿੱਤਰ ਪਿਆਰਾ ' ਹੈ। 14 ਜੂਨ 1928 ਨੂੰ ਅਰਜਟਾਈਨਾ ਦੇ ਸ਼ਹਿਰ ਰੋਜ਼ੇਰੀਓ ਵਿਚ ਆਰਕੀਟੈਕਟ ਪਿਤਾ  ਡਾਨ ਅਰਨੈਸਟੋ ਗਵੇਰਾ ਲਿੰਚ ਦੇ ਘਰ ਜਨਮੇ ਚੀ ਨੂੰ ਬਚਪਨ ਤੋਂ ਹੀ ਦਮੇਂ ਦੀ ਬੀਮਾਰੀ ਸੀ। ਇਸ 'ਤੇ ਕਾਬੂ ਪਾਉਣ ਲਈ ਉਸਨੇ ਡਾਕਟਰ ਬਨਣ ਦਾ ਫੈਸਲਾ ਕੀਤਾ। ਮੁਢਲੀ ਪੜ੍ਹਾਈ ਤੋਂ ਬਾਦ ਉਸਨੇ ਅਰਜਨਟਾਈਨਾ ਦੀ ਰਾਜਧਾਨੀ ਦੇ ਮੈਡੀਕਲ ਕਾਲਜ ਵਿਚ ਦਾਖਲਾ ਲੈ ਲਿਆ ਅਤੇ 1953 'ਚ ਡਾਕਟਰੀ ਦੀ ਡਿਗਰੀ ਹਾਸਿਲ ਕਰ ਲਈ। ਯੂਨੀਵਰਸਿਟੀ ਦੀ ਪੜ੍ਹਾਈ ਨਾਲ ਉਸਨੇ ਆਪਣੇ ਇਕ ਸਾਥੀ ਨਾਲ ਮੋਟਰ ਸਾਈਕਲ 'ਤੇ ਚਾਈਲ, ਕੋਲੰਬੀਆ, ਪੀਰੂ ਅਤੇ ਵੈਨਜ਼ੁਏਲਾ ਦਾ ਦੌਰਾ ਕੀਤਾ। ਉਥੋਂ ਦੀ ਗਰੀਬੀ ਅਤੇ ਲੋਕਾਂ ਦੇ ਦੁੱਖ ਦਰਦ ਦੇਖ ਕੇ ਉਸਨੇ ਇਹਨਾਂ ਲਈ ਕੁਝ ਕਰਨ ਦਾ ਅਹਿਦ ਲਿਆ।1954 ਵਿਚ ਉਸਨੇ ਦੂਜੀ ਵਾਰ ਬੋਲੀਵੀਆ, ਅਕੁਆਡੋਰ, ਕੋਲੰਬੀਆ, ਕੋਸਟਾ ਰਾਈਕਾ, ਪਾਨਾਮਾ ਵਰਗੇ ਸਾਰੇ ਲਾਤੀਨਾ ਦੇਸ਼ਾਂ ਦਾ ਭ੍ਰਮਣ ਕੀਤਾ।

ਉਸਨੇ ਗੋਟੀਮਾਲਾ 'ਚ ਸਾਮਰਾਜ ਵਿਰੋਧੀ ਕਰਨਲ ਜ਼ੈਕੋਬ- ਆਰਬੈਨਜ਼ ਦੀ ਸਰਕਾਰ 'ਚ ਨੌਕਰੀ ਕਰ ਲਈ। ਆਰਬੈਨਜ ਦੀ ਸਰਕਾਰ ਅਮਰੀਕੀ ਅੱਖ 'ਚ ਰੜਕਦੀ ਸੀ, ਇਸ ਲਈ ਸੀ ਆਈ ਏ ਦੇ ਹਥਿਆਰਾਂ ਨਾਲ ਅਮਰੀਕੀ ਪੱਖੀਆਂ ਨੇ ਰਾਜਧਾਨੀ 'ਤੇ ਬੰਬਾਂ ਦੀ ਬਰਖਾ ਕਰ ਦਿਤੀ। ਚੀ ਗਵੇਰਾ ਨੇ ਸਰਕਾਰ ਨੂੰ ਬਣਦੀ ਮਦਦ ਦੇਣ ਵਿਚ ਆਪਣਾ ਪੂਰਾ ਹਿੱਸਾ ਪਾਇਆ । ਸਰਕਾਰ ਦੀ ਹਾਰ ਪਿਛੋਂ ਉਹ ਮੈਕਸੀਕੋ ਚਲਾ ਗਿਆ। 1954 ਤੋਂ 56 ਤਕ ਉਹ ਦਿਲ ਦੇ ਰੋਗਾਂ ਦੇ ਹਸਪਤਾਲ 'ਚ ਨੌਕਰੀ ਕਰਦਾ ਰਿਹਾ, ਪਰ ਜਦੋਂ ਉਹਨੂੰ ਪਤਾ ਲੱਗਾ ਕਿ ਕਿਊਬਾ 'ਚ ਫੀਡੇਲ ਕਾਸਟਰੋ ਇਨਕਲਾਬ ਦੀ ਲੜਾਈ ਲੜ ਰਿਹਾ ਹੈ ਤਾਂ ਉਹ ਨੌਕਰੀ ਛੱਡ ਕੇ ਫੀਡੇਲ ਕਾਸਟਰੋ ਦਾ ਇਨਕਲਾਬੀ ਸਾਥੀ ਬਣ ਗਿਆ। 25 ਨਵੰਬਰ 1956 ਨੂੰ ਉਹ ਫੀਡੇਲ ਦੇ ਉਹਨਾਂ 81ਸਾਥੀਆਂ ਵਿਚ ਸ਼ਾਮਿਲ ਸੀ ਜੋ ਇਕ ਪੁਰਾਣੀ ਕਿਸ਼ਤੀ ਵਿਚ ਕਿਊਬਾ 'ਚ ਇਨਕਲਾਬ ਕਰਨ ਚਲੇ ਸਨ। ਕਿਸ਼ਤੀ ਵਿਚ ਸਿਰਫ 21 ਬੰਦਿਆਂ ਜੋਗੀ ਥਾਂ ਸੀ ਪਰ ਇਸ ਵਿਚ 81 ਆਦਮੀ ਸਵਾਰ ਹੋ ਗਏ। ਸਮੁੰਦਰੀ ਤੂਫ਼ਾਨ ਕਾਰਨ ਇਹ ਕਿਸ਼ਤੀ ਕਿਨਾਰੇ ਤੋਂ ਇਕ ਕਿਲੋਮੀਟਰ ਦੂਰ ਦਲਦਲ ਵਿਚ ਫਸ ਗਈ। ਇਹ ਸਾਰੇ ਆਦਮੀ ਆਪਣੇ ਹਥਿਆਰ ਲੈ ਕੇ ਬਹੁਤ ਔਖੀ ਤਰ੍ਹਾਂ ਕਿਨਾਰੇ 'ਤੇ ਪਹੁੰਚ ਤਾਂ ਗਏ ਪਰ ਕਿਊਬਾ ਦੇ ਡਿਕਟੇਟਰ ਬਾਤਿਸਤਾ ਦੀਆਂ ਫੌਜਾਂ ਨੂੰ ਇਹਨਾਂ ਦੀ ਸੂਹ ਮਿਲ ਗਈ ਸੀ। ਉਹਨਾਂ ਇਹਨਾਂ ਬਾਗੀਆਂ ਉਤੇ ਜੋਰਦਾਰ ਹਵਾਈ ਹਮਲਾ ਕਰ ਦਿੱਤਾ । ਇਹਨਾਂ 'ਚੋਂ ਸਿਰਫ 12 ਬੰਦੇ ਹੀ ਜਿਉਂਦੇ ਬਚੇ, ਜਿਹਨਾਂ ਵਿਚ ਫੀਡੇਲ ਕਾਸਟਰੋ, ਉਸਦਾ ਭਰਾ ਰਾਊਲ ਅਤੇ ਚੀ ਗਵੇਰਾ ਵੀ ਸਨ।

ਇਹ ਸਾਰੇ ਸੀਅਰਾ ਮੈਸਤਰਾ ਦੀਆਂ ਪਹਾੜੀਆਂ ਉਪਰ ਚੜ੍ਹਣ 'ਚ ਸਫਲ ਹੋ ਗਏ। ਇਥੇ ਇਹਨਾਂ ਨੇ ਇਲਾਕਾਈ ਕਿਸਾਨਾਂ ਨੂੰ ਆਪਣੇ ਨਾਲ ਰਲਾਉਣਾ ਜਾਰੀ ਰੱਖਿਆ । ਇਥੇ ਲੜਾਈ ਕਰਦਿਆਂ ਚੀ ਗਵੇਰਾ 6 ਵਾਰ ਗੰਭੀਰ ਜ਼ਖਮੀ ਹੋਇਆ । ਉਸਨੂੰ ਦਮੇਂ ਦਾ ਦੌਰਾ ਪੈ ਜਾਂਦਾ । ਉਹ ਦਮੇਂ ਦਾ ਇਲਾਜ ਵੀ ਕਰਦਾ ਅਤੇ ਜੰਗੀ ਮੁਹਾਜ਼ 'ਤੇ ਲੜਾਈ ਵੀ ਕਰਦਾ । 2 ਜੂਨ 1959 ਨੂੰ ਉਸਨੇ ਹਵਾਨਾ ਵਿਖੇ ਆਪਣੀ ਇਕ ਇਨਕਲਾਬਣ ਸਾਥਣ ਅਲੇਅਡਾ ਮਾਰਚ ਨਾਲ ਵਿਆਹ ਕਰਵਾ ਲਿਆ। ਜਿਸਦੀ ਕੁੱਖੋਂ 4 ਬੱਚਿਆਂ ਨੇ ਜਨਮ ਲਿਆ। 1959 ਵਿਚ ਕਿਊਬਾ ਦੇ ਇਨਕਲਾਬ ਪਿਛੋਂ ਫੀਡੇਲ ਕਾਸਟਰੋ ਨੇ ਉਸਨੂੰ ਆਪਣੇ ਤੋਂ ਦੋ ਨੰਬਰ ਦਾ ਸਨਅਤੀ ਮੰਤਰੀ ਬਣਾਇਆ ਪਰ ਉਹ ਕਦੇ ਮੰਤਰੀ ਦੀ ਕੁਰਸੀ 'ਤੇ ਨਹੀਂ ਬੈਠਿਆ, ਹਮੇਸ਼ਾ ਖੇਤਾਂ 'ਚ ਜਾ ਕੇ ਕਿਸਾਨਾਂ ਨਾਲ ਗੰਨਾ ਆਦਿ ਪੁੱਟਣ ਦਾ ਕੰਮ ਕਰਦਾ ਰਿਹਾ। ਅਮਰੀਕਾ ਵਲੋਂ ਉਲਟ ਇਨਕਲਾਬੀ ਕਾਰਵਾਈਆਂ ਜਾਰੀ ਸਨ। ਇਸ ਲਈ ਉਸਨੂੰ ਸਮਾਜਵਾਦੀ ਦੇਸ਼ਾਂ ਨਾਲ ਸਬੰਧ ਕਾਇਮ ਕਰਨ ਲਈ ਭੇਜਿਆ ਗਿਆ । ਉਹ ਇਹਨਾਂ ਪੰਜ ਸਾਲਾਂ ਵਿਚ ਸੋਵੀਅਤ ਯੂਨੀਅਨ, ਚੈਕੋਸਲਵਾਕੀਆ, ਚੀਨ , ਕੋਰੀਆ ਅਤੇ ਜਰਮਨ ਜਮਹੂਰੀ ਗਣਰਾਜ ਤੋਂ ਇਲਾਵਾ ਹੋਰ ਅਨੇਕਾਂ ਦੇਸ਼ਾਂ ਵਿਚ ਗਿਆ। ਇਥੋਂ ਤਕ ਅਮਰੀਕਾ ਅਤੇ ਯੂ ਐਨ ਓ ਵਿਚ ਉਸਨੇ ਭਾਸ਼ਣ ਦਿਤੇ। ਸੋਵੀਅਤ ਯੂਨੀਅਨ ਤੋਂ ਆਰਥਿਕ ਅਤੇ ਹਥਿਆਰਾਂ ਦੀ ਸਹਾਇਤ ਮਿਲਣ ਕਾਰਨ ਉਸਨੇ



ਅਮਰਜੀਤ ਢਿੱਲੋਂ
ਦਬੜੀਖਾਨਾ (ਜੈਤੋ)



ਕਿਊਬਾ ਦੇ ਇਨਕਲਾਬ ਨੂੰ ਪੱਕੇ ਪੈਰੀਂ ਕਰ ਦਿੱਤਾ। ਉਸਨੂੰ ਪਤਾ ਸੀ ਕਿ ਹੁਣ ਫੀਡੇਲ ਕਾਸਟਰੋ ਦੇ ਹੱਥਾਂ 'ਚ ਦੇਸ਼ ਸੁਰੱਖਿਅਤ ਹੈ।

ਇਹ ਮਹਾਨ ਸੂਰਮਾ 14 ਮਾਰਚ 1965 ਨੂੰ ਸਭ ਦੇਸ਼ਾਂ ਨਾਲ ਸਮਝੌਤੇ ਸਹੀਬੰਦ ਕਰਕੇ ਅਚਾਨਕ ਬਿਨਾ ਕਿਸੇ ਨੂੰ ਦੱਸਿਆਂ ਅਲੋਪ ਹੋ ਗਿਆ। ਉਸਦਾ ਕਹਿਣਾ ਸੀ ਕਿ ਗੁਰੀਲਾ ਲਹਿਰ ਦੀ ਪਹਿਲੀ ਜ਼ਰੂਰੀ ਸ਼ਰਤ ਗੋਪਨੀਅਤਾ ਹੈ। ਉਸ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਅਫ਼ਵਾਹਾਂ ਫੈਲਦੀਆਂ ਰਹੀਆਂ, ਪਰ ਉਹ ਬੋਲੇਵੀਆ ਦੇ ਜੰਗਲਾਂ 'ਚ ਜਾਕੇ ਗੁਰੀਲਿਆਂ ਨੂੰ ਇਨਕਲਾਬ ਲਈ ਜਥੇਬੰਦ ਕਰਦਾ ਰਿਹਾ। ਇਹਨਾਂ ਜੰਗਲਾਂ ਵਿਚ ਬੜੇ ਹੀ ਭਿਆਨਕ ਕੀੜੇ ਮਕੌੜੇ ,ਖਟਮਲ ਅਤੇ ਮੱਛਰ , ਬਿਛੂ ਆਦਿ ਸਨ। ਉਸਦੀਆਂ ਲੱਤਾਂ ਅਤੇ ਸਰੀਰ ਇਨ੍ਹਾਂ ਕੀੜਿਆਂ ਦੇ ਲੜਣ ਨਾਲ ਸੁੱਜ ਜਾਂਦੇ , ਉਪਰੋਂ ਦਮੇਂ ਦਾ ਦੌਰਾ ਵੀ ਕਈ ਵਾਰ ਉਸਨੂੰ ਨਿਢਾਲ ਕਰ ਦਿੰਦਾ । ਬਦੇਸ਼ੀ ਪੱਤਰਕਾਰਾਂ ਵਲੋਂ ਚੀ ਗਵੇਰਾ ਦੀ ਗੁੰਮਸ਼ੁਦਗੀ ਬਾਰੇ ਪੁੱਛਣ ਤੇ ਫੀਡੇਲ ਕਾਸਟਰੋ ਨੇ ਇਹਨਾਂ ਹੀ ਕਿਹਾ ਕਿ ਉਹ ਜਿਥੇ ਵੀ ਹੋਵੇਗਾ ਇਨਕਲਾਬ ਲਈ ਕੰਮ ਕਰ ਰਿਹਾ ਹੋਵੇਗਾ। ਅਖੀਰ 3 ਅਕਤੂਬਰ 1965 ਨੂੰ ਸਾਰੀਆਂ ਅਫ਼ਵਾਹਾਂ ਦਾ ਅੰਤ ਕਰਦਿਆਂ ਕਾਸਟਰੋ ਨੇ ਚੀ ਗਵੇਰਾ ਦੀ ਲੰਮੀ ਚਿੱਠੀ ਪੜ੍ਹ ਕੇ ਸੁਣਾਈ। ਜਿਸਦੇ ਅਖੀਰ ਵਿਚ ਉਸਨੇ ਲਿਖਿਆ ਸੀ 'ਮੈਂ ਆਪਣੇ ਲੋਕਾਂ ਦੀ ਇਨਕਲਾਬੀ ਭਾਵਨਾ ਅਤੇ ਚੇਤਨਾ ਨਾਲ ਲਿਜਾ ਰਿਹਾ ਹਾਂ ਤਾਂ ਕਿ ਸਾਮਰਾਜ ਵਿਰੁੱਧ ਚੱਲ ਰਹੇ ਯੁੱਧ ਨੂੰ ਹੋਰ ਪ੍ਰਚੰਡ ਕੀਤਾ ਜਾ ਸਕੇ। ਹਮੇਸ਼ਾ ਜਿੱਤ ਲਈ ਮਾਂ ਭੂਮੀ ਜਾਂ ਮੌਤ-। ਮੈਂ ਪੂਰੇ ਜੋਸ਼ ਨਾਲ ਤੁਹਾਨੂੰ ਇਨਕਲਾਬੀ ਗਲਵਕੜੀ ਪਾਉਂਦਾ ਹਾਂ'- ਚੀ ਗਵੇਰਾ। 8 ਅਕਤੂਬਰ 1967 ਨੂੰ ਬੋਲੀਵੀਆ ਦੀ ਯੂਰੋ ਖੱਡ ਦੀ ਲੜਾਈ ਵਿਚ ਚੀ ਗਵੇਰਾ ਜ਼ਖ਼ਮੀ ਹੋ ਗਿਆ ਅਤੇ ਫੜ ਲਿਆ ਗਿਆ। 9 ਅਕਤੂਬਰ ਨੂੰ ਹਿਗਏਰਾ ਪਿੰਡ ਵਿਚ ਸੈਨਿਕਾਂ ਨੇ ਚੀ ਦੇ 9 ਗੋਲੀਆਂ ਮਾਰ ਕੇ ਉਸਨੂੰ ਸ਼ਹੀਦ ਕਰ ਦਿੱਤਾ । ਇਥੇ ਉਸਦੇ ਇਹ ਆਖਰੀ ਸ਼ਬਦ ਸਨ ਕਿ ਮੈਂ ਇਨਕਲਾਬ ਦੀ ਅਮਰਤਾ ਬਾਰੇ ਸੋਚ ਰਿਹਾ ਹਾਂ। ਉਸਦੀ ਮੌਤ ਦੀ ਖਬਰ ਫੈਲਦਿਆਂ ਹੀ ਕਾਲਜਾਂ, ਯੂਨੀਵਰਸਿਟੀਆਂ ਵਿਚ ਤੂਫ਼ਾਨ ਖੜ੍ਹਾ ਹੋ ਗਿਆ। ਵਿਦਿਆਰਥੀਆ ਨੇ ਚੀ ਗਵੇਰਾ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਕੰਧਾਂ ਭਰ ਦਿਤੀਆਂ ਅਤੇ ਖੁਦ ਸਾਮਰਾਜ ਦੇ ਖਿਲਾਫ ਖੜ੍ਹੇ ਹੋ ਗਏ, ਜਿਸ ਤਰ੍ਹਾਂ ਭਗਤ ਸਿੰਘ ਦੀ ਸ਼ਹਾਦਤ ਤੋਂ ਬਾਦ ਭਾਰਤ 'ਚ ਹੋਇਆ ਸੀ।

ਬੋਲੀਵੀਆ ਸਰਕਾਰ ਚੀ ਗਵੇਰਾ ਦੀ ਡਾਇਰੀ ਸਾਮਰਾਜੀਆਂ ਕੋਲ 10 ਲੱਖ ਡਾਲਰ ਤੋਂ ਵੀ ਵੱਧ ਵਿਚ ਵੇਚਣ ਲਈ ਤਿਆਰ ਸੀ ਪਰ ਫੀਡੇਲ ਕਾਸਟਰੋ ਨੇ ਟੈਲੀਵੀਜਨ ਤੇ ਇਹ ਕਹਿ ਕੇ ਸਨਸਨੀ ਪੈਦਾ ਕਰ ਦਿੱਤੀ ਕਿ ਚੀ ਗਵੇਰਾ ਦੀ ਡਾਇਰੀ ਦੀ ਅਸਲੀ ਨਕਲ ਕਿਸੇ ਸ਼ੁਭ ਚਿੰਤਕ ਨੇ ਸਾਡੇ ਤਕ ਪਹੁੰਚਾ ਦਿੱਤੀ ਹੈ ਅਤੇ ਇਹ ਜਲਦੀ ਹੀ ਛਾਪ ਦਿਤੀ ਜਾਵੇਗੀ। ਅਰਗੁਏਦਸ ਜੋ ਬੋਲੇਵੀਆ ਦਾ ਗ੍ਰਹਿ ਮੰਤਰੀ ਸੀ 'ਤੇ ਚੀ ਦੀ ਮੌਤ ਨੇ ਐਨਾ ਡੂੰਘਾ ਅਸਰ ਪਾਇਆ ਕਿ ਉਸਨੇ ਚੀ ਗਵੇਰਾ ਦੇ ਕੱਟੇ ਹੋਏ ਹੱਥ ਅਤੇ ਡਾਇਰੀ ਦੀ ਨਕਲ ਅਤੇ ਉਸਦੀਆਂ ਹੋਰ ਸਾਰੀਆਂ ਵਸਤਾਂ ਗੁਪਤ ਢੰਗ ਨਾਲ ਫੀਡੇਲ ਕਾਸਟਰੋ ਕੋਲ ਪਹੁੰਚਾ ਦਿਤੀਆਂ। ਆਪ ਚਿੱਲੀ ਭੱਜ ਗਿਆ ਅਤੇ ਇਕ ਸਾਲ ਬਾਦ ਬੋਲੀਵੀਆ ਫਿਰ ਆ ਗਿਆ । ਉਸ ਉਪਰ ਮੁਕੱਦਮਾ ਚਲਾਇਆ ਗਿਆ । ਅਦਾਲਤ ਵਿਚ ਉਸਨੇ ਕਿਹਾ ਕਿ 'ਮੈਂ ਚੀ ਗਵੇਰਾ ਨੂੰ ਨਹੀਂ ਮਿਲਿਆ ਪਰ ਮੈਂ ਉਸਨੂੰ ਇਨਕਲਾਬ ਦਾ ਕੌਮਾਂਤਰੀ ਹੀਰੋ ਸਮਝਦਾ ਹਾਂ ।' ਚੀ ਦੀ ਮੌਤ ਨੇ ਲਾਤੀਨੀ ਅਮਰੀਕਾ ਵਿਚ ਸਾਮਰਾਜ ਦੇ ਹਜ਼ਾਰਾਂ ਹੀ ਦੁਸ਼ਮਣ ਪੈਦਾ ਕਰ ਦਿੱਤੇ। ਚੀ ਗਵੇਰਾ ਉਪਰ ਅਨੇਕਾਂ ਭਾਸ਼ਾਵਾਂ ਵਿਚ ਕਿਤਾਬਾਂ, ਪੈਂਫਲਿਟ, ਨਾਟਕ , ਡਰਾਮੇ ਅਤੇ ਨਾਵਲ ਲਿਖੇ ਗਏ। ਅਨੇਕਾਂ ਫਿਲਮਾਂ ਬਣਾਈਆਂ ਗਈਆਂ । ਇਸ ਤਰ੍ਹਾਂ ਦੇ ਮਹਾਨ ਇਨਕਲਾਬੀ ਕਦੇ ਕਦੇ ਹੀ ਪੈਦਾ ਹੁੰਦੇ ਹਨ। ਜੋ ਆਪਣੇ ਸੁੱਖ ਤਿਆਗ ਕੇ ਲੋਕਾਂ ਲਈ ਜ਼ਿੰਦਗੀ ਕੁਰਬਾਨ ਕਰ ਦਿੰਦੇ ਹਨ।' ਮਿਟਾ ਕੇ ਅਪਨੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੇ ਕਿ ਦਾਨਾ ਖ਼ਾਕ ਮੇਂ ਮਿਲ ਕਰ ਗੁਲ ਓ ਗੁਲਜ਼ਾਰ ਹੋਤਾ ਹੈ।( ਡਾ: ਇਕਬਾਲ)

**ਮੋਬਾ : 94171 20427**
**ਵਾਇਆ ਬਾਜਾਖਾਨਾ ( ਫਰੀਦਕੋਟ)**
**ਪਿੰਨ ਕੋਡ 151205**

## ਵੱਖਰੇ-ਵੱਖਰੇ ਵਿਚਾਰ

ਸ਼ੰਕੇ ਕਰਨ ਨਾਲ ਦਾਰਸ਼ਨਿਕ ਪੈਦਾ ਹੁੰਦੇ ਹਨ ਤੇ ਸ਼ਰਧਾ ਸੰਤਾਂ ਨੂੰ ਜਨਮ ਦਿੰਦੀ ਹੈ। ਅੱਜ ਕੱਲ੍ਹ ਸੰਤਾਂ ਦੀ ਚਾਂਦੀ ਹੈ ਕਿਉਂਕਿ ਜ਼ਿਆਦਾਤਰ ਲੋਕ ਤਾਂ ਆਪਣੀ ਅਕਲ ਦੇ ਖਾਨੇ ਨੂੰ ਜਿੰਦਰਾ ਹੀ ਮਾਰ ਦਿੰਦੇ ਹਨ ?

ਮੌਤ : ਜੇ ਮੈਂ ਮਰ ਰਿਹਾ ਹੋਵਾ ਤਾਂ ਖੜ੍ਹੇ ਹੋ ਕੇ ਅਰਦਾਸ ਨਾ ਕਰਿਉ ਕਿਸੇ ਡਾਕਟਰ ਨੂੰ ਆਵਾਜ਼ ਮਾਰ ਲਿਉ।

**– ਐਰਿਨਾ ਐਸ਼ਲੀ**

ਜੇ ਯੱਗ ਵਿੱਚ ਬਲੀ ਚੜਾਇਆ ਗਿਆ ਪਸ਼ੂ ਸਿੱਧਾ ਸਵਰਗ ਨੂੰ ਜਾਂਦਾ ਹੈ ਤਾਂ ਯਜਮਾਨ ਆਪਣੇ ਬਾਪ ਦੀ ਬਲੀ ਦੇ ਕੇ ਉਸਨੂੰ ਸਵਰਗ ਕਿਉਂ ਨਹੀਂ ਭੇਜਦੇ।

**– ਚਾਰਵਾਕ**

ਜੇ ਮਰੇ ਹੋਏ ਲੋਕ ਸ਼ਰਾਧ ਕਰਨ ਨਾਲ ਰੱਜ ਜਾਂਦੇ ਹਨ ਤਾਂ ਮੁਸਾਫਰਾਂ ਨੂੰ ਆਪਣੇ ਨਾਲ ਭੋਜਨ ਚੁੱਕ ਕੇ ਲੈ ਜਾਣ ਦੀ ਕੀ ਲੋੜ ਹੈ ? ਸਰਾਧਾਂ ਨਾਲ ਉਨ੍ਹਾਂ ਨੂੰ ਵੀ ਰਜਾਇਆ ਜਾ ਸਕਦਾ ਹੈ।

**– ਚਾਰਵਾਕ**

ਬ੍ਰਾਹਮਣ ਆਪਣਾ ਹੀ ਖਾਂਦਾ ਹੈ। ਆਪਣਾ ਹੀ ਪਹਿਨਦਾ ਹੈ। ਜਦੋਂ ਕਿਸੇ ਨੂੰ ਕੁਝ ਦਿੰਦਾ ਹੈ ਉਹ ਵੀ ਉਸਦਾ ਆਪਣਾ ਹੀ ਹੁੰਦਾ ਹੈ। ਦੂਸਰੇ ਲੋਕ ਜੋ ਕੁਝ ਵੀ ਖਾਂਦੇ ਪਹਿਨਦੇ ਹਨ ਉਹ ਸਭ ਬ੍ਰਾਹਮਣ ਦੀ ਕ੍ਰਿਪਾ ਨਾਲ ਹੁੰਦਾ ਹੈ।

**– ਮੰਨੂ ਸਮਿਰਤੀ**

ਬ੍ਰਾਹਮਣ ਲੜਕਾ ਭਾਵੇਂ ਦਸ ਸਾਲ ਦਾ ਵੀ ਹੋਵੇ ਤੇ ਭਾਵੇਂ 100 ਸਾਲ ਦਾ ਬਜ਼ੁਰਗ ਹੋਵੇ। ਫਿਰ ਵੀ ਕਸ਼ੱਤਰੀ ਨੂੰ ਚਾਹੀਦਾ ਹੈ ਕਿ ਉਹ ਬ੍ਰਾਹਮਣ ਬਾਲਕ ਨੂੰ ਆਪਣਾ ਪਿਤਾ ਜਿਹਾ ਮੰਨੇ।

**– ਮੰਨੂ ਸਮਿਰਤੀ**

ਰਾਜੇ ਨੂੰ ਚਾਹੀਦਾ ਹੈ ਕਿ ਜੇ ਉਸਨੂੰ ਧਰਤੀ ਵਿੱਚੋਂ ਦੱਬਿਆ ਹੋਇਆ ਖਜ਼ਾਨਾ ਮਿਲੇ ਤਾਂ ਉਸ ਵਿੱਚੋਂ ਅੱਧਾ ਬ੍ਰਾਹਮਣ ਨੂੰ ਭੇਂਟ ਕਰੇ ਤੇ ਬਾਕੀ ਅੱਧਾ ਖਜ਼ਾਨੇ ਵਿੱਚ ਜਮ੍ਹਾ ਕਰਵਾ ਦੇਵੇ।

**– ਮੰਨੂ ਸਮਰਿਤੀ**

ਬ੍ਰਾਹਮਣਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਸ਼ੂਦਰ ਨੂੰ ਬ੍ਰਾਹਮਣ ਦੇ ਮ੍ਰਿਤਕ ਸਰੀਰ ਨੂੰ ਹੱਥ ਨਾ ਲਾਉਣ ਦੇਣ ਨਹੀਂ ਤਾਂ ਬ੍ਰਾਹਮਣ ਸਵਰਗ ਨਹੀਂ ਜਾ ਸਕੇਗਾ।

**– ਮਨੂੰ ਸਮਰਿਤੀ**

ਸੂਦਰ ਤਪੱਸਿਆ ਕਰੇਗਾ ਤਾਂ ਸਾਰਾ ਦੇਸ਼ ਗਰੀਬੀ ਵਿੱਚ ਡੁੱਬ ਜਾਵੇਗਾ ਤੇ ਰਾਜਾ ਨਰਕ ਵਿੱਚ ਜਾਵੇਗਾ।

**– ਵਿਸ਼ਿਸਟ ਧਰਮਸੂਤਰ**

ਇਸਤਰੀਆਂ ਤੇ ਸੂਦਰ ਨੂੰ ਵਿਦਿਆ ਨਹੀਂ ਦੇਣੀ ਚਾਹੀਦੀ।

**– ਮਨੂੰ ਸਮਰਿਤੀ**

ਜਦੋਂ ਦਵਾਈਆਂ ਵਪਾਰ, ਡਾਕਟਰ ਵਪਾਰੀ ਤੇ ਮਰੀਜ਼ ਗਾਹਕ ਬਣ ਜਾਂਦੇ ਹਨ ਤਾਂ ਫਿਰ ਦਵਾਈਆਂ ਅਲਾਮਤਾਂ ਵੇਖ ਕੇ ਨਹੀਂ ਦਿੱਤੀਆਂ ਜਾਂਦੀਆਂ ਸਗੋਂ ਮੁਨਾਫ਼ੇ ਹੀ ਵੇਖੇ ਜਾਂਦੇ ਹਨ।

**– ਡਾਕਟਰ ਕ੍ਰਿਸਚੀਅਨ ਬਰਨਾਰਡ**

# ਤੰਤਰ ਮੰਤਰ ਨਾਲ ਪਤਨੀ ਦੀ ਮੌਤ

ਮੂਲ * ਕਲਪਨਾ ਨਿਨਮਾ, ਅਨੁਵਾਦਕ * ਪਵਨ ਕੁਮਾਰ ਰੱਤੋਂ

ਕਈ ਵਾਰ ਕੋਈ ਜਾਨਲੇਵਾ ਬਿਮਾਰੀ ਕਿਸੇ ਬੰਦੇ ਨੂੰ ਤੰਤਰ ਮੰਤਰ ਦੇ ਰਸਤੇ ਉਤੇ ਲੈ ਜਾਂਦੀ ਹੈ। ਅੱਜ ਅਸੀਂ ਭਾਵੇਂ ਹੀ ਮਾਡਰਨ (ਆਧੁਨਿਕ, ਨਵੇਂ) ਜ਼ਮਾਨੇ ਵਿੱਚ ਜਿਉਣ ਦੀਆਂ ਗੱਲਾਂ ਕਰਦੇ ਹੋਈਏ, ਫੇਰ ਵੀ ਸਮਾਜ ਵਿੱਚ ਅੰਧਵਿਸ਼ਵਾਸ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਲੋਕ ਕਈ ਵਾਰ ਇਲਾਜ ਕਰਾਉਣ ਦੇ ਬਦਲੇ ਤੰਤਰ ਮੰਤਰ ਦੇ ਚੱਕਰ ਵਿੱਚ ਪੈ ਜਾਂਦੇ ਹਨ ਅਤੇ ਆਖੀਰ ਵਿੱਚ ਨਤੀਜਾ ਉਨ੍ਹਾਂ ਦੀ ਬਰਬਾਦੀ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ।



ਇੱਕ ਅਜਿਹੇ ਹੀ ਕੇਸ ਵਿੱਚ ਗਰੀਬ ਆਟੋਰਿਕਸ਼ਾ ਡਰਾਇਵਰ ਨੂੰ ਪੈਰ ਦੀ ਬਿਮਾਰੀ ਤੋਂ ਪੀੜਤ ਆਪਣੀ ਪਤਨੀ ਦਾ 6 ਮਹੀਨੇ ਤੱਕ ਇਲਾਜ ਕਰਾਉਣ ਉਤੇ ਵੀ ਜਦ ਕੋਈ ਨਤੀਜਾ ਹੱਥ ਨਾ ਲੱਗਾ, ਤਾਂ ਉਸ ਨੇ ਤੰਤਰ ਮੰਤਰ ਦਾ ਸਹਾਰਾ ਲਿਆ, ਜਿਹੜਾ ਉਸ ਦੀ ਪਤਨੀ ਦੇ ਲਈ ਜਾਨਲੇਵਾ ਸਾਬਤ ਹੋਇਆ।

ਦਰਅਸਲ, ਆਨੰਦਨਗਰ ਚਾਰ ਰਸਤਾ ਦੇ ਕ੍ਰਿਸ਼ਨ ਅਪਾਰਟਮੈਂਟਸ ਵਿੱਚ ਰਹਿਣ ਵਾਲੇ ਦੇਸ਼ ਰਾਜ ਭਾਈ ਸਰੋਜ ਦੀ ਪਤਨੀ ਖੁਸ਼ਿਆਲ 6 ਮਹੀਨੇ ਤੋਂ ਪੈਰ ਦੇ ਦਰਦ ਤੋਂ ਪਰੇਸ਼ਾਨ ਸੀ। ਪਹਿਲਾਂ ਤਾਂ ਫੈਮਿਲੀ ਡਾਕਟਰ ਤੋਂ ਦਵਾਈ ਲਈ, ਬਾਅਦ ਵਿੱਚ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਕਰਾਇਆ, ਪਰੰਤੂ ਪੈਰ ਦੇ ਦਰਦ ਤੋਂ ਰਾਹਤ ਨਾ ਮਿਲੀ। ਇਸ ਤੋਂ ਦੇਸ਼ ਰਾਜ ਅਤੇ ਖੁਸ਼ਿਆਲ ਬਹੁਤ ਪਰੇਸ਼ਾਨ ਹੋ ਗਏ। ਫਿਰ ਦੌਰਾਨ ਉਨ੍ਹਾਂ ਨੂੰ ਕਿਸੇ ਨੇ ਦੱਸਿਆ ਕਿ ਸ਼ਾਇਦ ਗਠੀਏ ਦਾ ਦਰਦ ਹੋਵੇਗਾ। ਉਨ੍ਹਾਂ ਨੂੰ ਪਤਾ ਲੱਗਾ ਕਿ ਜੂਨਾ ਵਾਡਜ ਵਿੱਚ ਗਠੀਆ ਦੀ ਬਿਮਾਰੀ ਦਾ ਇਲਾਜ ਹੁੰਦਾ ਹੈ।

ਦੇਸ਼ਰਾਜ ਆਪਣੀ ਪਤਨੀ ਖੁਸ਼ਿਆਲ ਨੂੰ ਐਤਵਾਰ ਦੇ ਦਿਨ ਸਵੇਰੇ ਜੂਨਾ ਵਾਡਜ ਵਿੱਚ ਗਠੀਏ ਦੇ ਇਲਾਜ ਦੇ ਲਈ ਲੈ ਗਿਆ। ਉਥੇ ਮਿਲੇ ਆਦਮੀ ਨੇ ਖੁਸ਼ਿਆਲ ਨੂੰ ਸ਼ਾਹਪੁਰ ਵਿੱਚ ਕਾਲੂ ਸ਼ਹੀਦ ਦੀ ਦਰਗਾਹ ਉਤੇ ਲੈ ਜਾਣ ਦੀ ਸਲਾਹ ਦਿੱਤੀ।

ਦੇਸ਼ਰਾਜ ਅਤੇ ਖੁਸ਼ਿਆਲ ਨੂੰ ਤਾਂ ਜਿਵੇਂ ਡੁੱਬਦੇ ਨੂੰ ਤਿਨਕੇ ਦਾ ਸਹਾਰਾ ਮਿਲ ਗਿਆ। ਕਾਲੂ ਸ਼ਹੀਦ ਦੀ ਦਰਗਾਹ ਉਤੇ ਖੁਸ਼ਿਆਲ ਦੇ ਉਪਰ ਤੰਤਰ ਮੰਤਰ ਦਾ ਕੰਮ ਸ਼ੁਰੂ ਹੋ ਗਿਆ।

ਖੁਸ਼ਿਆਲ ਨੂੰ ਇੱਕ ਕਮਰੇ ਵਿੱਚ ਲੈ ਜਾਇਆ ਗਿਆ। ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ ਗਿਆ। ਬਾਅਦ ਵਿੱਚ ਅੰਦਰ ਜਲਦੇ ਕੋਇਲੇ ਵਿੱਚ ਲਾਲ ਰੰਗ ਦਾ ਪਾਉਡਰ ਪਾ ਕੇ ਇਲਾਜ ਸ਼ੁਰੂ ਹੋਇਆ।

ਇਸ ਦੌਰਾਨ ਖੁਸ਼ਿਆਲ ਬੇਹੋਸ਼ ਹੋ ਗਈ। ਥੋੜ੍ਹੀ ਦੇਰ ਬਾਅਦ ਉਸ ਆਦਮੀ ਨੇ ਖੁਸ਼ਿਆਲ ਨੂੰ ਘਰ ਲੈ ਜਾਣ ਨੂੰ ਕਿਹਾ ਅਤੇ ਇਹ ਵੀ ਕਿਹਾ ਕਿ ਉਹ ਜਲਦੀ ਹੀ ਠੀਕ ਹੋ ਜਾਵੇਗੀ।

ਦੇਸ਼ਰਾਜ ਆਪਣੀ ਪਤਨੀ ਖੁਸ਼ਿਆਲ ਨੂੰ ਆਟੋ ਰਿਕਸ਼ਾ ਵਿੱਚ ਘਰ ਲੈ ਜਾ ਰਿਹਾ ਸੀ, ਤਦ ਰਸਤੇ ਵਿੱਚ ਉਸ ਦੀ ਹਾਲਤ ਵਿਗੜਨ ਲੱਗੀ। ਖੁਸ਼ਿਆਲ ਦਾ ਇਲਾਜ ਪਹਿਲਾਂ ਜਿਹੜੇ ਹਸਪਤਾਲ ਵਿੱਚ ਚਲ ਰਿਹਾ ਸੀ, ਉਸਨੂੰ ਉਥੇ ਲੈ ਜਾਇਆ ਗਿਆ, ਪਰੰਤੂ ਡਾਕਟਰ ਨੇ ਖੁਸ਼ਿਆਲ ਨੂੰ ਮਰਿਆ ਹੋਇਆ ਦੱਸ ਦਿੱਤਾ।

ਇਹ ਸੁਣ ਕੇ ਦੇਸ਼ਰਾਜ ਦੀ ਤਾਂ ਮੰਨ ਲਉ ਦੁਨੀਆਂ ਹੀ ਲੁੱਟ ਗਈ। ਆਪਣੀ ਪਤਨੀ ਦੀ ਮੌਤ ਨਾਲ ਦੁੱਖੀ ਅਤੇ ਗੁੱਸੇ ਵਿੱਚ ਆਏ ਦੇਸਰਾਜ ਨੇ ਆਨੰਦ ਨਗਰ ਪੁਲਿਸ ਸਟੇਸ਼ਨ ਵਿੱਚ ਤੰਤਰ ਮੰਤਰ ਕਰਨ ਵਾਲੇ ਬੰਦੇ ਦੇ ਵਿਰੁੱਧ ਰਿਪੋਰਟ ਲਿਖਵਾਈ।

ਦੇਸ਼ਰਾਜ ਨੂੰ ਇਨਸਾਫ਼ ਮਿਲੇਗਾ ਜਾਂ ਨਹੀਂ, ਇਹ ਤਾਂ ਬਾਅਦ ਦੀ ਗੱਲ ਹੈ, ਪਰੰਤੂ ਉਸ ਨੇ ਤੰਤਰ ਮੰਤਰ ਦੇ ਚੱਕਰ ਵਿੱਚ ਪੈ ਕੇ ਆਪਣੀ ਪਤਨੀ ਨੂੰ ਜ਼ਰੂਰ ਖੋ ਦਿੱਤਾ ਹੈ।

**ਧੰਨਵਾਦ ਸਹਿਤ ਮੈਗਜ਼ੀਨ ਸਰਸ ਸਲਿਲ ਜੂਨ (ਪਹਿਲਾ) 2013**

## ਕਿਰਪਾ ਕਰਕੇ ਧਿਆਨ ਦੇਵੋ

ਜੇਕਰ ਕਿਸੇ ਸਾਥੀ ਕੋਲ ਮੈਗਜ਼ੀਨ ਤਰਕਬੋਧ ਦੇ ਪੁਰਾਣੇ ਅੰਕ ਪਏ ਹੋਣ ਤਾਂ ਉਹਨਾਂ ਵਿਚੋਂ "ਗੱਲਾਂ ਬਾਬੇ ਨਾਨਕ ਦੀਆਂ" ਦੀ ਫੋਟੋ ਸਟੇਟ ਕਰਵਾਕੇ ਇਸ ਪਤੇ ਤੇ ਭੇਜੀ ਜਾਵੇ। ਧੰਨਵਾਦੀ ਹੋਵਾਂਗੇ।

**ਸਰਜੀਤ ਤਲਵਾਰ**
B-XI-2139, ਚਿੰਟੂ ਰੋਡ, ਬਰਨਾਲਾ - 148101
ਮੋਬਾ : 94639-92620

## ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

# ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਔਕਲੈਂਡ ਦਾ ਸਾਲਾਨਾ ਸਮਾਗਮ






ਔਕਲੈਂਡ-ਨਿਊਜ਼ੀਲੈਂਡ-.ਗਦਰ ਲਹਿਰ ਦਾ ਮਕਸਦ ਕੇਵਲ ਭਾਰਤ ਦੀ ਆਜ਼ਾਦੀ ਹੀ ਨਹੀਂ ਸੀ; ਸਗੋਂ ਦੁਨੀਆ ਭਰ ਦੇ ਗੁਲਾਮ ਲੋਕਾਂ ਦੀ ਮੁਕਤੀ ਵੀ .ਗਦਰੀ ਬਾਬਿਆਂ ਦੇ ਅਕੀਦਿਆਂ ਵਿਚ ਸ਼ਾਮਲ ਸੀ। ਇਹ ਗੱਲ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਔਕਲੈਂਡ(ਨਿਊਜ਼ੀਲੈਂਡ) ਵਲੋਂ ਅਨੂ ਕਲੋਟੀ ਦੀ ਮੰਚ ਸੰਚਾਲਨਾ ਵਿਚ ਟਾਊਨ ਹਾਲ ਪਾਪਾ ਟੋਏ ਟੋਏ ਵਿਚ '.ਗਦਰ ਲਹਿਰ ਦੇ ਸੌ ਸਾਲਾ ਨੂੰ ਸਪਰਪਤ ਸਾਲਾਨਾ ਸਮਾਗਮ ਵਿਚ ਭਾਰਤ ਤੋਂ ਆਏ ਮੁਖ ਬੁਲਾਰੇ ਅਤੇ 'ਹੁਣ ਮੈਗਜ਼ੀਨ ਦੇ ਸੰਪਾਦਕ ਸੁਸ਼ੀਲ ਦੁਸਾਂਝ ਨੇ ਕਹੀ।

ਉਹਨਾਂ ਕਿਹਾ ਕਿ ਇਸ .ਗਦਰ ਦੀ ਵਿਚਾਰਧਾਰਕ ਜ਼ਮੀਨ ਹੀ ਭਾਰਤ ਦੇ ਸੁਤੰਤਰਤਾ ਅੰਦੋਲਨ ਦੀ ਨੀਂਹ ਬਣਦੀ ਹੈ। ਇਸ .ਗਦਰ ਦੇ ਹੀਰੇ ਭਾਰਤੀ ਜਵਾਨੀ ਦੇ ਸਭ ਤੋਂ ਵੱਡੇ ਨਾਇਕ ਭਗਤ ਸਿੰਘ ਦੇ ਆਦਰਸ਼ ਬਣਦੇ ਹਨ ਤੇ ਭਾਰਤੀ ਆਜ਼ਾਦੀ ਦੇ ਸੰਕਲਪ ਨੂੰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਕਰਨ ਦੇ ਸੰਕਲਪ ਤੱਕ ਵਿਸਥਾਰ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਟਰੱਸਟ ਦੇ ਪ੍ਰਧਾਨ ਮੁਖਤਿਆਰ ਸਿੰਘ ਵਲੋਂ ਜੀ ਆਇਆਂ ਕਹਿਣ ਤੋਂ ਬਾਅਦ ਸਮਾਗਮ ਦਾ ਆਰੰਭ ਸੀਰਤਦੀਪ, ਯੁਵਰਾਜ, ਨੇਹਾ, ਰੌਨੀ, ਏਕਲਭਯ, ਤਨਵੀ, ਨੀਲ, ਮਾਨਵੀ, ਲਵਦੀਪ, ਨਿਸ਼ਾਂਤ, ਨਵਦੀਪ ਅਤੇ ਸ਼ਾਨ 'ਤੇ ਅਧਾਰਤ ਬਚਿਆਂ ਦੇ ਗਰੁੱਪ ਵਲੋਂ ਮੌਰੀ ਰਾਸ਼ਟਰ ਗਾਨ ਨਾਲ ਹੋਇਆ। ਭਾਰਤੀ ਕਲੋਟੀ ਵਲੋਂ ਔਕਲੈਂਡ ਵਿਚ ਲੜੇ ਜਾ ਰਹੇ ਲੋਕ ਸੰਘਰਸ਼ਾਂ ਦੀਆਂ ਵੀਡੀਓਜ਼ ਦਿਖਾਈਆਂ ਗਈਆਂ। ਹਾਈ ਸਕੂਲ ਦੇ ਵਿਦਿਆਰਥੀ ਨਿਸ਼ਾਂਤ ਨੇ ਭਗਤ ਸਿੰਘ 'ਤੇ ਸਲਾਈਡ ਸ਼ੋਅ ਪੇਸ਼ ਕੀਤਾ। ਉਪਰੰਤ ਚਰਨਜੀਤ ਸਿੰਘ ਭਗਤ ਸਿੰਘ ਦੀਵਾਰ ਸੁਣਾਈ। ਟਰੱਸਟ ਦੇ ਸੀਨੀਅਰ ਮੈਂਬਰ ਧਰਮਪਾਲ ਨੇ ਗਦਰ ਲਹਿਰ ਦੇ ਇਤਿਹਾਸ 'ਤੇ ਚਾਨਣਾ ਪਾਇਆ। ਬਲਜਿੰਦਰ ਸਿੰਘ ਨੇ ਮੈਜਿਕ ਟਰਿਕ ਪੇਸ਼ ਕਰਦਿਆਂ ਪੰਖਡੀ ਸਾਧਾਂ ਸੰਤਾਂ ਦਾ ਪਰਦਾਫਾਸ਼ ਕੀਤਾ। ਯੁਨਾਇਟ ਯੁਨੀਅਨ ਦੇ ਆਗੂ ਮਾਇਕ ਟਰੀਨ ਸਥਾਨਕ ਵਰਕਰਾਂ ਦੇ ਮਸਲੇ ਪੇਸ਼ ਕੀਤੇ। ਮਾਨਾ ਪਾਰਟੀ ਵਲੋਂ ਔਕਲੈਂਡ ਮੇਅਰ ਚੋਣਾਂ ਦੇ ਉਮੀਦਵਾਰ  ਜੌਨ ਮਿੰਟੋ ਨੇ ਵੀ ਸਥਾਨਕ ਮਸਲਿਆਂ 'ਤੇ ਰੌਸ਼ਨੀ ਪਾਈ। ਉਪਰੰਤ ਜਗਮੀਤ ਸਿੰਘ ਨੇ ਗੁਰਦਾਸ ਰਾਮ ਆਲਮ ਦਾ ਗੀਤ, ਰਜਨਦੀਪ ਨੇ ਸ਼ਿਵ ਕੁਮਾਰ ਬਟਾਲਵੀ ਦਾ ਗੀਤ, ਸੁਮੀਤ ਅਤੇ ਜਗਮੋਹਨ-ਸ਼ਹੀਦਾਂ ਨੂੰ ਸਮਰਪਿਤ ਗੀਤ ਅਤੇ ਗੁਰਿੰਦਰ ਨੇ ਕਵਿਤਾ ਸੁਣਾਈ, ਮਨਪ੍ਰੀਤ, ਮਨਦੀਪ, ਬਲਜਿੰਦਰ ਦੀ ਤਿਕੜੀ ਵਲੋਂ ਗੁਰਸ਼ਰਨ ਭਾਜੀ ਦਾ ਨਾਟਕ 'ਬੁੱਤ ਜਾਗ ਪਿਆ ਦੀ ਪੇਸ਼ਕਾਰੀ ਸ਼ਾਨਦਾਰ ਰਹੀ। ਫੁਲਕਾਰੀ ਗਰੁਪ ਦੀਆਂ ਬੱਚੀਆਂ ਦਾ ਇਨਕਲਾਬੀ ਗਿੱਧਾ ਸਮਾਗਮ ਦਾ ਸਿਖਰ ਹੋ ਨਿਬੜਿਆ।

ਸਮਾਗਮ ਦੇ ਦੂਸਰੇ ਸੈਸ਼ਨ ਵਿਚ ਸੁਸ਼ੀਲ ਦੁਸਾਂਝ ਨੇ ਸਵਾਲਾਂ ਦੇ ਜੁਆਬ ਵੀ ਦਿੱਤੇ। ਸਮਾਗਮ ਦੀ ਇਕ ਅਹਿਮਵਿਸ਼ੇਸ਼ਤਾ ਇਹ ਰਹੀ ਕਿ ਅਵਤਾਰ ਤਰਕਸ਼ੀਲ ਵਲੋਂ ਲਾਈ ਗਈ ਪੁਸਤਕ ਪ੍ਰਦਰਸ਼ਨੀ ਵਿਚ ਭਾਰੀ ਗਿਣਤੀ ਵਿਚ ਤਰਕਸ਼ੀਲ ਸਾਹਿਤ ਨਾਲ ਸਬੰਧਤ ਪੁਸਤਕਾਂ ਦੀ ਵਿਕਰੀ ਹੋਈ।

**– ਅਨੂ ਕਲੋਟੀ**


**ਆਪਣੇ ਬੱਚਿਆਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਡਾ. ਜਤਿੰਦਰਪਾਲ ਦੁਆਰਾ ਲਿਖੀਆਂ ਹੇਠ ਲਿਖੀਆਂ ਕਿਤਾਬਾਂ ਜ਼ਰੂਰ ਪੜ੍ਹਾਓ**




ਕੁੱਲ ਕੀਮਤ
640/-

ਪੂਰੇ ਸੈੱਟ ਦੀ
ਡਿਸਕਾਊਂਟ ਕੀਮਤ
**500/-**

ਘਰ ਬੈਠੇ ਪੂਰਾ ਸੈੱਟ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744

# ਇੰਗਲੈਂਡ ਦਾ ਦੁਨੀਆਂ ਉਤੇ ਰਾਜ ਕਰਨ ਦਾ ਭੇਦ



ਜਗਤਾਰ ਸਹੋਤਾ

ਜਦ ਰੋਮਨਾਂ ਨੇ ਇੰਗਲੈਂਡ ਤੇ ਰਾਜ ਕੀਤਾ, ਤਦ ਅੰਗਰੇਜ਼ਾ ਨੂੰ ਲਿਖਣਾ ਨਹੀਂ ਆਉਂਦਾ ਸੀ।ਇਸੇ ਕਰਕੇ ਅੰਗਰੇਜ਼ੀ ਰੋਮਨ ਲਿਪੀ ਵਿਚ ਲਿਖੀ ਜਾਂਦੀ ਹੈ।ਰੋਮਨਾਂ ਨੂੰ ਅੰਗਰੇਜ਼ੀ ਜਬਾਨ ਸਮਝਣ ਵਿਚ ਦਿਕਤ ਆਈ ਹੋਵੇਗੀ, ਸ਼ਾਇਦ ਇਸੇ ਲਈ ਅੰਗਰੇਜ਼ੀ ਵਿਚ ਕਾਫੀ ਖਾਮੋਸ਼ ਹਰਫ ਹਨ।ਰੋਮਨ ਕਹਿੰਦੇ ਸਨ ਕਿ ਅੰਗਰੇਜ਼ ਦਾ ਅਰਥ 'ਬੇਵਕੂਫ' ਹੈ।ਆਉ ਦੇਖੀਏ ਕਿ ਫਿਰ ਉਹ ਕਿਹੜੀ ਗੱਲ ਸੀ ਜਿਸ ਨੇ ਅੰਗਰੇਜ਼ਾਂ ਨੂੰ (ਜਾਣੀ 'ਬੇਵਕੂਫਾਂ' ਨੂੰ) ਦੁਨੀਆਂ ਤੇ ਰਾਜ ਕਰਨ ਦੇ ਕਾਬਲ ਬਣਾਇਆ।

ਯੂਰਪ ਵਿਚ ਸੋਲ੍ਹਵੀਂ ਅਤੇ ਸਤਾਰਵੀਂ ਸਦੀ ਵਿਚ ਰੋਮਨ ਕੈਥੋਲਿਕ ਧਰਮ ਦਾ ਬੋਲਬਾਲਾ ਸੀ।ਇਹ ਇਕ ਕੱਟੜ ਧਰਮ ਸੀ, ਜਿਸ ਤੇ ਲੋਕਾਂ ਨੂੰ ਵਿਸ਼ਵਾਸ਼ ਸੀ।ਪੋਪ ਇਸ ਧਰਮ ਦਾ ਮੁਖੀਆ ਸੀ।ਉਸ ਦੀ ਮਾਨਤਾ ਇਤਨੀ ਸੀ ਜਿਤਨੀ ਅੱਜ ਭਾਰਤ ਵਿਚ ਧਰਮਾਂ ਦੇ ਮੁਖੀਆਂ ਦੀ ਹੈ।ਉਹ ਲੋਕਾਂ ਦੇ ਪਾਪ ਜਾਂ ਗਲਤੀਆਂ ਨੂੰ ਮਾਫ ਕਰ ਸਕਦਾ ਸੀ ਤਾਂ ਕਿ ਉਨ੍ਹਾਂ ਦੇ ਸਵਰਗ ਜਾਣ ਵਿਚ ਕੋਈ ਔਕੜ ਨਾ ਆਏ ਜਿਸ ਤਰ੍ਹਾਂ ਅੱਜ ਭਾਰਤ ਵਿਚ ਭਾਈ ਪਾਠ, ਬ੍ਰਾਹਮਣ ਸ਼ਰਾਧ ਕਰਕੇ ਅਤੇ ਮੌਲਵੀ ਨਮਾਜ਼ਾਂ ਪੜ੍ਹਕੇ ਕਰਦੇ ਹਨ।ਪੰਦਰਵੀਂ ਸਦੀ ਤੋਂ ਪ੍ਰੋਟੈਸਟੈਂਟ ਸੰਪ੍ਰਦਾਵਾਂ ਨੇ ਇਸ ਗੱਲ ਤੇ ਕਿੰਤੂ ਕਰਨਾ ਸ਼ੁਰੂ ਕਰ ਦਿਤਾ।ਪੋਪ ਨੇ ਆਪਣੇ ਹੁਕਮਾਂ ਰਾਹੀਂ ਇਨ੍ਹਾਂ ਨੂੰ ਸਜਾਵਾਂ ਦੇਣੀਆ ਸ਼ੁਰੂ ਕਰ ਦਿੱਤੀਆਂ।ਇੰਗਲੈਂਡ ਵਿਚ ਵੀ ਰੋਮਨ ਕੈਥੋਲਿਕ ਧਰਮ ਦਾ ਹੀ ਬੋਲਬਾਲਾ ਸੀ ਅਤੇ ਇੰਗਲੈਂਡ ਦਾ ਬਾਦਸ਼ਾਹ ਪੋਪ ਨੂੰ ਵਾਰਸ਼ਿਕ ਦਾਨ (annates) ਦਾ ਭੁਗਤਾਨ ਕਰਦਾ ਸੀ।ਹੈਨਰੀ ਅਠਵੇਂ ਬਾਦਸ਼ਾਹ ਨੇ ਆਪਣੇ ਵੱਡੇ ਭਰਾ ਦੀ ਵਿਧਵਾ ਔਰਤ (ਭਾਵੇਂ ਉਹ ਉਸ ਦੀ ਉਮਰ ਤੋਂ ਕਾਫੀ ਵੱਡੀ ਸੀ ਪਰ ਕਿਉਕਿ ਉਹ ਸਪੇਨ ਦੀ ਰਾਜ ਕੁਮਾਰੀ ਕਰਕੇ) ਨਾਲ ਵਿਆਹ ਕਰਾ ਲਿਆ।ਉਨ੍ਹਾਂ ਦੇ ਇਕ ਲੜਕੀ ਹੀ ਪੈਦਾ ਹੋਈ। ਹੈਨਰੀ ਅਠਵਾਂ ਚਾਹੁੰਦਾ ਸੀ ਕਿ ਉਸ ਦਾ ਵਾਰਸ ਪੁੱਤ ਹੋਵੇ।ਹੋਰ ਬੱਚੇ ਦੀ ਰਾਣੀ ਤੋਂ ਨਾ ਆਸ ਹੋਣ ਕਰਕੇ, ਹੈਨਰੀ ਅਠਵੇਂ ਨੇ ਪੋਪ ਨੂੰ ਅਪੀਲ ਕੀਤੀ ਕਿ ਉਹ ਉਸ ਦਾ ਵਿਆਹ ਰੱਦ ਕਰ ਦੇਵੇ ਕਿਉਕਿ ਭਰਾ ਦੀ ਵਿਧਵਾ ਔਰਤ ਨਾਲ ਵਿਆਹ ਕਰਾਉਣਾ ਉਸ ਸਮੇਂ ਗਲਤ ਸੀ।ਪੋਪ ਨੇ ਉਸ ਦੀ ਅਪੀਲ ਰੱਦ ਕਰ ਦਿੱਤੀ ਜਿਸ ਦਾ ਇਕ ਕਾਰਨ ਇਹ ਵੀ ਸੀ ਕਿ ਹੈਨਰੀ ਦੀ ਪਤਨੀ ਸਪੇਨ ਦੇ ਕੈਥੋਲਿਕ ਧਰਮ ਦੇ ਰਾਜੇ ਦੀ ਧੀ ਸੀ।ਉਸ ਸਮੇਂ ਕੈਥੋਲਿਕ ਧਰਮ ਅਨੁਸਾਰ ਤਲਾਕ ਲੈ ਕੇ ਵੀ ਆਦਮੀ ਦੂਸਰਾ ਵਿਆਹ ਨਹੀਂ ਕਰਾ ਸਕਦਾ ਸੀ ਪਰ ਹੈਨਰੀ ਦੂਸਰਾ ਵਿਆਹ ਕਰਾਉਣ ਲਈ ਉਤਾਵਲਾ ਸੀ।ਇਸ ਲਈ ਉਸ ਨੇ ਕੈਥੋਲਿਕ ਧਰਮ ਨਾਲੋਂ ਨਾਤਾ ਤੋੜ ਲਿਆ।ਇੰਗਲੈਂਡ ਦੀ ਮੱਧ ਸ਼੍ਰੇਣੀ ਪੋਪ ਦਾ ਵਿਰੋਧ ਕਰਦੀ ਸੀ, ਇਸ ਲਈ ਪਾਰਲੀਮੈਂਟ, ਜਿਸ ਦੇ ਮੈਂਬਰ ਮੱਧ ਸ਼੍ਰੇਣੀ ਦੇ ਹੀ ਸਨ, ਨੇ ਰਾਜੇ ਦਾ ਸਾਥ ਦੇ ਕੇ ਕਾਨੂੰਨ ਪਾਸ ਕਰ ਦਿੱਤਾ ਕਿ ਗਿਰਜੇ ਦੇ ਪ੍ਰਬੰਧ ਵਿਚ ਰਾਜਾ ਦੇ ਉਚਾਧਿਕਾਰ ਤੋਂ ਮੁਨਕਿਰ ਹੋਣ ਵਾਲੇ ਨੂੰ ਮੌਤ-ਦੰਡ ਦਾ ਭਾਗੀ ਮੰਨਿਆ ਜਾਵੇਗਾ।




ਹੈਨਰੀ ਅਠਵੇਂ ਨੇ ਛੇ ਵਿਆਹ ਕਰਾਏ।ਉਸ ਦੇ ਤਿੰਨ ਬੱਚੇ ਹੋਏ, ਪਹਿਲਾਂ ਕੁੜੀ, ਫਿਰ ਮੁੰਡਾ ਅਤੇ ਫਿਰ ਕੁੜੀ ਉਸ ਸਮੇਂ ਕੈਥੋਲਿਕ ਧਰਮ ਦੇ ਪੈਰੋਕਾਰ ਬਹੁਤ ਸਨ।ਚਰਚਾਂ ਕੋਲ ਧਨ ਅਤੇ ਜਾਇਦਾਦ (ਅੱਜ ਕੱਲ ਭਾਰਤੀ ਧਾਰਮਕ ਸਥਾਨਾਂ ਦੀ ਤਰ੍ਹਾਂ) ਬਹੁਤ ਸੀ।ਹੈਨਰੀ ਨੇ ਚਰਚਾਂ ਦੇ ਪੈਸੇ ਅਤੇ ਜਾਇਦਾਦ ਤੇ ਕਬਜ਼ਾ ਕਰਕੇ ਸ਼ਾਹੀ ਖਜ਼ਾਨੇ ਨੂੰ ਭਰਿਆ।ਇੰਗਲੈਂਡ ਵਿਚ ਐਬੀਜ਼ (ਅਬਬਏਸ) ਦੇ ਭਿਖਸ਼ੂਆਂ (ਮੋਨਕਸ) ਨੇ ਰਾਜੇ ਨੂੰ ਕਾਫੀ ਟੱਕਰ ਦਿੱਤੀ ਕਿਉਕਿ ਉਹ ਪੋਪ ਨੂੰ ਹੀ ਮੁਖੀਆ ਮੰਨਦੇ ਸਨ।ਐਬੀ (Abbey) ਦਾ ਅਰਥ ਅਕਾਲ ਤੱਖਤ ਹੈ।ਇੰਗਲੈਂਡ ਵਿਚ ਉਸ ਸਮੇਂ ਐਬੀਜ਼ ਤੋਂ ਹੁਕਮ ਨਾਮੇ ਜਾਰੀ ਕੀਤੇ ਜਾਂਦੇ ਸਨ ਜਿਸ ਤਰ੍ਹਾਂ ਅੱਜ ਕੱਲ ਅਕਾਲ ਤਖਤ ਤੋਂ ਜਥੇਦਾਰ ਕਰਦੇ ਹਨ।ਹੈਨਰੀ ਨੇ ਭਿਖਸ਼ੂਆਂ ਨੂੰ ਬਹੁਤ ਬੁਰੀ ਤਰ੍ਹਾਂ ਕੁਚਲਿਆ, ਕਈ ਐਬੀਜ਼ ਭਿਖਸ਼ੀਆਂ ਨੂੰ ਖਤਮ ਕਰਨ ਲਈ ਤਬਾਹ ਕਰ ਦਿਤੇ ਗਏ।ਹੈਨਰੀ ਨੇ ਆਪਣੇ ਮੁਫਾਦ ਲਈ ਪ੍ਰੋਟੈਸਟੈਂਟਾਂ ਦਾ ਪਾਸਾ ਲਿਆ।ਪ੍ਰੋਟੈਸਟੈਂਟ ਲਫਜ਼ protest ਤੋਂ ਬਣਿਆ ਹੈ ਜਾਣੀ ਜੋ ਲੋਕ ਪੋਪ ਦਾ ਵਿਰੋਧ ਕਰਦੇ ਸਨ।ਹੈਨਰੀ ਤੋਂ ਲੈ ਕੇ ਸਭ ਰਾਜੇ ਰਾਣੀਆਂ, ਸਿਰਫ ਰਾਣੀ ਮੇਰੀ ਤੋਂ ਬਗੈਰ, ਨੇ ਪ੍ਰੋਟੈਸਟੈਂਟ ਵਿਚਾਰਧਾਰਾ ਨੂੰ ਉਤੇਜਤ ਕੀਤਾ।ਇੰਗਲੈਂਡ ਵਿਚ ਪ੍ਰੋਟੈਸਟੈਂਟ ਅਤੇ ਕੈਥਲਿਕ ਵਿਚ ਲੰਮਾਂ ਸੰਘਰਸ਼ ਚਲਦਾ ਰਿਹਾ। ਆਮ ਲੋਕ ਕੈਥੋਲਿਕ ਸਨ ਪਰ ਮੱਧ ਵਰਗ ਅਤੇ ਬਾਦਸ਼ਾਹ ਪ੍ਰੋਟੈਸਟੈਂਟਾਂ ਦੇ ਹੱਕ ਵਿਚ ਸਨ।ਕੈਥੋਲਿਕ ਧਰਮ ਦੇ ਗਾਏ ਫੋਕਸ (Guy Fawkes) ਅਤੇ ਉਸ ਦੇ ਸਾਥੀਆਂ ਨੇ ਸਕੀਮ ਬਣਾ ਕੇ ਜੇਮਜ਼ ਪਹਿਲੇ (ਬਾਦਸ਼ਾਹ) ਅਤੇ ਪਾਰਲੀਮੈਂਟ ਨੂੰ 5 ਨਵੰਬਰ, 1605 ਨੂੰ ਪਾਰਲੀਮੈਂਟ ਉਦਘਾਟਨ ਸਮੇਂ ਬੰਬ ਰਾਹੀਂ ਤਬਾਹ ਕਰਕੇ ਕੈਥੋਲਿਕ ਧਰਮ ਦਾ ਮੁੜ ਕੇ ਰਾਜ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ।ਪਰ ਬੰਬ ਚਲਾਉਣ ਤੋਂ ਪਹਿਲਾ ਹੀ ਗਾਏ ਫੋਕਸ ਨੂੰ ਫੜ ਲਿਆ ਗਿਆ।ਉਸ ਦੇ ਕੁਛ ਸਾਥੀ ਦੌੜਨ ਵਿਚ ਕਾਮਯਾਬ ਹੋ ਗਏ ਅਤੇ ਬਾਕੀ ਵਾਇਦਾ ਮੁਆਫ਼ ਗਵਾਹ ਬਣ ਗਏ।ਗਾਏ ਫੋਕਸ ਨੂੰ ਫਾਂਸੀ ਦੀ ਸਜ਼ਾ ਹੋਈ ਅਤੇ ਉਸ ਦੀ ਲਾਸ਼ ਨੂੰ ਘੋੜੇ ਦੀ ਗੱਡੀ ਪਿਛੇ ਬੰਨ ਕੇ ਲੰਦਨ ਦੀਆਂ ਗੱਲੀਆਂ ਵਿਚ ਘਸੀਟਿਆ ਗਿਆ।ਪਾਰਲੀਮੈਂਟ ਨੇ ਇਹ ਕਾਨੂੰਨ ਵੀ ਬਣਾ ਦਿੱਤਾ ਕਿ ਜੋ ਕੈਥੋਲਿਕ ਇੰਗਲੈਂਡ ਦੇ ਚਰਚ (ਪ੍ਰੋਟੈਸਟੈਂਟ ਦਾ) ਵਿਚ ਨਹੀਂ ਜਾਂਦਾ ਉਹ ਲੰਦਨ ਸ਼ਹਿਰ ਦੇ 10 ਮੀਲ ਦੀ ਹੱਦ ਅੰਦਰ ਨਹੀਂ ਰਹਿ ਸਕਦਾ।ਇਸ ਤਰ੍ਹਾਂ ਕੈਥੋਲਿਕਾਂ ਨੂੰ ਤਾਕਤ ਅਤੇ ਸਖਤੀ ਨਾਲ ਦਬਾ ਕੇ ਪ੍ਰੋਟੈਸਟੈਂਟਾਂ ਨੇ ਇੰਗਲੈਂਡ ਵਿਚ ਆਪਣੀ ਜਿੱਤ ਪੱਕੀ ਕੀਤੀ।

ਇੰਗਲੈਂਡ ਵਿਚ ਪ੍ਰੋਟੈਸਟੈਂਟ ਦਾ ਰਾਜ ਸਥਾਪਤ ਹੋਣ ਤੇ ਯੂਰਪ ਵਿੱਚੋ ਪੋਪ ਤੋਂ ਡਰਦੇ ਪ੍ਰੋਟੈਸਟੈਂਟ ਇੰਗਲੈਂਡ ਆਉਣ ਲੱਗ ਪਏ।ਜੋ ਇਨਸਾਨ ਧਰਮ ਤੇ ਕਿੰਤੂ ਕਰਦਾ ਹੈ, ਉਹ ਖੋਜ ਦਾ ਰਾਹ ਵੀ ਪਕੜ ਸਕਦਾ ਹੈ।ਇਸੇ ਕਰਕੇ ਪ੍ਰੋਟੈਸਟੈਂਟਾਂ ਨੇ ਇੰਗਲੈਂਡ ਦੇ ਜਗੀਰਦਾਰੀ ਢਾਂਚੇ ਨੂੰ ਢਾਹ ਲਾ ਕੇ



ਪੂੰਜੀਵਾਦ ਨੂੰ ਜਨਮ ਦਿੱਤਾ। ਫਰਾਂਸ ਦਾ ਮਸ਼ਹੂਰ ਵੋਲਟੇਅਰ (Voltaire) ਕਹਿੰਦਾ ਹੈ "ਜੋ ਇਨਸਾਨ ਧਰਮ ਦਾ ਨਿਰੀਖਣ ਨਹੀਂ ਕਰਦਾ ਉਹ ਉਸ ਬਲਦ ਵਰਗਾ ਹੈ ਜੋ ਆਪਣੇ ਗੱਲ ਵਿਚ ਆਪ ਹੀ ਪੰਜਾਲੀ ਪਾ ਲੈਂਦਾ ਹੈ"। ਯੂਰਪ ਵਿਚ ਤਰੱਕੀ ਪ੍ਰੋਟੈਸਟੈਂਟ ਕਰਕੇ ਹੀ ਹੋਈ, ਕੱਟੜ ਕੈਥੋਲਿਕ ਲੋਕ ਰੱਬ ਤੇ ਹੀ ਆਸ ਰੱਖ ਕੇ ਬੈਠੇ ਸਨ। ਪ੍ਰੋਟੈਸਟੈਂਟਾਂ ਨੇ ਇੰਗਲੈਂਡ ਵਿਚ ਨਵੀਆਂ ਕਾਢਾਂ ਕੱਢੀਆਂ। ਏਬਰਾਹਮ ਡਾਰਬੀ, ਜੋ ਕਵੇਕਰ (Quaker) ਸੀ, ਨੇ ਕੋਕ ਸਮੈਲਟਿੰਗ (Coke smelting) ਦੀ ਕਾਢ 1709 ਵਿਚ ਕੱਢੀ। ਇਸ ਨਾਲ ਲੋਹਾ ਵੱਡੇ ਪੈਮਾਨੇ ਤੇ ਢਾਲਿਆ ਜਾ ਸਕਦਾ ਸੀ। ਇਸ ਕਾਢ ਦੇ ਸਦਕੇ ਹੀ ਦੁਨੀਆਂ ਵਿਚ ਸਭ ਤੋਂ ਪਹਿਲਾਂ ਲੋਹੇ ਦਾ ਪੁਲ ਇੰਗਲੈਂਡ ਵਿਚ ਬਣਿਆ। ਕਵੇਕਰ ਇਕ ਉਦਾਰਚਿੱਤ ਧਰਮ ਹੈ ਜੋ ਇਨਸਾਨ ਅਤੇ ਰੱਬ ਵਿਚਕਾਰ ਪਾਦਰੀ ਦੀ ਹੋਂਦ ਨਹੀਂ ਮੰਨਦਾ। ਕੇ (Kay) ਨੇ 1738 ਵਿਚ ਕਪੜਾ ਬੁਣਨ ਲਈ ਫਲਾਇੰਗ ਸ਼ੱਟਲ (Flying shuttle) ਦੀ ਕਾਢ ਕੱਢੀ। ਅਤੇ 1764 ਵਿਚ ਹਾਰਗਰੀਵਜ਼ (Hargreaves) ਨੇ ਸਪਿੰਨਗ ਜੈਨੀ (Spinning-jenny) ਦੀ ਕਾਢ ਲੱਭੀ। ਰਿਚਰਡ ਆਰਕਰਾਇਟ (Richard Arkwright) ਨੇ ਪਾਣੀ ਦੀ ਤਾਕਤ ਨੂੰ ਪਹਚਾਣਿਆ, ਜਿਸ ਤੇ ਹੋਰ ਖੋਜ ਕਰਕੇ ਜੇਮਜ਼ ਵਾਟ (James Watt) ਨੇ ਸਟੀਮ ਇੰਜਣ ਦੀ 1765 ਵਿਚ ਕਾਢ ਕੱਢ ਮਾਰੀ। ਇਸ ਤਰ੍ਹਾਂ ਇੰਗਲੈਂਡ ਵਿਚ ਉਦਯੋਗਿਕ ਇਨਕਲਾਬ ਆਇਆ। ਲੋਕਾਂ ਨੂੰ ਸ਼ਿਖਸ਼ਾ ਦੇਣ ਲਈ ਵਿਸ਼ਵਵਿਦਿਆਲੇ ਖੋਲ੍ਹੇ। ਧਰਮ ਤੇ ਕਿੰਤੂ ਦੀ ਸੋਚ ਨੇ ਇਕ ਛੋਟੇ ਜਿਹੇ ਟਾਪੂ ਦੇ ਮੁਲਕ ਨੂੰ ਦਨੀਆਂ ਦਾ ਆਗੂ ਬਣਾ ਦਿਤਾ। ਜੇਕਰ ਅਸੀਂ ਉਸ ਸਮੇਂ ਦੇ ਕੱਟੜ ਧਾਰਮਕ ਦੇਸ਼ਾਂ ਦਾ ਇੰਗਲੈਂਡ ਨਾਲ ਤੁਲਨਾ ਕਰੀਏ, ਤੱਦ ਸਾਨੂੰ ਇੰਗਲੈਂਡ ਦੀ ਤਰੱਕੀ ਦਾ ਭੇਦ ਸਾਫ ਨਜ਼ਰ ਆ ਜਾਵੇਗਾ।

ਜੇਕਰ ਅਠਾਰਾਂਵੀ ਸਦੀ ਦੇ ਇਕ ਛੋਟੇ ਜਹੇ ਦੇਸ਼ ਇੰਗਲੈਂਡ ਦੀਆਂ ਕਾਢਾਂ ਨਾਲ ਭਾਰਤ ਵਰਗੇ ਇਕ ਵੱਡੇ ਦੇਸ਼ ਦੀ ਤੁਲਣਾ ਕਰੀਏ, ਤੱਦ ਭਾਰਤ ਉਸ ਸਮੇਂ ਇਕ ਪੱਛੜਿਆ ਹੋਇਆ ਦੇਸ਼ ਸਾਫ ਦਿਸਦਾ ਹੈ ਜੋ ਧਰਮਾਂ ਅਤੇ ਜਾਤ ਪਾਤਾਂ ਵਿਚ ਬੱਝਿਆ ਹੋਇਆ ਸੀ। ਅੱਜ ਵੀ ਭਾਰਤ ਬ੍ਰਾਹਮਣਵਾਦ ਵਿਚ ਜਕੜਿਆ ਹੋਇਆ ਹੈ। ਜਾਤ ਪਾਤ ਦੀ ਤਰ੍ਹਾਂ ਸ਼੍ਰੇਣੀ ਵੰਡ ਜੀਵਨ ਦੇ ਹਰ ਪਹਿਲੂ ਵਿਚ ਹੈ। ਇਥੋਂ ਤੱਕ ਕਿ ਖੱਬੀ ਵਿਚਾਰਧਾਰਾ (ਜੋ ਆਪਣੇ ਆਪ ਨੂੰ ਤਰਕ ਦਾ ਆਧਾਰ ਦਸਦੀ ਹੈ) ਤੇ ਵੀ ਜਾਤ ਪਾਤ ਦੀ ਵੰਡ ਦਾ ਅਸਰ

ਹੈ ਜੋ ਇਕ ਬ੍ਰਾਹਮਣ ਦੀ ਤਰ੍ਹਾਂ ਕੱਟੜ ਸੋਚ ਅਤੇ ਸੁੱਚਵਾਦ ਦਾ ਸ਼ਿਕਾਰ ਹੈ। ਪਾਰਟੀ ਅੰਦਰ ਮੱਤ ਭੇਦ ਹੋਣ ਤੇ ਵੱਖਰੀਆਂ ਪਾਰਟੀਆਂ ਬਣੀਆ ਹੋਇਆ ਹਨ। ਨਾ ਤਾਂ ਆਗੂ ਪਾਰਟੀ ਵਿਚ ਮੱਤ ਭੇਦ ਰੱਖਣ ਦਿੰਦਾਂ ਹੈ ਅਤੇ ਨਾ ਹੀ ਵਿਰੋਧੀ ਵਿਚਾਰ ਵਾਲਾ ਪਾਰਟੀ ਅੰਦਰ ਰਹਿਣਾ ਚਾਹੁੰਦਾਂ ਹੈ ਭਾਵੇਂ ਇਹ ਜਾਣਦੇ ਹੋਏ ਕਿ ਪਾਰਟੀ ਅੰਦਰ ਮੱਤ ਭੇਦ ਹੋਣਾ ਇਕ ਜਿੰਦਾ ਪਾਰਟੀ ਦੀ ਨਿਸ਼ਾਨੀ ਹੁੰਦੀ ਹੈ। ਜਿਸ ਪਾਰਟੀ ਅੰਦਰ ਵਿਚਾਰਾਂ ਦਾ ਮੱਤ ਭੇਦ ਨਹੀਂ, ਉਹ ਪਾਰਟੀ ਕਦੇ ਤਰੱਕੀ ਨਹੀਂ ਕਰ ਸਕਦੀ। ਖੱਬੀ ਵਿਚਾਰਧਾਰਾਂ ਦੀ ਫੁੱਟ ਹੀ ਭਾਰਤ ਦੀ ਸਿਆਸੀ ਸੰਕਟ ਦਾ ਕਾਰਨ ਹੈ। ਭਾਰਤ ਵਿਚ ਇਤਨੀਆਂ ਖੱਬੀ ਵਿਚਾਰਧਾਰਾ ਦੀਆਂ ਪਾਰਟੀਆਂ ਹਨ ਜਿਨ੍ਹੀਆਂ ਇਕ ਵਿਕਸਤ ਦੇਸ਼ ਵਿਚ ਸਾਰੀਆਂ ਸਿਆਸੀ ਪਾਰਟੀਆਂ ਨਹੀਂ ਹਨ। ਖੱਬੀ ਵਿਚਾਰਧਾਰਾ ਵਿਚ ਨਾਹਰੇਬਾਜ਼ੀ ਲਾਉਣ ਤੋਂ ਬਿਨ੍ਹਾਂ ਕੰਮ (Action) ਕਰਨ ਦਾ ਕੋਈ ਤਾਲਮੇਲ ਨਹੀਂ। ਭਾਰਤ ਵਿਚ ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਲੋਕਾਂ ਦਾ ਜਥੇਬੰਧਕ ਵਿਰੋਧਤਾ ਦੀ ਘਾਟ ਕਾਰਨ ਹੀ ਭਾਰਤੀ ਦਲਾਲ ਅਤੇ ਸੱਜਾ ਵਰਗ ਏਕਤਾ ਬਣਾ ਕੇ ਭਾਰਤ ਦੇ ਸੋਮਿਆਂ ਅਤੇ ਲੋਕਾਂ ਦੀ ਖੁਲ੍ਹਮ ਖੁਲ੍ਹਾ ਲੁੱਟ ਕਰਾ ਰਿਹਾ ਹੈ। ਅੱਜ ਦੇ ਯੁਗ ਵਿਚ ਵੀ ਭਾਰਤ ਦਾ ਪੜ੍ਹਿਆ ਲਿਖਿਆ ਅਤੇ ਮੱਧ ਵਰਗ ਕੱਟੜ ਧਰਮ ਅਤੇ ਕੱਟੜ ਸਿਆਸੀ ਸੋਚ ਤੇ ਕਿੰਤੂ ਕਰਨ ਤੋਂ ਝਿਜਕਦਾ ਹੈ। ਸ਼ਾਇਦ ਭਾਰਤ ਦੇ ਪੜ੍ਹਿਆਂ ਲਿਖਿਆਂ ਅਤੇ ਮੱਧ ਵਰਗ ਨੂੰ ਲਕੀਰ ਦੇ ਫਕੀਰ ਬਣਨ ਦੀ ਪੱਕੀ ਆਦਤ ਪੈ ਗਈ ਹੈ। ਭਾਵੇਂ ਭਾਰਤ ਕੱਚੇ ਸੋਮਿਆਂ ਵਿਚ ਅਮੀਰ ਦੇਸ਼ ਹੈ ਪਰ ਖੋਜੀਆਂ ਅਤੇ ਸਿਆਸੀ ਦਿਸ਼ਾ ਦੀ ਘਾਟ ਹੋਣ ਕਰਕੇ ਪੱਛੜਿਆ ਹੋਇਆ ਦੇਸ਼ ਹੈ। ਇਸੇ ਲਈ ਬਾਹਰਲੇ ਦੇਸ਼ ਭਾਰਤ ਦੀਆਂ ਕੱਚੀਆਂ ਧਾਤਾਂ (raw resources) ਅਤੇ ਲੋਕ (ਜਾਣੀ ਮਜ਼ਦੂਰ) ਸ਼ਕਤੀ ਦੀ ਵਰਤੋਂ ਕਰਕੇ ਧੰਨ ਕਮਾ ਰਹੇ ਹਨ। ਭਾਰਤ ਤੇ ਰਾਜ ਕਰਦੀਆਂ ਪਾਰਟੀਆਂ ਵੱਢੀਆਂ ਲੈ ਕੇ ਬਾਹਰਲੇ ਦੇਸ਼ਾਂ ਨੂੰ ਭਾਰਤ ਦੀਆਂ ਕੱਚੀਆਂ ਧਾਤਾਂ ਅਤੇ ਲੋਕ ਸ਼ਕਤੀ ਨੂੰ ਮੁਫਤ ਦੇ ਭਾਅ ਵੇਚ ਕੇ ਆਪਣਾ ਢਿਡ ਭਰ ਰਹੀਆਂ ਹਨ। ਭਾਰਤ ਦੇ ਲੋਕ ਧਰਮਾਂ ਵਿਚ ਜਕੜੇ ਹੋਏ ਲੁਟੇਰੇ ਸਾਧਾ ਸੰਤਾਂ ਨੂੰ ਪੂਜ ਕੇ ਚੰਗੇ ਦਿਨ ਆਉਣ ਦੀ ਆਸ ਵਿਚ ਬੈਠੇ ਹੋਏ ਹਨ। ਇਸ ਲਈ ਜਦ ਤੱਕ ਭਾਰਤ ਵਿਚ ਤਰਕ ਦੀ ਸੋਚ ਦਾ ਪਸਾਰਾ ਨਹੀਂ ਹੁੰਦਾ, ਉਦ ਤੱਕ ਨਾ ਤਾਂ ਭਾਰਤ ਵਿਕਸਤ ਦੇਸ਼ਾਂ ਦਾ ਬਰਾਬਰੀ ਕਰ ਸਕੇਗਾ ਅਤੇ ਨਾ ਹੀ ਲੋਕਾਂ, ਜਿਸ ਵਿਚ ਬਹੁ ਗਿਣਤੀ ਮਜ਼ਦੂਰ ਅਤੇ ਗਰੀਬ ਦੀ ਹੈ, ਦੀ ਕਿਸਮੱਤ ਬਦਲ ਸਕੇਗੀ। ਹਾਂ, ਦਲਾਲ ਅਤੇ ਮੱਧ ਵਰਗ ਭਾਰਤ ਦੇ ਸੋਮੇ ਵੇਚ ਕੇ ਅਤੇ ਦੂਸਰਿਆਂ ਦੀ ਚਾਪਲੂਸੀ ਕਰਕੇ ਆਪਣਾ ਢਿੱਡ ਭਰਦੇ ਰਹਿਣਗੇ ਜਿਵੇਂ ਪਹਿਲਾਂ ਵੀ ਹੁੰਦਾ ਰਿਹਾ ਹੈ ਜਦ ਰਾਜਿਆਂ, ਮਹਾਂਰਾਜਿਆਂ ਅਤੇ ਇਸਲਾਮ ਦਾ ਭਾਰਤ ਉਤੇ ਰਾਜ ਸੀ।

ਅਰਬ ਦੇ ਮਸ਼ਹੂਰ ਫਿਲਾਸਫਰ ਅੱਲਬਿਰੂਨੀ ਨੇ ਗਿਆਰਵੀ ਸਦੀ ਵਿਚ ਲਿਖਿਆ ਸੀ ਕਿ ਹਿੰਦੂਆਂ ਦਾ ਵਿਸ਼ਵਾਸ ਹੈ "ਉਨ੍ਹਾਂ ਦੇ ਦੇਸ਼ ਵਰਗਾ ਕੋਈ ਹੋਰ ਦੇਸ਼ ਨਹੀਂ, ਉਨ੍ਹਾਂ ਦੇ ਬਾਦਸ਼ਾਹ ਵਰਗਾ ਕੋਈ ਹੋਰ ਬਾਦਸ਼ਾਹ ਨਹੀਂ, ਉਨ੍ਹਾਂ ਦੇ ਧਰਮ ਵਰਗਾ ਕੋਈ ਹੋਰ ਧਰਮ ਨਹੀਂ, ਨਾ ਹੀ ਉਨ੍ਹਾਂ ਦੀ ਸਾਇੰਸ ਵਰਗੀ ਕੋਈ ਹੋਰ ਸਾਇੰਸ ਹੈ"। ਯੂਨਾਨੀਆਂ ਲਈ ਜਾਂਗਲੀ ਲੋਕ ਜਾਂ ਯਹੂਦੀਆਂ ਲਈ ਗੈਰਯਹੂਦੀ ਨਾਲੋਂ ਵੀ ਮਾੜੇ ਹਿੰਦੂਆਂ ਲਈ ਵਿਦੇਸ਼ੀ ਲੋਕ ਸਨ। ਜੋ ਧਰਮ, ਸੰਸਥਾ ਜਾਂ ਲੋਕ ਇਹੋ ਜਹੇ ਵਿਚਾਰ ਰਖਦੇ ਹਨ ਉਹ ਕਦੇ ਤਰੱਕੀ ਨਹੀਂ ਕਰ ਸਕਦੇ। ਇਤਿਹਾਸ ਗਵਾਹ ਹੈ ਕਿ ਇਨਸਾਨ ਨੇ ਦੂਸਰਿਆਂ ਤੋਂ ਸਿਖ ਕੇ ਹੀ ਤਰੱਕੀ ਕੀਤੀ ਹੈ। ਜੇ ਹਿੰਦੂ ਧਰਮ ਵਿਚ ਸਿਖਣ ਦੀ ਆਦਤ ਹੁੰਦੀ, ਤੱਦ ਉਹ ਜਿਵੇਂ ਇਸਲਾਮ ਤੋਂ ਭਰਾਤਰੀਪੁਣਾ ਸਿਖ ਕੇ ਜਾਤ ਪਾਤ ਤੋਂ ਪਿੱਛਾ ਛੁਡਾ ਸਕਦਾ ਸੀ ਅਤੇ ਏਕਤਾ ਬਣਾ ਕੇ ਵਿਦੇਸ਼ੀ ਰਾਜ ਤੋਂ ਵੀ ਖਹਿੜਾ ਛੁਡਾ ਸਕਦਾ ਸੀ। ਹਿੰਦੂਆਂ ਨੇ ਇਸਲਾਮ ਨਾਲ ਦੁਸ਼ਮਣਾਂ ਵਾਲਾ ਹੀ ਵਤੀਰਾ ਰੱਖਿਆ ਭਾਵੇਂ ਇਸਲਾਮ ਮੱਕੇ ਤੋਂ ਸ਼ੁਰੂ ਹੋ ਕੇ ਦੁਨੀਆ ਦੇ ਬਹੁਤ ਹਿਸੇ ਵਿਚ ਫੈਲ ਗਿਆ ਸੀ ਅਤੇ ਉਸ ਨੇ ਭਾਰਤ 'ਤੇ ਵੀ ਲੰਮਾਂ ਅਰਸਾ ਰਾਜ ਕੀਤਾ।

ਹਿੰਦੂਆਂ ਨੇ ਇਹ ਜਾਨਣ ਦੀ ਅੱਜ ਤੱਕ ਕੋਸ਼ਸ਼ ਨਹੀਂ ਕੀਤੀ ਕਿ ਇਸਲਾਮ ਵਿਚ ਕਿਹੜੀ ਖੂਬੀ ਸੀ ਜਿਸ ਨੇ ਉਸ ਨੂੰ ਦੁਨੀਆਂ ਵਿਚ ਲੋਕ ਪਰੀਆ ਬਣਾਇਆ। ਉਸ ਸਮੇਂ ਇਸਲਾਮ ਭਾਈਚਾਰੇ ਦਾ ਸੁਨੇਹਾ ਲੈ ਕੇ ਜਗੀਰਦਾਰੀ ਢਾਂਚੇ ਨੂੰ ਪ੍ਰਤੀਨਿਧ ਕਰਦਾ ਸੀ ਜਦ ਕਿ ਹਿੰਦੂ ਧਰਮ ਅਰਧ ਗੁਲਾਮੀ ਅਤੇ ਜਾਤ ਪਾਤ ਵਿਚ ਯਕੀਨ ਕਰਦਾ ਸੀ।

ਬੜੇ ਦੁੱਖ ਦੀ ਗੱਲ ਇਹ ਹੈ ਕਿ ਹਿੰਦੂ ਧਰਮ ਅਜੇ ਵੀ ਸਿਖਣ ਲਈ ਤਿਆਰ ਨਹੀਂ ਅਤੇ ਭਾਰਤ ਵਿਚ ਬਾਕੀ ਧਰਮ ਜਿਵੇਂ ਇਸਲਾਮ, ਬੁੱਧ ਧਰਮ ਅਤੇ ਸਿੱਖ ਧਰਮ ਨੇ ਵੀ ਹਿੰਦੂਆਂ ਵਰਗਾ ਵਤੀਰਾ ਗਰੈਹਨ ਕਰ ਲਿਆ ਹੈ। ਇਸੇ ਲਈ ਭਾਵੇਂ ਭਾਰਤ ਰਕਬੇ ਵਿਚ ਯੂ.ਕੇ. ਨਾਲੋਂ 125 ਗੁਣਾ ਵੱਡਾ ਦੇਸ਼ ਹੈ ਪਰ ਉਹ ਫਿਰ ਵੀ ਯੂ. ਕੇ. ਦਾ ਮੁਕਾਬਲਾ ਨਹੀਂ ਕਰ ਸਕਦਾ।

# ਬੱਚਿਆਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਕਿਵੇਂ ਬਣਾਈਏ ?

# ਸਵਿਮਇੰਗ ਪੂਲ ਵਿੱਚੋਂ

ਮੇਰੇ ਬੇਟੇ ਦੇ ਪੁੱਤਰ ਪਾਵੇਲ ਤੇ ਅਮਨ ਇੱਕ ਦਿਨ ਮੈਨੂੰ ਕਹਿਣ ਲੱਗੇ ਕਿ "ਡੈਡੀ ਅਸੀਂ ਤਲਾਅ ਵਿਚ ਨਹਾਉਣ ਲਈ ਹਰ ਰੋਜ਼ ਪਾਪਾ ਜੀ ਨਾਲ ਜਾਂਦੇ ਹਾਂ। ਅੱਜ ਉਹਨਾਂ ਨੂੰ ਜ਼ਰੂਰੀ ਕੰਮ ਹੈ। ਇਸ ਲਈ ਤੁਸੀਂ ਸਾਡੇ ਨਾਲ ਚਲੋ।" ਮੈਂ ਵੀ ਜਾਣ ਲਈ ਤਿਆਰ ਹੋ ਗਿਆ।

ਤਲਾਅ ਤੇ ਪਹੁੰਚ ਕੇ ਮੈਂ ਵੇਖਿਆ ਕਿ ਮੇਰੇ ਦੋਵੇਂ ਪੋਤੇ ਨਹਾਉਣ ਲਈ ਬਾਥਰੂਮਾਂ ਵਿਚ ਜਾ ਵੜੇ। ਮੈਂ ਪੁੱਛਿਆ ਕਿ ਤੁਸੀਂ ਤਲਾਅ ਵਿਚ ਨਹਾਉਣ ਲਈ ਆਏ ਹੋ ਪਰ ਸ਼ਾਵਰਾਂ ਹੇਠ ਕਿਉਂ ਨਹਾ ਰਹੇ ਹੋ।" ਉਹ ਕਹਿਣ ਲੱਗੇ ਕਿ "ਸਾਡੇ ਗਾਰਡ ਦੀ ਹਦਾਇਤ ਹੈ ਕਿ ਤਲਾਅ ਵਿਚ ਵੜਨ ਤੋਂ ਪਹਿਲਾਂ ਅਸੀਂ ਸਾਫ ਪਾਣੀ ਨਾਲ ਆਪਣੇ ਸਰੀਰ ਨੂੰ ਸਾਫ ਕਰੀਏ।" ਮੈਨੂੰ ਉਹਨਾਂ ਦੀ ਇਹ ਗੱਲ ਠੀਕ ਲੱਗੀ।

ਕਲੱਬ ਵਾਲਿਆਂ ਨੇ ਆਪਣੇ ਮੈਂਬਰਾਂ ਦੀ ਸਹੂਲਤ ਲਈ 30 ਫੁੱਟ ਚੋੜਾ ਤੇ 60 ਫੁੱਟ ਲੰਬਾ ਇਕ ਸਵਿਮਇੰਗ ਪੂਲ ਬਣਾਇਆ ਹੋਇਆ ਹੈ। ਇਸ ਵਿਚ ਪਾਣੀ ਦੀ ਡੂੰਘਾਈ ਵੱਖ ਵੱਖ ਸਥਾਨਾਂ ਤੇ ਤਿੰਨ ਫੁੱਟ ਤੋਂ ਲੈ ਕੇ ਚੌਦਾਂ ਫੁੱਟ ਤੱਕ ਹੈ। ਤਲਾਅ ਵਿਚ ਪਾਣੀ ਨੂੰ ਫਿਲਟਰ ਕਰਕੇ ਪਾਇਆ ਜਾ ਰਿਹਾ ਸੀ। ਗਾਰਡ ਅਨੁਸਾਰ ਇਸਨੂੰ ਰੁਗਾਣੂ ਰਹਿਤ ਕਰਨ ਲਈ ਇਸ ਵਿਚ ਕਲੋਰੀਨ ਪਾਈ ਜਾਂਦੀ ਹੈ।

ਕਲੋਰੀਨ ਇਕ ਵਧੀਆ ਕੀਟਾਣੂ ਨਾਸ਼ਕ ਗੈਸ ਹੈ। ਇਸਦਾ ਇਸਤੇਮਾਲ ਪਾਣੀ ਰਾਹੀਂ ਬੀਮਾਰੀਆਂ ਨੂੰ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਣ ਤੋਂ ਰੋਕਣ ਲਈ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਹਾਉਣ ਵਾਲੇ ਛੂਤ ਛਾਤ ਦੀਆਂ ਬੀਮਾਰੀਆਂ ਤੋਂ ਬਚ ਜਾਂਦੇ ਹਨ।



ਵਿਦਿਆਰਥੀਓ ਤੁਸੀਂ ਜਾਣਦੇ ਹੋ ਸਾਡੇ ਦੇਸ਼ ਦੇ ਇਕ ਤਿਹਾਈ ਲੋਕ ਦੂਸ਼ਿਤ ਪਾਣੀ ਰਾਹੀਂ ਹੋਣ ਵਾਲੀਆਂ ਬੀਮਾਰੀਆਂ ਨਾਲ ਮਰ ਜਾਂਦੇ ਹਨ। ਪਾਣੀ ਵਿਚ ਫੈਕਲ ਬੈਕਟੀਰੀਆ ਤੇ ਕੁਝ ਹੋਰ ਰੋਗਾਣੂ ਹੁੰਦੇ ਹਨ। ਇਹਨਾਂ ਦੀ ਥੋੜੀ ਜਿਹੀ ਗਿਣਤੀ ਹੀ ਟੱਟੀਆਂ, ਹੈਜਾ, ਟਾਈਫਾਈਡ, ਹੈਪਾਟਾਈਟਸ ਆਦਿ ਬੀਮਾਰੀਆਂ ਫੈਲਾ ਸਕਦੀ ਹੈ। ਇਹ ਸਾਰੀਆਂ ਬੀਮਾਰੀਆਂ ਮਾਰੂ ਸਾਬਤ ਹੋ ਸਕਦੀਆਂ ਹਨ। ਇਸ ਲਈ ਪੀਣ ਤੇ ਨਹਾਉਣ ਵਾਲਾ ਪਾਣੀ ਬਹੁਤ ਹੀ ਸ਼ੁੱਧ ਹੋਣਾ ਚਾਹੀਦਾ ਹੈ। ਕਿਸੇ ਵੀ ਵਿਅਕਤੀ ਨੂੰ ਆਪਣੀ ਸਾਰੀ ਜਿੰਦਗੀ ਵਿਚ ਲੱਗਣ ਵਾਲੀਆਂ ਕੁਝ ਬੀਮਾਰੀਆਂ ਵਿਚੋਂ 80% ਦੂਸ਼ਿਤ ਪਾਣੀ ਕਾਰਨ ਹੀ ਹੁੰਦੀਆਂ ਹਨ।

ਆਮ ਤੌਰ 'ਤੇ ਤਲਾਵਾਂ ਦੀ ਪ੍ਰਬੰਧਕੀ ਕਮੇਟੀ ਦੀ ਇਹ ਹਦਾਇਤ ਹੁੰਦੀ ਹੈ ਕਿ ਤਲਾਅ ਦਾ ਪਾਣੀ ਬਦਲਦੇ ਹੀ ਰਹਿਣਾ ਚਾਹੀਦਾ ਹੈ। ਮੈਂ ਵੇਖਿਆ ਕਿ ਅਮਨ ਖਾਂਸੀ ਨਾਲ ਕੁਝ ਬਲਗਮ ਨੂੰ ਥੁੱਕਣ ਲਈ ਵਾਰ ਵਾਰ ਤਲਾਅ ਵਿਚੋਂ ਬਾਹਰ ਆਉਂਦਾ। ਤਲਾਅ ਦੇ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਮੈਨੂੰ ਉਸਦਾ ਇਹ ਢੰਗ ਵੀ ਵਧੀਆ ਲੱਗਿਆ।

ਪਾਵੇਲ ਨੂੰ ਮੈਂ ਪੁਛਿਆ ਕਿ ਪਾਣੀ ਕਿਵੇਂ ਬਣਦਾ ਹੈ। ਉਹ ਕਹਿਣ ਲੱਗਿਆ ਕਿ ਪਾਣੀ ਹਾਈਡ੍ਰੋਜਨ ਗੈਸ ਦੇ ਦੋ ਭਾਗ ਅਤੇ ਆਕਸੀਜਨ ਗੈਸ ਦੇ ਇੱਕ ਭਾਗ ਮਿਲਾਉਣ ਨਾਲ ਬਣਦਾ ਹੈ। ਉਸਨੇ ਪਾਣੀ ਦੇ ਬਿਜਲੀ ਨਾਲ ਨਿਖੇੜਨ ਦੀ ਵਿਧੀ ਨੂੰ ਆਪਣੀ ਪ੍ਰਯੋਗਸ਼ਾਲਾ ਵਿਚ ਵੇਖਿਆ ਹੋਇਆ ਸੀ।

ਮੈ ਵੇਖਿਆ ਕਿ ਤਲਾਅ ਦੇ ਪਾਣੀ ਵਿਚ ਕੁਝ ਲੜਕੇ ਛਾਲਾਂ ਮਾਰ ਰਹੇ ਸਨ। ਉਹਨਾਂ ਲੜਕਿਆਂ ਦੇ ਸੱਟ ਇਸ ਲਈ ਨਹੀਂ ਸੀ ਲੱਗ ਰਹੀ ਕਿਉਂਕਿ ਪਾਣੀ ਵਿਚਲਾ ਉਛਾਲ ਬਲ ਉਹਨਾਂ ਨੂੰ ਬਾਹਰ ਵੱਲ ਧੱਕਦਾ ਸੀ। ਇਸ ਲਈ ਜਮੀਨ ਦੇ ਤਲ ਨਾਲ ਟਕਰਾਉਣ ਤੋਂ ਪਹਿਲਾਂ ਉਹਨਾਂ ਦੇ ਪੈਰਾਂ ਦੀ ਗਤੀ ਬਹੁਤ ਘੱਟ ਜਾਂਦੀ ਸੀ ਜਾਂ ਖਤਮ ਹੋ ਜਾਂਦੀ ਸੀ। ਇਸ ਤਰ੍ਹਾਂ ਪਾਣੀ ਵਿਚ ਛਾਲ ਮਾਰਨ ਤੇ ਸੱਟ ਤੋਂ ਬਚਾਅ ਹੋ ਜਾਂਦਾ ਹੈ। ਜੇ ਤਲਾਅ ਵਿਚ ਪਾਣੀ ਘੱਟ ਹੋਵੇ ਤਾਂ ਸੱਟ ਵੱਜਣ ਦੀ ਸੰਭਾਵਨਾ ਵਧ ਜਾਂਦੀ ਹੈ।

ਤਲਾਅ ਵਿਚ ਕੁੱਝ ਬੱਚੇ ਆਪਣੇ ਗਲਾਂ ਵਿਚ ਟਿਊਬਾਂ ਪਾ ਕੇ ਵੀ ਤੈਰਦੇ ਸਨ। ਕਈਆਂ ਨੇ ਇਸ ਕੰਮ ਲਈ ਹਵਾ ਭਰੀਆਂ ਜੈਕਟਾਂ ਵੀ ਪਾਈਆਂ ਹੋਈਆਂ ਸਨ। ਇਹ ਚੀਜਾਂ ਕਿਸੇ ਵੀ ਬੱਚੇ ਜਾਂ ਵੱਡੇ ਨੂੰ ਡੁੱਬਣ ਤੋਂ ਬਚਾਉਂਦੀਆਂ ਹਨ। ਟਿਊਬ ਜਾਂ ਜੈਕਟ ਗਲ ਵਿਚ ਪਾਈ ਹੋਈ ਕਾਰਨ ਵਿਅਕਤੀ ਦਾ ਆਕਾਰ ਵਧ ਜਾਂਦਾ ਹੈ। ਆਕਾਰ ਵੱਧਣ ਕਾਰਨ ਉਸਦੀ ਘਣਤਾ ਘੱਟ ਹੋ ਜਾਂਦੀ ਹੈ। ਇਸ ਤਰ੍ਹਾਂ ਵਿਅਕਤੀ ਡੁੱਬਣ ਤੋਂ ਬਚ ਜਾਂਦਾ ਹੈ। ਮਨੁੱਖੀ ਸਰੀਰ ਪਾਣੀ ਤੋਂ ਥੋੜ੍ਹਾ ਜਿਹਾ ਭਾਰਾ ਹੁੰਦਾ ਹੈ। ਇਸ ਲਈ ਇਹ ਪਾਣੀ ਵਿਚ ਡੁੱਬ ਸਕਦਾ ਹੈ। ਅਸੀਂ ਵੇਖਿਆ ਹੈ ਕਿ ਨਹਿਰਾਂ ਜਾਂ ਛੱਪੜਾਂ ਵਿਚ ਡੁੱਬੇ ਵਿਅਕਤੀਆਂ ਦੀਆਂ ਲਾਸਾਂ 48 ਘੰਟੇ ਬਾਅਦ ਪਾਣੀ ਵਿਚ ਤੈਰਨ ਲੱਗ ਜਾਂਦੀਆਂ ਹਨ। ਇਸਦਾ ਕਾਰਨ ਵੀ ਸਰੀਰ ਵਿਚ ਪੈਦਾ ਹੋਈਆਂ ਗੈਸਾਂ ਕਾਰਨ ਸਰੀਰ ਦਾ ਫੁੱਲ ਕੇ ਆਕਾਰ ਵੱਡਾ ਹੋ ਜਾਣਾ ਹੁੰਦਾ ਹੈ। ਜਿਸ ਨਾਲ ਸਰੀਰ ਦੀ ਘਣਤਾ ਪਾਣੀ ਨਾਲੋਂ ਘੱਟ ਹੋ ਜਾਂਦੀ ਹੈ।

ਵਿਦਿਆਰਥੀਓ ਸੰਸਾਰ ਵਿਚ ਵਾਪਰਨ ਵਾਲੀਆਂ ਸਾਰੀਆਂ ਘਟਨਾਵਾਂ ਦਾ ਕਾਰਨ ਕੋਈ ਨਾ ਕੋਈ ਵਿਗਿਆਨਕ ਨਿਯਮ ਹੁੰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਇਹਨਾਂ ਵਿਗਿਆਨਕ ਨਿਯਮਾਂ ਨੂੰ ਆਪਣੀਆਂ ਨਿੱਤ ਦੀਆਂ ਗਤੀਵਿਧੀਆਂ ਵਿਚੋਂ ਜਾਨਣਾ ਚਾਹੀਦਾ ਹੈ। ਜਿਵੇਂ ਤਲਾਅ ਵਿਚ ਕੁਝ ਵਿਦਿਆਰਥੀ ਤੈਰ ਵੀ ਰਹੇ ਸਨ। ਅਜਿਹਾ ਕਰਨ ਲਈ ਉਹ ਆਪਣੇ ਹੱਥਾਂ ਜਾਂ ਪੈਰਾਂ ਨਾਲ ਪਾਣੀ ਨੂੰ ਥੱਲੇ ਨੂੰ ਜਾ ਪਿਛੇ ਨੂੰ ਧੱਕ ਰਹੇ ਸਨ।

ਪਾਣੀ ਨੂੰ ਥੱਲੇ ਨੂੰ ਧੱਕਣਾ ਉਹਨਾਂ ਨੂੰ ਪਾਣੀ ਤੇ ਤੈਰਨ ਦੇ ਯੋਗ ਬਣਾਉਣਾ ਸੀ ਤੇ ਪਾਣੀ ਨੂੰ ਪਿੱਛੇ ਨੂੰ ਧੱਕਣਾ ਉਹਨਾਂ ਨੂੰ ਅੱਗੇ ਵੱਲ ਜਾਂਦਾ ਸੀ। ਇਹ ਵੀ ਵਿਗਿਆਨਕ ਨਿਊਟਨ ਦੀ ਗਤੀ ਦਾ ਤੀਜਾ ਨਿਯਮ ਹੈ। ਜਿਸ ਅਨੁਸਾਰ ਹਰੇਕ ਕਿਰਿਆ ਦੇ ਉਲਟ ਪ੍ਰਤੀਕ੍ਰਿਆ ਹੁੰਦੀ ਹੈ। ਕਿਸ਼ਤੀ ਵਿਚ ਵੀ ਪਾਣੀ ਚਪੂਆਂ ਦੀ ਸਹਾਇਤਾ ਨਾਲ ਪਿੱਛੇ ਨੂੰ ਧੱਕਿਆ ਜਾਂਦਾ ਹੈ। ਕਈ ਵਾਰ ਕਿਸ਼ਤੀ ਬਿਜਲੀ ਸ਼ਕਤੀ ਨਾਲ ਚਲਦੀ ਹੈ। ਇਸ ਵਿੱਚ ਲੱਗੀ ਮੋਟਰ ਪਾਣੀ ਨੂੰ ਪਿੱਛੇ ਨੂੰ ਧਕਦੀ ਹੈ ਤੇ ਕਿਸਤੀ ਅੱਗੇ ਨੂੰ ਜਾਂਦੀ ਹੈ।

ਅਸੀਂ ਵੇਖਿਆ ਹੈ ਕਿ ਨਹਾਉਣ ਤੋਂ ਬਾਅਦ ਸਰੀਰ ਠੰਡ ਮਹਿਸੂਸ ਕਰਦਾ ਹੈ। ਇਸਦਾ ਕਾਰਨ ਵੀ ਵਿਗਿਆਨ ਦਾ ਇੱਕ ਨਿਯਮ ਹੈ। ਅਸੀਂ ਜਾਣਦੇ ਹਾਂ ਕਿ ਅਸੀਂ ਹਥੇਲੀ ਤੇ ਕੁਝ ਸਪਿਰਟ ਪਾ ਲਈਏ ਕੁਝ ਦੇਰ ਬਾਅਦ ਸਪਿਰਟ ਉੱਡ ਜਾਂਦੀ ਹੈ ਤੇ ਹੱਥ ਠੰਡਾ ਹੋ ਜਾਂਦਾ ਹੈ। ਇਸ ਤਰ੍ਹਾਂ ਨਹਾਉਣ ਤੋਂ ਬਾਅਦ ਸਰੀਰ ਨੂੰ ਲੱਗੇ ਪਾਣੀ ਦੇ ਤੁਪਕੇ ਵਾਸ਼ਪ ਬਣ ਕੇ ਉੱਡਦੇ ਰਹਿੰਦੇ ਹਨ। ਇਸ ਨਾਲ ਸਰੀਰ ਠੰਡਾ ਹੁੰਦਾ ਰਹਿੰਦਾ ਹੈ। ਇਸ ਕ੍ਰਿਆ ਨੂੰ ਵਾਸ਼ਪੀਕਰਨ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਕਈ ਵਾਰ ਕੁਝ ਬੱਚੇ ਪਾਣੀ ਵਿਚ ਡੁੱਬ ਕੇ ਮਰ ਜਾਂਦੇ ਹਨ। ਇਸਦਾ ਵੀ ਕਾਰਨ ਹੁੰਦਾ ਹੈ ਪਾਣੀ ਵਿਚ ਡੁੱਬਣ ਕਾਰਨ ਉਹਨਾਂ ਦੇ ਫੇਫੜਿਆਂ ਵਿਚ ਪਾਣੀ ਭਰ ਜਾਂਦਾ ਹੈ। ਪਾਣੀ ਭਰੇ ਹੋਣ ਕਾਰਨ ਫੇਫੜੇ ਆਕਸੀਜਨ ਆਪਣੇ ਸਰੀਰ ਦੇ ਸੈਲਾਂ ਨੂੰ ਭੇਜਣ ਤੇ ਵਾਯੂਮੰਡਲ ਵਿਚੋਂ ਪ੍ਰਾਪਤ ਕਰਨ ਦੇ ਯੋਗ ਨਹੀਂ ਰਹਿੰਦੇ। ਇਸ ਤਰ੍ਹਾਂ ਬੱਚੇ ਦੀ ਮੌਤ ਹੋ ਜਾਂਦੀ ਹੈ।

**– ਮੇਘ ਰਾਜ ਮਿੱਤਰ**

# ਕਹਾਣੀ

# ਊਣੀਂ ਦੀ ਨਦੀ

**ਅਜਮੇਰ ਸਿੱਧੂ**

ਕਈ ਦਿਨਾਂ ਦਾ ਮਨ ਕਾਹਲਾ ਪਿਆ ਹੋਇਆ। ਸਵੇਰ ਦੀ ਆਪਣੇ ਆਪ ਨੂੰ ਸਹਿਜ ਕਰਨ ਵਿਚ ਲੱਗੀ ਹੋਈ ਹਾਂ। ਆਪਣੇ ਸੇਵਕਾਂ ਦੇ ਚਿਹਰਿਆਂ 'ਤੇ ਜਲੌਅ ਦੇਖ ਕੇ ਖ਼ੁਸ਼ ਵੀ ਹਾਂ। ਉਨ੍ਹਾਂ ਦੇ ਸਿਰੜ 'ਤੇ ਹੈਰਾਨ ਵੀ। ਉਨ੍ਹਾਂ ਦੀ ਮਿਹਨਤ ਰੰਗ ਲੈ ਆਈ। ਵਿਚਾਰੇ ਦਿਨ ਰਾਤ ਨੱਠੇ ਭੱਜੇ ਫਿਰ ਰਹੇ ਹਨ। ਮੇਰੇ ਨਿੱਕੇ ਜਿਹੇ ਇਸ਼ਾਰੇ 'ਤੇ...। ਮੇਰੇ ਵਿਚ ਐਨੀ ਸ਼ਰਧਾ! ਮੈਂ ਤਾਂ ਉਸ ਪ੍ਰਭੂ ਦਾ ਇਕ ਅੰਸ਼ ਹਾਂ। ਉਹਦੀ ਅਨਿਨ ਭਗਤ। ਉਹ ਮੈਨੂੰ ਹੀ ਪ੍ਰਭੂ ਦੇ ਰੂਪ ਵਿਚ ਦੇਖ ਰਹੇ ਹਨ। ਮੇਰੀ ਭਗਤੀ ਵਿਚ ਲੀਨ ਰਹਿੰਦੇ ਨੇ। ਮੈਂ ਮੱਠ 'ਚੋਂ ਬਾਹਰ ਆਈ ਹਾਂ। ਮਨ ਹੋਰ ਪਾਸੇ ਪਾਉਣ ਲਈ ਫੁੱਲ ਬੂਟਿਆਂ ਵਿਚ ਖੋਹ ਜਾਣ ਦੀ ਕੋਸ਼ਿਸ਼ ਕਰਦੀ ਹਾਂ। ਮੇਰਾ ਵਾਰ-ਵਾਰ ਧਿਆਨ ਮੁੱਖ ਦੁਆਰ 'ਤੇ ਚਿਪਕੇ ਪੋਸਟਰ ਵੱਲ ਜਾ ਰਿਹਾ। ...ਮੈਂ ਮੁੱਖ ਦੁਆਰ ਕੋਲ ਆਈ ਹਾਂ। ਪੋਸਟਰ ਪੜ੍ਹਨ ਲੱਗੀ ਹਾਂ-



ਪਿਆਰੇ ਪ੍ਰੇਮੀ ਜਨੋ,

ਆਪ ਸਭ ਦੇ ਆਦੇਸ਼ ਨੂੰ ਭਗਵਾਨ ਸ੍ਰੀ ਦਾ ਆਦੇਸ਼ ਸਮਝਦੇ ਹੋਏ, ਆਪ ਦੀ ਸ਼ਰਧਾ ਅਤੇ ਪ੍ਰੇਮ ਅੱਗੇ ਨਤ-ਮਸਤਕ ਹੁੰਦੇ ਹੋਏ 1008 ਸ੍ਰੀ ਸੁਆਮੀ ਪਰਮਾਨੰਦ ਜੀ ਮੰਡਲੇਸ਼ਵਰ ਦੀ ਯਾਦ ਵਿਚ ਮੱਠ ਦੀ ਉਸਾਰੀ ਦਾ ਕਾਰਜ ਸੰਪੂਰਨ ਹੋ ਗਿਆ ਹੈ। 27 ਮਾਰਚ ਦਾ ਸ਼ੁਭ ਦਿਵਸ ਮੂਰਤੀ ਸਥਾਪਨਾ ਲਈ ਨਿਯਤ ਕੀਤਾ ਗਿਆ ਹੈ। ਇਸ ਦਿਨ ਸਾਡੇ ਪੂਜਯ ਮਾਤਾ ਸ੍ਰੀ ਸਾਧਵੀ ਉਤਰਾ ਜੀ ਆਪਣੇ ਪਤਿਤਪਾਵਨ ਕਰ ਕਮਲਾਂ ਨਾਲ ਸ਼ੁਭ ਆਰੰਭ ਕਰਨਗੇ। ਆਪ ਸਭ ਮਾਤਾ ਸ੍ਰੀ ਦੇ ਪਵਿੱਤਰ ਪ੍ਰਵਚਨ ਸ੍ਰਵਣ ਕਰਦੇ ਹੋਏ...

ਪੋਸਟਰ ਪੜ੍ਹਨਾ ਵਿਚੇ ਛੱਡ ਬਗੀਚੀ ਵਿਚ ਆ ਬੈਠੀ ਹਾਂ। ਸਮਾਗਮ ਦੀ ਤਿਆਰੀ ਵੱਲ ਧਿਆਨ ਚਲਾ ਗਿਆ ਹੈ। ਮੇਰੇ ਭਰਾਵਾਂ ਹਰੀਸ਼ ਚੰਦਰ, ਸ਼ਾਮ ਲਾਲ ਤੇ ਸਮੂਹ ਸੇਵਕਾਂ ਨੇ ਦਿਨ ਰਾਤ ਇਕ ਕਰਕੇ ਇਸ ਮੱਠ ਦੀ ਉਸਾਰੀ ਕਰਵਾਈ ਹੈ। ਸਭੀ ਜਨ ਸਮਾਗਮ ਦੀਆਂ ਤਿਆਰੀਆਂ ਵਿਚ ਮਗਨ ਹਨ। ਉਹ ਆਪੋ-ਆਪਣੀਆਂ ਜ਼ੁੰਮੇਵਾਰੀਆਂ ਸ਼ਰਧਾ ਨਾਲ ਨਿਭਾਅ ਰਹੇ ਹਨ। ਹਰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮੈਥੋਂ ਆਸ਼ੀਰਵਾਦ ਲੈਂਦੇ ਹਨ। ਪਰ ਉਹ...। ਪ੍ਰਭੂ ਦੇ ਵੈਰੀ ਨੇ ਮੇਰਾ ਲਹੂ ਪੀਤਾ ਪਿਆ ਹੈ। ਹੁਣ ਹਾਅ ਪੋਸਟਰ ਹੀ ਲੈ ਲਓ। ਇਹ ਮੈਂ ਨ੍ਹੀਂ ਛਪਵਾਇਆ। ਇਹਦੇ ਉਤੇ ਮੇਰੀ, ਸੁਆਮੀ ਪਰਮਾਨੰਦ ਜੀ ਅਤੇ ਮੱਠ ਦੀ ਫੋਟੋ ਛਪੀ ਹੋਈ ਹੈ। ਮੇਰੀ ਮਹਿਮਾ ਕੀਤੀ ਹੋਈ ਹੈ। ਮੂਰਤੀ ਸਥਾਪਨਾ ਲਈ... ਮੇਰੇ ਪ੍ਰਵਚਨ ਸੁਣਨ ਲਈ ਸ਼ਰਧਾਲੂਆਂ ਨੂੰ ਸੱਦਾ ਦਿੱਤਾ ਗਿਆ ਹੈ। ਮੈਂ ਆਪਣੇ ਸੇਵਕਾਂ ਨੂੰ ਕਿਵੇਂ ਨਾਂਹ ਕਰ ਸਕਦੀ ਹਾਂ। ਇਹ ਸਾਰਾ ਉਸ ਭਗਵਾਨ ਦਾ ਜਾਂ ਉਨ੍ਹਾਂ ਦਾ ਹੀ ਪ੍ਰਤਾਪ ਹੈ। ਦੂਜੇ ਮੱਠ ਵਾਲਿਆਂ ਨੇ ਬਥੇਰੇ ਅੜਿੱਕੇ ਡਾਹੇ। ਜਦੋਂ ਤਕ ਉਸਰ ਨ੍ਹੀਂ ਗਿਆ, ਮੈਂ ਚਿੰਤਾ ਵਿਚ ਡੁੱਬੀ ਰਹੀ। ਮੈਥੋਂ ਵੱਧ ਚਿੰਤਾ ਮੇਰੇ ਭਰਾਵਾਂ ਨੂੰ ਸੀ। ਹੁਣ ਉਹਨਾਂ ਦਾ ਸਾਰਾ ਜ਼ੋਰ ਸਮਾਗਮ ਦੀਆਂ ਤਿਆਰੀਆਂ ਵਿਚ ਲੱਗਾ ਹੋਇਆ। ਦੋਨੋਂ ਮੈਥੋਂ ਛੋਟੇ ਨੇ। ਮੱਠ ਚੜ੍ਹਾਉਣ ਵੇਲੇ ਵੀ ਇਨ੍ਹਾਂ ਪੂਰਾ ਸਟੈਂਡ ਲਿਆ ਸੀ-

"ਉੱਤਰਾ ਭੈਣ, ਇਸ ਘਰ ਦਾ ਦਸਤੂਰ ਰਿਹਾ - ਜੋ ਮਾਪਿਆਂ ਨੇ ਕਹਿ 'ਤਾ। ਬੱਚਿਆਂ ਨੇ ਕਿਹਾ 'ਤੇ ਫੁੱਲ ਚੜ੍ਹਾਂ ਤੇ।"

ਉਦੋਂ ਮੇਰੀ ਹਾਲਤ ਬੜੀ ਤਰਸਯੋਗ ਸੀ। ਆਪਣੇ ਹੱਥੀਂ ਭਾਲੇ ਹਾਣ ਦਾ ਕੀ ਕਰਦੀ? ਮੈਂ ਤੇ ਰਿਸ਼ੀ ਇਕ ਹੋਣ ਦਾ ਫ਼ੈਸਲਾ ਲੈ ਚੁੱਕੇ ਸਾਂ। ਮੇਰੇ ਤਨ ਮਨ 'ਤੇ ਉਹਦਾ ਨਾਂ ਪੂਰੀ ਤਰ੍ਹਾਂ ਉਤਰਿਆ ਪਿਆ ਸੀ। ਕਿਹੜਾ ਰੀਮੂਵਰ ਲੈ ਕੇ ਮਿਟਾ ਦਿੰਦੀ। "ਨਾਲੇ ਇਹ ਕੋਈ ਪਾਪ ਨ੍ਹੀਂ ਕਰ ਰਹੇ। ਭਗਵਾਨ ਦੇ ਚਰਨੀਂ ਲਾ ਰਹੇ ਆ।" ਸ਼ਾਮ ਲਾਲ ਪ੍ਰਵਚਨ ਸੁਣਾਉਣ ਵਾਂਗ ਬੋਲਿਆ ਸੀ। ਉਸ ਦਿਨ ਮੈਨੂੰ ਧਰਤੀ ਪ੍ਰੇਮ ਵਿਹੂਣੀ ਜਾਪੀ ਸੀ। ਮੈਂ ਧਰਤੀ ਵਿਚ ਧਸ ਜਾਣਾ ਚਾਹੁੰਦੀ ਸੀ। ਇਹ ਸੋਚ ਕੇ ਕਿ ਸਾਡੇ ਪਿਆਰ ਦੇ ਬੀਜੇ ਬੀਜ ਹੀ ਪੁੰਗਰ ਪੈਣਗੇ। ਸਾਡੀਆਂ ਰਹਿ ਗਈਆਂ ਖਾਹਸ਼ਾਂ ਪੂਰੀਆਂ ਕਰ ਦੇਣਗੇ। ਪਰ ਭਗਵਾਨ ਨੂੰ ਇਹ ਮਨਜ਼ੂਰ ਨ੍ਹੀਂ ਸੀ। ਮੋਈਆਂ ਸੱਧਰਾਂ ਨੂੰ ਫ਼ਲ ਕਿੱਥੋਂ ਲੱਗਣਾ ਸੀ। ਕਦੇ ਸੁੱਕੀਆਂ ਕੁੱਖਾਂ ਨੂੰ ਵੀ ਬੀਅ ਨਸੀਬ ਹੋਇਆ?

"ਸਾਡੀ ਸੁੱਖ ਦਾ ਕੀ ਬਣੂੰਗਾ, ਬੇਟਾ?" ਝਾਈ ਬੁੜਬੁੜਾਈ ਸੀ।

ਮੈਂ ਆਪਣੇ ਮਾਂ-ਬਾਪ ਤੇ ਭਰਾਵਾਂ ਅੱਗੇ ਚੁੱਪ ਸੀ। ਮੇਰੀ ਹਾਲਤ ਤਾਂ ਸੁੱਕੇ ਪੱਤਿਆਂ ਵਰਗੀ ਸੀ। ਜਿਹੜੇ ਝੜ ਜਾਂਦੇ ਆ। ਰੁਲ਼ ਜਾਂਦੇ ਆ। ਸੜ ਜਾਂਦੇ ਆ। ਵਿਚਾਰੇ ਆਪਣੀ ਮੌਤੇ ਆਪ ਹੀ ਮਰ ਜਾਂਦੇ ਆ। ਹੁਣ ਤਾਂ ਜਲ਼ ਜਾਣਾ ਗੈਸਾਂ ਦਾ ਯੁੱਗ ਆ ਗਿਆ। ਪੱਤਿਆਂ ਦੀ ਕੋਈ ਅੱਗ ਵੀ ਨਈਂ ਬਾਲ਼ਦਾ। ਹੋਰ ਨ੍ਹੀਂ ਬੰਦਾ ਰਾਖ ਬਣ ਕੇ 'ਸ਼ਾਂਤ' ਹੋ ਜਾਂਦਾ ਸੀ। ਉਹਦਾ ਨਵਾਂ 'ਜਨਮ' ਹੋ ਜਾਂਦਾ। ਹੁਣ ਤੇ 'ਰੂਹਾਂ' ਦੇ ਭਟਕਣ ਤੋਂ ਸਿਵਾਅ ਕੋਈ ਚਾਰਾ ਨ੍ਹੀਂ ਰਹਿ ਗਿਆ।

ਮੈਂ ਪਿੰਡ ਵਿਚ ਜੰਮੀ ਪਲੀ ਤੇ ਸ਼ਹਿਰ 'ਚ ਪੜ੍ਹੀ। ਕੀ ਪਤਾ ਸੀ ਮੇਰੀ ਤਕਦੀਰ ਵਿਚ ਜੇਜੋਂ ਲਿਖਿਆ ਹੋਇਆ ਸੀ? ਪਹਿਲੀ ਵਾਰ ਛੋਟੀ ਹੁੰਦੀ ਮਾਂ-ਪਿਓ ਨਾਲ ਇਥੇ ਮੱਠ ਵਿਚ ਆਈ ਸੀ। ਬੱਸ ਫੇਰ ਕੀ ਸੀ? ਮਹੀਨੇ ਵਿਚ ਇਕ ਦੋ ਵਾਰ ਆ ਹੀ ਜਾਈਦਾ ਸੀ। ਮੱਥਾ ਟੇਕਣ। ਮੱਠ ਦੀ ਸੇਵਾ ਕਰਨੀ। ਸੁਆਮੀ ਜੀ ਦੇ ਚਰਨ ਛੂਹਣੇ। ਸਾਡਾ ਸਾਰੇ ਪਰਿਵਾਰ ਦਾ ਮੱਠ ਵਿਚ ਅਥਾਹ ਵਿਸ਼ਵਾਸ ਸੀ। ਮੱਠ ਦੀ ਹਰ ਚੀਜ਼ ਨੂੰ ਸਤਿਕਾਰ ਨਾਲ ਦੇਖਿਆ ਜਾਂਦਾ ਸੀ। ਜਿੱਥੇ ਪ੍ਰਭੂ ਨਾਲ ਪ੍ਰੇਮ ਸੀ ਉਥੇ ਡਰ ਵੀ ਸੀ। ਮੈਨੂੰ ਮੱਠ ਚੰਗਾ ਲਗਦਾ ਸੀ। ਇਥੋਂ ਦੇ ਸੁਆਮੀ ਜੀ, ਪੰਡਤ ਤੇ ਸ਼ਰਧਾਲੂ ਚੰਗੇ ਲਗਦੇ ਸਨ। ਮੱਠ ਵਿਚ ਸਫ਼ਾਈ ਬੜੀ ਸੀ। ਫੁੱਲ ਬੂਟੇ... ਬਾਗ ਬਗੀਚੀ। ਹਰ ਚੀਜ਼ ਖਿੱਚਦੀ ਸੀ।

ਇਕ ਵਾਰ ਡਾਇਟ ਦਾ ਟੂਰ ਵੀ ਇਥੇ ਆਇਆ ਸੀ। ਮੈਂ ਹੀ ਆਪਣੇ ਅਧਿਆਪਕਾਂ ਨੂੰ ਦੱਸ ਪਾਈ ਸੀ। ਉੱਚੀਆਂ-ਉੱਚੀਆਂ ਪਹਾੜੀਆਂ ਨੇ ਮਨ ਮੋਹ ਲਿਆ ਸੀ। ਮੀਂਹ ਪੈ ਕੇ ਹਟਿਆ ਸੀ। ਦੂਰ-ਦੂਰ ਤੱਕ ਫ਼ੈਲੀਆਂ ਪਹਾੜੀਆਂ ਉੱਤੇ ਹਰਿਆਵਲ, ਛੋਟੇ-ਵੱਡੇ ਦਰਖ਼ਤ, ਘਾਹ ਦੀਆਂ ਪੌੜੀਦਾਰ ਚਰਾਂਦਾਂ ਦੇ ਦ੍ਰਿਸ਼ ਵਾਤਾਵਰਣ ਨੂੰ ਸੁਹਾਵਣਾ ਬਣਾ ਰਹੇ ਸਨ। ਫੇਰ ਮੈਂ ਰਿਸ਼ੀ ਨਾਲ ਇਨ੍ਹਾਂ ਪਹਾੜੀਆਂ ਵਿਚ ਆਉਣ ਲੱਗ ਪਈ। ਉਸਨੇ ਆਪਣੀ ਫਿਲਾਸਫੀ ਘੋਟਣ ਲੱਗ ਪੈਣਾ।

"ਜੇਜੋਂ ਨੂੰ ਰਾਜਿਆਂ ਤੇ ਵਪਾਰੀਆਂ ਨੇ ਆਪਣੇ ਐਸ਼ੋ-ਆਰਾਮ ਲਈ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵਸਾਇਆ ਹੋਣਾ।" ਅਸੀਂ ਸੜਕ ਦੇ ਕੰਢੇ ਮਲ੍ਹੇ ਝਾੜੀਆਂ ਦਾ ਆਨੰਦ ਮਾਣਨਾ। ਨਾਲੇ ਕੰਡੇ ਲੁਆਉਣੇ, ਨਾਲੇ ਬੇਰ ਖਾਣੇ। ਬਾਂਦਰਾਂ ਦੀਆਂ ਝਪਟਾਂ। ਹਾਏ! ਮਰ ਜਾਂ। ...ਰਿਸ਼ੀ ਦੀਆਂ ਸ਼ਰਾਰਤਾਂ ਮੇਰਾ ਖਹਿੜਾ ਨ੍ਹੀਂ ਛੱਡ ਰਹੀਆਂ।

ਮੇਰੀ ਭੂਆ ਦੀ ਧੀ ਪੂਨਮ ਦਾ ਵਿਆਹ ਉਹਦੇ ਦੋਸਤ ਸੁਤੰਤਰ ਨਾਲ ਹੋਇਆ ਸੀ। ਰਿਸ਼ੀ ਨੂੰ ਪਹਿਲੀ ਵਾਰ ਬਰਾਤ ਵਿਚ ਦੇਖਿਆ ਸੀ। ਕੀ ਪਤਾ ਸੀ ਵਿਆਹ ਦਾ ਸ਼ੁਗਲ ਮੇਲਾ ਪ੍ਰੇਮ ਵਿਚ ਵਟ ਜਾਊਗਾ। ਇਹ ਚਾਰ-ਪੰਜ ਦੋਸਤ ਸੁਤੰਤਰ ਜੀਜਾ ਜੀ ਨਾਲ ਸਾਡੇ ਘਰ ਆਉਣ ਲੱਗ ਪਏ। ਮੈਂ ਪਹਿਲਾਂ ਹੀ ਕਿਸੇ ਅਣਜਾਣ ਰੂਹ ਦੀ ਤਲਾਸ਼ ਵਿਚ ਸਾਂ। ਕਿਸੇ ਲਈ ਸੁਪਨੇ ਸਾਂਭ ਕੇ ਰੱਖੇ ਹੋਏ ਸਨ। ਆਪਣੀਆਂ ਪਲਕਾਂ 'ਚ ਸਾਂਭੇ ਸੁਪਨੇ ਉਹਦੀ ਝੋਲੀ ਪਾ ਦਿੱਤੇ। ਆਪਣਾ ਇਕ ਇਕ ਸਾਹ ਇਹਦੇ ਨਾਂ ਕਰ ਦਿੱਤਾ। ਇਹਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਟਿਕਿਆ ਰਹਿੰਦਾ।

ਮੈਨੂੰ ਇਉਂ ਲੱਗਦਾ–ਜੇ ਉਹ ਮੇਰੀ ਜ਼ਿੰਦਗੀ ਵਿਚ ਨਾ ਆਉਂਦਾ ਤਾਂ ਮੇਰੀ ਜ਼ਿੰਦਗੀ ਕਬਰਾਂ ਦੇ ਕੁੱਜੇ ਵਰਗੀ ਹੋ ਜਾਣੀ ਸੀ।

ਰਿਸ਼ੀ ਆਮ ਮੁੰਡਿਆਂ ਵਾਂਗ ਥੋੜ੍ਹਾ ਸੀ ? ਉਹ ਮੈਨੂੰ ਸਭ ਤੋਂ ਅਲੱਗ ਲਗਦਾ। ਜਿੱਦਾਂ ਉਹਨੇ ਮੈਨੂੰ ਪਿਆਰ ਕੀਤਾ, ਇੱਦਾਂ ਦੁਨੀਆਂ 'ਚ ਕੋਈ ਨ੍ਹੀਂ ਕਰ ਸਕਦਾ। ਕਿੰਨਾ ਅਲੱਗ...ਕਿੰਨਾ ਚੰਗਾ...। ਮੇਰੇ ਕੰਡਾ ਵੀ ਚੁਭ ਜਾਣਾ। ਨੱਠੇ ਨੇ ਆਉਣਾ। ਮੇਰੀਆਂ ਅੱਖਾਂ 'ਚ ਹੰਝੂ ਤਾਂ ਕਦੇ ਆਉਣ ਹੀ ਨ੍ਹੀਂ ਸੀ ਦਿੰਦਾ। ਇਸ ਤੋਂ ਉਪਰ ਕੋਈ ਸੁੱਖ, ਕੋਈ ਪ੍ਰੇਮ ਨ੍ਹੀਂ ਹੋ ਸਕਦਾ। ਉਹ ਮੈਨੂੰ ਮੇਰਾ ਰੱਬ ਹੀ ਜਾਪਦਾ। ਜਿਉਂ ਇਸ ਧਰਤੀ ਉਪਰ ਕੋਈ ਫਰਿਸ਼ਤਾ ਉਤਰ ਆਇਆ ਹੋਵੇ। ਅਸੀਂ ਇਕ ਦੂਜੇ ਦਾ ਹੱਥ ਫੜੀ ਪਹਾੜੀ ਦੀ ਟੀਸੀ 'ਤੇ ਬੈਠੇ ਹਾਂ। ਇਕ ਦੂਜੇ ਦੀਆਂ ਅੱਖਾਂ ਵਿਚ ਅੱਖਾਂ ਪਾਈ।...ਕੋਈ ਸੁੱਧ ਨ੍ਹੀਂ ਹੈ। ਚਾਰੇ ਪਾਸੇ ਚੁੱਪ। ਪ੍ਰੇਮ ਦੇ ਸਰੋਵਰ 'ਚ ਐਨਾ ਡੂੰਘਾ ਉਤਰ ਜਾਂਦੇ ਹਾਂ ਕਿ ਕਿਸੇ ਭਾਸ਼ਾ ਦੀ ਲੋੜ ਨ੍ਹੀਂ ਰਹਿੰਦੀ। ਇਕ ਦੂਜੇ ਦਾ ਰੂਪ ਵਟਾ ਲੈਂਦੇ ਹਾਂ।...ਮੈਂ ਉਹ ਹੋ ਜਾਂਦੀ ਹਾਂ ਤੇ ਉਹ ਮੈਂ।

ਇਕ ਸੁਪਨੇ ਵਿਚੋਂ ਨਿਕਲੀ ਹਾਂ। ਦੂਜੇ ਵਿਚ ਆ ਵੜੀ ਹਾਂ।...ਉਹ ਧਰਤੀ 'ਤੇ ਮਿਲਦਾ ਨਾ। ਉਹਨੂੰ ਲੱਭਦੀ ਬਾਵਰੀ ਹੋ ਜਾਂਦੀ।...ਦੂਰ ਕਿਸੇ ਹੋਰ ਗ੍ਰਹਿ 'ਤੇ ਪਹੁੰਚ ਜਾਂਦੀ। ਉਹ ਉਥੇ ਦੇਵਤਾ ਬਣ ਬੈਠਾ ਹੁੰਦਾ।... ਪ੍ਰੇਮ ਦਾ ਦੇਵਤਾ। ਮੈਂ ਪਰੀ ਬਣ ਜਾਂਦੀ। ਉਹ ਮੇਰੇ ਨਾਲ ਲੁਕਣ ਮੀਚੀ ਖੇਡਦਾ। ਲੁਕ ਜਾਂਦਾ। ਲੱਭਦਾ ਨਾ। ਮੈਂ ਹਾਰ ਕੇ ਧਰਤੀ 'ਤੇ ਆ ਜਾਂਦੀ। ਕੋਠੇ 'ਤੇ ਚੜ੍ਹ ਮੰਜੇ ਉਤੇ ਪੈ ਜਾਂਦੀ। ਤਾਰਿਆਂ ਵਿਚੋਂ ਉਹਦਾ ਚਿਹਰਾ ਤੱਕਦੀ। ਕੋਈ ਨਾ ਕੋਈ ਤਾਰਾ ਉਹਦਾ ਰੂਪ ਵਟਾ ਲੈਂਦਾ। ਉਸ ਤਾਰੇ ਨਾਲ ਪਿਆਰ ਉੱਮੜ–ਉੱਮੜ ਪੈਂਦਾ। ਆਪਣੀ ਬੁੱਕਲ 'ਚ ਉਸ ਤਾਰੇ ਨਾਲ ਇਕਮਿਕ ਹੋਈ ਸਾਰੀ ਰਾਤ ਭਿੱਜਦੀ ਰਹਿੰਦੀ। ਉਮਰਾਂ ਜਿੱਡੀ ਉਹ ਰਾਤ ਹੋ ਜਾਣ ਦੀ ਪ੍ਰਾਰਥਨਾ ਕਰਦੀ।

ਟੱਲ ਵੱਜਾ ਹੈ। ਇਸਨੇ ਮੈਤੋਂ ਮੇਰਾ ਪ੍ਰੇਮ ਸੰਸਾਰ ਖੋਹ ਲਿਆ ਹੈ। ਜੇ ਮੇਰਾ ਪ੍ਰਭੂ ਮੇਰੇ 'ਤੇ ਮਿਹਰਬਾਨ ਹੋ ਜਾਂਦਾ। ਮੇਰਾ ਉਹਦੇ ਨਾਲ ਵਿਆਹ ਹੋ ਜਾਣਾ ਸੀ। ਰਿਸ਼ਤੇਦਾਰੀ ਵਿਚ ਹੋਏ ਇਕ ਵਿਆਹ ਨੇ ਹੀ ਸਾਰਾ ਪੰਗਾ ਪਾਇਆ। ਸੀ। ਪੂਨਮ ਭੈਣ ਤੇ ਸੁਤੰਤਰ ਜੀਜਾ ਜੀ ਨਾਲ ਰਿਸ਼ੀ ਤੇ ਹੋਰ ਦੋ–ਤਿੰਨ ਦੋਸਤ ਵਿਆਹ 'ਤੇ ਆਏ ਹੋਏ ਸਨ। ਡੋਲੀ ਗਈ ਤਾਂ ਇਹ ਵੀ ਤੁਰ ਪਏ ਸਨ। ਮੇਰੀ ਜ਼ਿੱਦ ਸੀ ਕਿ ਰਾਤ ਰਹਿਣ। ਇਹ ਟੈਕਸੀ ਕਰਕੇ ਆਏ ਹੋਏ ਸਨ। ਮੈਂ ਟੈਕਸੀ ਦੇ ਪਹੀਏ ਮੋਹਰੇ ਇਕ ਪੈਰ ਕਰ ਦਿੱਤਾ ਸੀ। ਦੋਨਾਂ ਪਾਸਿਆਂ ਦੀ ਅੜੀ ਸੀ।

ਇਸ ਇਮਤਿਹਾਨ ਵਿਚੋਂ ਮੈਂ ਪਾਸ ਹੋ ਗਈ ਸੀ।

ਟੈਕਸੀ ਦਾ ਪਹੀਆ ਮੇਰੇ ਪੈਰ ਉੱਤੋਂ ਦੀ ਲੰਘ ਗਿਆ ਸੀ। ਮੇਰਾ ਪੈਰ ਜ਼ਖ਼ਮੀ ਹੋ ਗਿਆ ਸੀ। ਪਲੱਸਤਰ ਲਾਉਣਾ ਪਿਆ ਸੀ। ਡੇਢ ਮਹੀਨਾ ਮੰਜੇ 'ਤੇ ਪਈ ਰਹੀ ਸੀ। ਘਰਦਿਆਂ ਨੂੰ ਅਸਲ ਘਟਨਾ ਦਾ ਪਤਾ ਨ੍ਹੀਂ ਲੱਗਿਆ ਸੀ। ਉਸ ਤੋਂ ਬਾਅਦ ਰਿਸ਼ੀ ਮੇਰਾ ਹੋ ਕੇ ਰਹਿ ਗਿਆ ਸੀ। ਉਹ ਪੂਨਮ ਭੈਣ ਤੇ ਸੁਤੰਤਰ ਜੀਜਾ ਜੀ ਨਾਲ ਖ਼ਬਰ ਲੈਣ ਆ ਜਾਂਦਾ।

ਮੇਰਾ ਪੈਰ ਠੀਕ ਹੋ ਗਿਆ ਸੀ। ਉਸ ਤੋਂ ਬਾਅਦ ਹੀ ਮੇਰੇ ਸੁਪਨੇ ਵੱਡੇ ਹੋਏ। ਰਿਸ਼ੀ ਘਰ ਆ ਜਾਂਦਾ। ਮੈਂ ਫੁਲਕਾਰੀ ਕੱਢ ਰਹੀ ਹੁੰਦੀ। ਉਹਦੇ ਉੱਤੇ ਦੇ ਦਿੰਦੀ। ਉਹ ਮੇਰੇ ਉੱਤੇ ਦੇ ਦਿੰਦਾ। ਮੇਰਾ ਚਿਹਰਾ ਸੂਹਾ ਲਾਲ ਹੋ ਜਾਂਦਾ।

"ਉੱਤਰਾ, ਬੜੀ ਫ਼ਬਦੀ ਏ।"

ਮੈਂ ਸੰਗ ਜਾਂਦੀ। ਮੂੰਹ ਗੋਡਿਆਂ ਵਿਚ ਲੈ ਲੈਂਦੀ। ਉਨ੍ਹਾਂ ਦਿਨਾਂ ਵਿਚ ਈ ਪਿਤਾ ਜੀ ਓਪਰੀਆਂ–ਓਪਰੀਆਂ ਗੱਲਾਂ ਕਰਨ ਲੱਗ ਪਏ–

"ਭਗਵਾਨ ਵੀ ਇਮਤਿਹਾਨ ਲੈਂਦਾ। ਬੜਾ ਧੋਖਾ ਕੀਤਾ ਉਹਨੇ ਮੇਰੇ ਨਾਲ। ਜੇ ਕਿਤੇ ਜੇਠਾ ਪੁੱਤ ਜੰਮ ਪੈਂਦਾ। ਐਨੇ ਖਲਜਗਣ ਨਾ ਕਰਨੇ ਪੈਂਦੇ।" ਉਨ੍ਹਾਂ ਮੈਨੂੰ ਅਧਿਆਪਕ ਦੀ ਟ੍ਰੇਨਿੰਗ ਲਈ ਸ਼ਹਿਰ ਵਿਚ ਰਹਿੰਦੀ ਵਿਧਵਾ ਫ਼ੋਜਣ ਚਾਚੀ ਕੋਲ ਛੱਡ ਦਿੱਤਾ ਸੀ। ਸ਼ਰੀਕੇ ਵਿਚੋਂ ਚਾਚੀ ਲਗਦੀ ਸੀ। ਘਰਦਿਆਂ ਨੂੰ ਆਪਣੀ ਜ਼ੁੰਮੇਵਾਰੀ ਤੋਂ ਮੁਕਤ ਹੋਣ ਦੀ ਕਾਹਲ ਸੀ। ਰਿਸ਼ੀ ਨੇ ਵੀ ਥੋੜ੍ਹੀ ਦੂਰ ਕਮਰਾ ਕਿਰਾਏ 'ਤੇ ਲੈ ਲਿਆ ਸੀ। ਮੈਂ ਡਾਇਟ ਤੋਂ ਵਾਪਸੀ 'ਤੇ ਉਹਦੇ ਕੋਲ ਠਹਿਰ ਜਾਂਦੀ। ਉਹ ਮੁਹੱਬਤ ਦੇ ਤਾਰੇ ਤੋੜ ਕੇ ਮੇਰੀ ਝੋਲੀ ਪਾ ਦਿੰਦਾ। ਮੈਂ ਮਦਹੋਸ਼ ਹੋਈ ਮੀਰਾਂ ਵਾਂਗ ਰਾਗ ਅਲਾਪਣ ਲੱਗ ਪੈਂਦੀ। ਮੇਰੀਆਂ ਅੱਖਾਂ ਝੀਲ ਤੋਂ ਸਮੁੰਦਰ ਹੋ ਜਾਂਦੀਆਂ।

ਚਾਚੀ ਸਾਡੀ ਮਦਦਗਾਰ ਬਣ ਗਈ ਸੀ। ਰਿਸ਼ੀ ਨੂੰ ਮਿਲਣ ਦਾ ਟਾਇਮ ਸੈਟ ਕਰਦੀ ਤਾਂ ਕਦੇ ਕਦਾਈਂ ਲੇਟ ਹੋ ਜਾਂਦੀ। ਇਕ ਐਤਵਾਰ ਚਾਚੀ ਦੇ ਬੱਚਿਆਂ ਨੇ ਫ਼ਿਲਮ ਦੇਖਣ ਦਾ ਮੂਡ ਬਣਾਇਆ। ਮੈਂ ਬਾਰ੍ਹਾਂ ਵਜੇ ਦਾ ਰਿਸ਼ੀ ਨਾਲ ਟਾਇਮ ਸੈਟ ਕਰ ਲਿਆ। ਬੱਚੇ ਫ਼ਿਲਮ ਦੇਖਣ ਨਾ ਗਏ। ਹਾਰ ਕੇ ਸਹੇਲੀ ਨੂੰ ਮਿਲਣ ਦਾ ਬਹਾਨਾ ਬਣਾ ਕੇ ਗਈ ਸੀ। ਦੁਪਿਹਰ ਦੇ ਦੋ ਵੱਜ ਗਏ ਸਨ। ਅੰਤਾਂ ਦੀ ਗਰਮੀ। ਆਰਾਮ ਨਾਲ ਬੂਹਾ ਢੋਅ ਕੇ ਸੁੱਤਾ ਹੋਇਆ। ਧੁੱਪ ਵਿਚ ਲੂਹ ਹੁੰਦੀ ਗਈ ਸੀ। ਮੇਰਾ ਸੁਰਖ ਹੋਇਆ ਚਿਹਰਾ ਦੇਖ ਕੇ ਘਬਰਾ ਗਿਆ ਸੀ। ਅੰਦਰ ਲਿਜਾ ਕੇ ਮੈਨੂੰ ਘੁੱਟ ਲਿਆ ਸੀ। ਮੈਂ ਉਹਦੇ ਕੋਲ ਦੋ ਘੰਟੇ ਰਹੀ ਸੀ। ਉੱਦਣ ਰਾਤ ਉਹਦੇ ਸੁਪਨਿਆਂ ਵਿਚ ਕੱਟ ਦਿੱਤੀ। ਤੜਕੇ ਭੈੜਾ ਜਿਹਾ ਸੁਪਨਾ ਆਇਆ–

ਘਰ ਰਿਸ਼ੀ ਬਾਰੇ ਪਤਾ ਲੱਗ ਗਿਆ ਸੀ। ਹਫ਼ੜਾ–ਦਫ਼ੜੀ ਮੱਚ ਗਈ। ਅਸੀਂ ਘਰਾਂ ਤੋਂ ਭੱਜ ਗਏ ਸਾਂ। ਮੰਦਰ ਵਿਚ ਜਾ ਕੇ ਵਿਆਹ ਕਰਵਾ ਲਿਆ। ਕਿਰਾਏ ਦੇ ਕਮਰੇ ਵਿਚ ਰਹਿਣ ਲੱਗ ਪਏ ਸੀ। ਅਸੀਂ ਇਕ ਦੂਜੇ ਦੀਆਂ ਬਾਹਾਂ ਵਿਚ ਬੇਸੁਰਤ ਪਏ ਸਾਂ। ਪਿਉ–ਭਰਾ ਤੇ ਚਾਚੇ–ਤਾਏ ਆਏ। ਉਨ੍ਹਾਂ ਸਾਨੂੰ ਵੱਢ ਸੁੱਟਿਆ। ਸਾਡੇ ਲਾਗੇ ਪਿੰਡ ਮਹਿੰਦਪੁਰ ਹੈ। ਪਿੰਡ ਵਿਚ ਬਾਬੇ ਦਿਆਲੇ ਦਾ ਮੰਦਰ ਹੈ। ਪਿਤਾ ਜੀ ਦੱਸਿਆ ਕਰਦੇ ਸਨ ਕਿ ਰਾਤ ਸਮੇਂ ਉਨ੍ਹਾਂ ਦੇ ਅੰਗ ਖਿਲਰ ਜਾਂਦੇ। ਦਿਨੇ ਬਾਬਾ ਜੀ ਦੀ ਕਰਾਮਾਤ ਨਾਲ ਜੁੜ ਜਾਂਦੇ।

ਜੇ ਅਸੀਂ ਵੀ ਸੁਪਨਾ ਸੱਚ ਕਰ ਲੈਂਦੇ। ਜਿੰਨੇ ਵੀ ਸਾਡੇ ਅੰਗ ਘਰਦਿਆਂ ਨੇ, ਸਮਾਜ ਨੇ, ਸ਼ਰਧਾ ਨੇ ਤੇ ਵਿਸ਼ਵਾਸ ਨੇ ਵੱਢੇ ਸਨ। ਸ਼ਾਇਦ ਮੁੜ ਜੁੜ ਜਾਂਦੇ। ਹੁਣ ਤੇ ਯਾਦਾਂ ਹੀ ਰਹਿ ਗਈਆਂ ਹਨ।

ਥੋੜ੍ਹੇ ਦਿਨਾਂ ਬਾਅਦ ਰਿਸ਼ੀ ਨੂੰ ਮਿਲਣ ਦੀ ਫੇਰ ਗੜਬੜ ਹੋ ਗਈ ਸੀ। ਚਾਚੀ ਨੇ ਹੌਂਸਲਾ ਦਿੱਤਾ ਸੀ–

"ਉੱਤਰਾ, ਤੜਕੇ ਚਲੇ ਜਾਈਂ। ਉਹ ਕਿਹੜਾ ਕੁੰਡਾ ਲਾ ਕੇ ਰੱਖਦਾ।" ਤੜਕੇ ਘਰੋਂ ਨਿਕਲੀ ਤਾਂ ਨ੍ਹੇਰਾ ਵੱਢ ਖਾਣ ਨੂੰ ਪਵੇ। ਮੈਂ ਔਖੀ ਸੌਖੀ ਕਮਰੇ ਤੱਕ ਪੁੱਜ ਗਈ ਸੀ। ਉਹਦੇ ਘਰਾੜਿਆਂ ਦੀਆਂ ਡਰਾਉਣੀਆਂ–ਡਰਾਉਣੀਆਂ ਆਵਾਜ਼ਾਂ ਨੇ ਮੈਨੂੰ ਹੋਰ ਡਰਾ ਦਿੱਤਾ ਸੀ। ਟੇਬਲ 'ਤੇ ਕਿਤਾਬਾਂ, ਨੋਟਸ, ਪੈੱਨ ਖਿਲਰੇ ਪਏ ਸਨ। ਇਵੇਂ ਲੱਗਾ ਜਿਵੇਂ ਬਹੁਤ ਲੇਟ ਸੁੱਤਾ ਹੋਵੇ। ਉਹਨੂੰ ਕੋਈ ਸੁਰਤ ਨ੍ਹੀਂ ਸੀ। ਮੈਂ ਸਭ ਤੋਂ ਪਹਿਲਾ ਕੰਮ ਸਫ਼ਾਈ ਕਰਨ ਦਾ ਕੀਤਾ। ਫੇਰ ਭਾਂਡੇ ਮਾਂਜੇ, ਨਲਕੇ ਕੋਲ ਬਹਿ ਕੇ ਕੱਪੜੇ ਧੋਤੇ। ਦਿਨ ਚੜ੍ਹ ਆਇਆ ਸੀ। ਸਾਰੇ ਕੰਮ ਨਿਬੇੜ ਕੇ ਪਰੌਂਠੇ ਪਕਾਉਣ ਲੱਗ ਪਈ। ਜਿਉਂ ਹੀ ਰਸੋਈ ਚੋਂ ਧੂੰਆਂ ਉੱਠਿਆ। ਉਦੋਂ ਤੱਕ ਉਹਦੀ ਅੱਖ ਖੁੱਲ੍ਹ ਗਈ ਸੀ।

ਰਸੋਈ ਵਿਚ ਆ ਵੜਿਆ ਸੀ। ਭਾਂਡਿਆਂ ਦੀ ਟੋਕਰੀ ਵੱਲ ਨਿਗ੍ਹਾ ਮਾਰੀ। ਧੋਤੇ ਹੋਏ ਕੱਪੜਿਆਂ ਵੱਲ ਵੇਖਣ ਲੱਗ ਗਿਆ। ਸਾਫ਼–ਸੁਥਰਾ ਕਮਰਾ ਟੇਢੀਆਂ ਅੱਖਾਂ ਨਾਲ ਦੇਖਿਆ ਸੀ। ਮੈਂ ਪਰੌਂਠਿਆਂ ਵਾਲਾ ਥਾਲ ਉਹਦੇ ਮੋਹਰੇ ਰੱਖ ਦਿੱਤਾ ਸੀ। ਉਹਦਾ ਗੁੱਸਾ ਜਾਂਦਾ ਲੱਗਾ ਸੀ।

ਫਾਈਨਲ ਪੇਪਰ ਆਏ ਤਾਂ ਚਾਚੀ ਨੇ ਰਿਸ਼ੀ ਨੂੰ ਮਿਲਣ ਤੋਂ ਵਰਜ ਦਿੱਤਾ ਸੀ। ਮੇਰੀ ਫ਼ੇਵਰੇਟ ਟੀਚਰ ਨੇ ਸਾਰੀਆਂ ਕੁੜੀਆਂ ਨੂੰ ਪਹਿਲਾਂ ਹੀ ਸੁਚੇਤ ਕਰ ਦਿੱਤਾ ਸੀ–

"ਇਨਸਾਨ ਨੂੰ ਪਰਫ਼ੈਕਟ ਬਣਨਾ ਚਾਹੀਦਾ।...ਜੋ ਲੋਕ ਪਰਫ਼ੈਕਟ ਹੁੰਦੇ ਹਨ, ਉਹ ਪੜ੍ਹਾਈ...ਪਿਆਰ...ਹਰ ਖੇਤਰ ਵਿਚ ਮੰਜ਼ਲਾਂ ਮਾਰ ਲੈਂਦੇ ਨੇ।"

ਮੈਂ ਪੜ੍ਹਾਈ ਦੇ ਇਮਤਿਹਾਨ ਵਿਚੋਂ ਤਾਂ ਪਾਸ ਹੋ ਗਈ। ਦੋਨਾਂ ਨੂੰ ਸਕੂਲ ਟੀਚਰ ਦੀ ਨੌਕਰੀ ਮਿਲ ਗਈ। ਖ਼ੁਸ਼ੀ ਦੀ ਕੋਈ ਹੱਦ ਨ੍ਹੀਂ ਸੀ। ਮੈਂ ਤੇ ਰਿਸ਼ੀ ਖ਼ੁਸ਼ੀ ਵਿਚ ਉੱਡੇ ਫਿਰ ਰਹੇ ਸਾਂ। ਅਸੀਂ ਚਾਚੀ ਨਾਲ ਵਿਆਹ ਦੀ ਗੱਲ ਕੀਤੀ ਸੀ।

ਚਾਚੀ ਨੇ ਪਿਤਾ ਜੀ ਨਾਲ ਗੱਲ ਤੋਰੀ। ਉਹ ਲੋਹਾ ਲਾਖਾ ਨਾ ਹੋਏ। ਉਹਨਾਂ ਮੋਹਰੇ ਆਪਣੀ ਸਮੱਸਿਆ ਰੱਖ ਦਿੱਤੀ–

"ਪੁੱਤ, ਸਾਡੇ ਬੱਚਾ ਨ੍ਹੀਂ ਸੀ ਹੋ ਰਿਹਾ। ਅਸੀਂ ਵੈਦਾਂ, ਹਕੀਮਾਂ, ਡਾਕਟਰਾਂ, ਸਾਧਾਂ–ਸੰਤਾਂ ਕੋਲੋਂ ਬਥੇਰਾ ਇਲਾਜ ਕਰਵਾਇਆ। ਦੋਨੋਂ ਜੀਅ ਬਾਰਾਂ ਸਾਲ ਭੱਸੜਾਂ ਭੰਨਾਉਂਦੇ ਰਹੇ। ਪਰ ਤੇਰੀ ਮਾਂ ਦੀ ਕੁੱਖ ਹਰੀ ਨਾ ਹੋਈ। ਕਿਸੇ ਨੇ ਮੱਠ ਸੁੱਖ ਸੁੱਖਣ ਦੀ ਦੱਸ ਪਾਈ ਸੀ।"

ਮੇਰਾ ਬਾਪ ਮੇਰੇ ਜੰਮਣ ਤੋਂ ਪਹਿਲਾਂ ਦੀ ਕਹਾਣੀ ਸੁਣਾਉਣ ਲੱਗ ਪਿਆ ਸੀ। ਅਸਿੱਧੇ ਢੰਗ ਨਾਲ ਪਹਿਲਾਂ ਵੀ ਗੱਲ ਕਰਦੇ ਰਹਿੰਦੇ ਸਨ। ਮੈਨੂੰ ਮੱਠ ਲਿਜਾਂਦੇ ਰਹਿਣਾ। ਉਥੇ ਕਈ–ਕਈ ਦਿਨ ਰੱਖੀ ਛੱਡਣਾ। ਪਰ ਮੈਨੂੰ ਅਸਲ ਕਹਾਣੀ ਦੀ ਹੁਣ ਸਮਝ ਆਉਣ ਲੱਗੀ ਸੀ। ਝਾਈ ਨੇ

ਸਿੱਖਿਆ ਦੇਣੀ-

"ਪੁੱਤ, ਇਹ ਭਗਵਾਨ ਸ਼ਿਵ ਦਾ ਮੱਠ ਆ। ਤੇਰਾ ਆਪਣਾ ਘਰ। ਤੂੰ ਬਹੁਤੀ ਦੁਨਿਆਵੀਂ ਚੱਕਰਾਂ 'ਚ ਨਾ ਪਵੀਂ। ਸੁਆਮੀ ਜੀ ਦੇ ਚਰਨੀਂ ਲੱਗ ਜਾਈਂ।" ਉਦੋਂ ਮੈਂ ਇਹਦੇ ਅਰਥ ਨ੍ਹੀਂ ਸੀ ਸਮਝਦੀ। ਕੋਈ ਖੁੱਲ੍ਹ ਕੇ ਗੱਲ ਵੀ ਨ੍ਹੀਂ ਸੀ ਕਰਦਾ। ਮੱਠ ਸਾਡਾ ਸੀ। ਸ਼ਰਧਾ ਨਾਲ ਮੱਥਾ ਟੇਕਣ ਜਾਣਾ। ਮੱਠ ਤੇ ਲੋਕਾਂ ਦੀ ਸੇਵਾ ਕਰਨਾ ਹੀ ਸਾਡਾ ਕਰਮ ਸੀ। ਜਿੱਥੇ ਜਾ ਕੇ ਸਾਡੇ ਸਿਰ ਝੁਕਦੇ ਸਨ। ਜਿਸ ਥਾਂ ਤੋਂ ਬਿਨਾਂ ਜੀਉਣਾ ਸਾਡੇ ਲਈ ਅਸੰਭਵ ਸੀ। ਉਸ ਨੂੰ ਲੈ ਕੇ ਘਰ ਵਿਚ ਸੋਗ ਪੈ ਗਿਆ ਸੀ। ਪਿਤਾ ਜੀ ਦੇ ਬੋਲ ਮਸਾਂ ਹੀ ਨਿਕਲ ਰਹੇ ਸਨ-

"ਮੈਂ ਭਗਵਾਨ ਸ਼ਿਵ ਦੇ ਮੱਠ ਸੁੱਖ ਸੁੱਖੀ ਸੀ। ਹੇ ਮੇਰੇ ਪ੍ਰਭੂ, ਤਿੰਨ-ਚਾਰ ਬੱਚੇ ਮੇਰੀ ਝੋਲੀ ਪਾ ਦਿਓ। ਪਹਿਲਾ ਬੱਚਾ ਤੇਰੇ ਚੜ੍ਹਾਊਂਗਾ। ਉਸ ਪਰਮੇਸ਼ਵਰ ਨੇ ਮਿਹਰ ਕੀਤੀ। ਪਰ ਪਹਿਲੀ ਬੇਟੀ ਦੇ ਦਿੱਤੀ। ਮੈਂ ਸੁੱਖ ਸੁੱਖਣ ਵੇਲੇ ਧੋਖਾ ਖਾ ਗਿਆ। ਮੇਰੇ ਲਾਲ ਹੁੰਦਾ। ਮੈਂ ਪੰਜ-ਛੇ ਸਾਲ ਦੇ ਨੂੰ ਚੜ੍ਹਾ ਦੇਣਾ ਸੀ।" ਪਿਤਾ ਜੀ ਦੁਹੱਥੜੀ ਮਾਰ ਕੇ ਭੁੱਬੀਂ ਰੋ ਪਏ ਸਨ।

"ਧੀਆਂ ਦੇ ਦੁੱਖ ਡਾਹਢੇ ਹੁੰਦੇ ਨੇ। ਪਤਾ ਨ੍ਹੀਂ ਤੂੰ ਕਿਹੜੇ ਕਸ਼ਟਾਂ ਵਿੱਚੋਂ ਲੰਘੇਂ। ਇਸੇ ਕਰਕੇ ਅਸੀਂ ਤੈਨੂੰ ਪੜ੍ਹਾਇਆ। ਨੌਕਰੀ ਲੁਆਇਆ। ਪੁੱਤ, ਅਸੀਂ ਆਪਣਾ ਫ਼ਰਜ਼ ਪੂਰਾ ਕੀਤਾ। ਹੁਣ ਤੂੰ ਪਿੱਠ ਨਾ ਦਿਖਾਈਂ। ਨ੍ਹੀਂ ਤੇ ਟੱਬਰ 'ਤੇ ਕਹਿਰ ਵਾਪਰੂ। ਸ਼ਿਵ ਬੜੀ ਕਰਨੀ ਵਾਲੇ ਨੇ। ਬਖਸ਼ਣ ਨ੍ਹੀਂ ਲੱਗੇ।" ਝਾਈ ਜੀ ਨੇ ਮੈਨੂੰ ਕਲਾਵੇ ਵਿਚ ਲੈ ਲਿਆ ਸੀ।

"ਬੇਟਾ, ਭਾਰਤ ਦਾ ਇਹ ਪਹਿਲਾ ਮੱਠ ਹੈ, ਜਿੱਥੇ ਸ਼ੇਸ਼ਨਾਗ ਤੇ ਪੰਚਮੁਖੀ ਸ਼ਿਵਲਿੰਗ ਸਥਾਪਤ ਹੈ। ਇਹਨੂੰ ਮੁਗਲ ਬਾਦਸ਼ਾਹ ਬਾਬਰ ਨੇ ਬਣਾਇਆ ਸੀ। ਨੇਪਾਲ ਦੇ ਸ਼ਹਿਨਸ਼ਾਹ ਨੇ ਚਾਲੀ ਮਣ ਦਾ ਅਸ਼ਟਧਾਤੂ ਦਾ ਟੱਲ ਭੇਟ ਕੀਤਾ ਸੀ। ਇਥੇ ਜਿਹਨੇ ਸੁੱਖ ਸੁੱਖੀ, ਪੂਰੀ ਹੋਈ। ਜਿਹਨੇ ਸੁੱਖ ਨ੍ਹੀਂ ਉਤਾਰੀ, ਉਨ੍ਹਾਂ ਦੇ ਕੁਲ ਦਾ ਬੀਅ ਨਾਸ਼ ਹੋ ਗਿਆ। ...ਭਗਵਾਨ ਸਾਡੇ 'ਤੇ ਰਹਿਮ ਕਰੋ।" ਪਿਤਾ ਜੀ ਮੱਠ ਅਤੇ ਭਗਵਾਨ ਦੀਆਂ ਫੋਟੋਆਂ ਅੱਗੇ ਝੁਕੇ ਹੋਏ ਸਨ।

ਮੈਂ ਤੀਏ ਦਿਨ ਸਕੂਲ ਗਈ। ਰੋਣਹਾਕੀ ਹੋਈ ਪਈ ਸੀ। ਰਿਸ਼ੀ ਪਹਿਲੋਂ ਆਇਆ ਬੈਠਾ ਸੀ। ਉਸਨੂੰ ਸਾਰੀ ਗੱਲ ਦੱਸੀ। ਉਹ ਮੈਨੂੰ ਪੈ ਨਿਕਲਿਆ-

"ਆਪਣੇ ਝੂਠੇ ਵਿਸ਼ਵਾਸਾਂ ਨੂੰ ਪੱਠੇ ਪਾਉਣ ਲਈ ਤੈਨੂੰ ਕਿਉਂ ਦਾਅ 'ਤੇ ਲਾਇਆ ਜਾ ਰਿਹਾ। ਦੋ ਹੋਰ ਹੈਗੇ ਆ। ਉਨ੍ਹਾਂ ਨੂੰ...।"

ਮੈਂ ਉਹਨੂੰ ਜੇਠੇ ਬੱਚੇ ਦੀ ਸੁੱਖ ਬਾਰੇ ਸਮਝਾਉਣ ਲੱਗ ਪਈ। ਮੈਂ ਭਗਵਾਨ ਅਤੇ ਮੱਠ ਨਾਲ ਜੁੜੀਆਂ ਕਰਾਮਾਤਾਂ ਬਾਰੇ ਦੱਸਿਆ। ਜਿਨ੍ਹਾਂ ਪਰਿਵਾਰਾਂ ਨੇ ਸੁੱਖਾਂ ਨ੍ਹੀਂ ਉਤਾਰੀਆਂ, ਉਨ੍ਹਾਂ ਦੇ ਉੱਜੜੇ ਵੰਸ਼ਾਂ ਬਾਰੇ ਦੱਸਿਆ। ਪਿਤਾ ਜੀ ਦੀਆਂ ਸੁਣਾਈਆਂ ਗੱਲਾਂ ਰਿਸ਼ੀ ਨੂੰ ਦੱਸੀਆਂ। ਮੇਰੇ ਅੰਦਰ ਭਗਵਾਨ ਦੇ ਘਰ ਬਾਰੇ ਜੋ ਡਰ ਸੀ, ਉਹ ਮੈਂ ਵਿਅਕਤ ਕਰ ਦਿੱਤਾ। ਰਿਸ਼ੀ ਭੜਕ ਪਿਆ ਸੀ-

"ਇਥੇ ਕੋਈ ਭਗਵਾਨ ਦਾ ਘਰ ਨ੍ਹੀਂ ਹੈ। ਸਭ ਰੱਬ ਦੇ ਨਾਂ 'ਤੇ ਸਿਆਸਤ ਹੋ ਰਹੀ ਹੈ। ਸਿਆਸਤਦਾਨ ਡੇਰਿਆਂ, ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਤੇ ਗਿਰਜਿਆਂ ਜ਼ਰੀਏ ਸਿਆਸਤ ਚਲਾਉਂਦੇ ਆ। ਭਾਰਤ ਦੀ ਬਦਕਿਸਮਤੀ ਆ ਕਿ ਧਰਮ ਸਿਆਸਤ ਦੇ ਘੋੜੇ ਚੜ੍ਹਿਆ ਹੋਇਆ ਹੈ।...ਤੇ ਤੁਹਾਡੇ ਵਰਗੇ ਪੜ੍ਹੇ ਲਿਖੇ ਲੋਕ ਉਨ੍ਹਾਂ ਦੀ ਮਾਰ ਹੇਠ ਆਏ ਹੋਏ ਆ।" ਉਦੋਂ ਉਹਦੀਆਂ ਗੱਲਾਂ ਦੀ ਮੈਨੂੰ ਸਮਝ ਨ੍ਹੀਂ ਸੀ ਲੱਗੀ। ਉਹਨੇ ਦੱਬ ਕੇ ਮੱਠ ਦੇ ਖਿਲਾਫ਼... ਉਥੋਂ ਦੇ ਸੁਆਮੀ ਜੀ ਅਤੇ ਚੇਲਿਆਂ ਦੇ ਖਿਲਾਫ਼ ਭੜਾਸ ਕੱਢੀ ਸੀ। ਅਜਿਹਾ ਸੁਣਨਾ ਮੇਰੀ ਬਰਦਾਸ਼ਤ ਤੋਂ ਬਾਹਰ ਸੀ। ਮੈਂ ਮੱਠ ਦੇ ਖਿਲਾਫ਼ ਇਕ ਸ਼ਬਦ ਵੀ ਨ੍ਹੀਂ ਸੁਣਨਾ ਚਾਹੁੰਦੀ ਸੀ। ਮੈਂ ਇਹ ਵੀ ਨ੍ਹੀਂ ਚਾਹੁੰਦੀ ਸੀ ਕਿ ਮੇਰਾ ਰਿਸ਼ੀ ਪਾਪ ਦਾ ਭਾਗੀਦਾਰ ਬਣੇ। ਉਹ ਮੇਰਾ ਪਿਆਰ ਸੀ। ਉਹਦੇ ਪਿਆਰ ਵਿਚ ਡੁੱਬੀ ਰਹਿਣਾ ਚਾਹੁੰਦੀ ਸਾਂ। ਮੈਂ ਪਿਆਰ ਦੀ ਨਦੀ ਨੂੰ ਕਿੱਦਾਂ ਆਖ ਦਿੰਦੀ ਕਿ ਆਪਣਾ ਵਹਾਅ ਮੋੜ ਲੈ। ਪਰ ਉਹਦਾ ਕਹਿਣਾ ਸੀ-

"ਤੂੰ ਮੱਲੋ ਮੱਲੀ ਉਸ ਦਰਿਆ ਵਿਚ ਰਲਣਾ ਚਾਹੁੰਦੀ ਆਂ। ਜਿਹੜਾ ਪਹਿਲੋਂ ਹੀ ਰੇਗਿਸਤਾਨ ਬਣਿਆ ਹੋਇਆ।"

ਮੈਂ ਰਿਸ਼ੀ ਨਾਲ ਸਹਿਮਤ ਨ੍ਹੀਂ ਸੀ। ਮੱਠ ਤੋਂ ਕਿਵੇਂ ਮੂੰਹ ਮੋੜ ਲੈਂਦੀ। ਸਾਨੂੰ ਸਾਰੇ ਸਾਹ ਉਥੋਂ ਹੀ ਮਿਲੇ ਹੋਏ ਸਨ। ਮੱਠ ਦੇ ਕਣ-ਕਣ ਨਾਲ ਰਿਸ਼ੀ ਜਿੰਨਾ ਹੀ ਪਿਆਰ ਤੇ ਵਿਸ਼ਵਾਸ ਸੀ। ਅਸੀਂ ਲਾਚਾਰ ਸੀ। ਸਾਡੇ ਵਿਸ਼ਵਾਸ ਸਨ। ਮੈਨੂੰ ਬੇਵੱਸ ਦੇਖ ਰਿਸ਼ੀ ਤੁਰ ਪਿਆ ਸੀ।

"ਮੈਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਮਹਿਸੂਸ ਹੋਇਆ ਕਿ ਦੋਸਤੀ, ਪਿਆਰ ਤੇ ਚਾਹਤ ਵੀ ਕਦੇ-ਕਦੇ ਬੇਵੱਸ ਹੋ ਜਾਂਦੇ ਹਨ।..ਜੇ ਤੂੰ ਮੱਠ ਚੜ੍ਹਨਾਂ, ਇਹਨੂੰ ਮੇਰੀ ਆਖ਼ਰੀ ਮੁਲਾਕਾਤ ਸਮਝੀਂ।"

ਮੇਰੇ ਲੱਖ ਤਰਲੇ ਕੱਢਣ ਦੇ ਬਾਵਜੂਦ ਉਹ ਤੁਰਦਾ ਬਣਿਆ ਸੀ। ਮੈਂ ਉਸ ਦਿਨ ਘਰ ਨ੍ਹੀਂ ਜਾਣਾ ਚਾਹੁੰਦੀ ਸੀ। ਛੁੱਟੀ ਹੋਈ ਤਾਂ ਪਿਤਾ ਜੀ ਲੈਣ ਆਏ ਹੋਏ ਸਨ। ਮੈਂ ਘਰ ਗਈ ਤਾਂ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ।

"ਭਗਵਾਨ, ਮੈਨੂੰ ਮਾਫ਼ ਕਰੇ। ਆਪਣੀ ਬੱਚੀ ਸਮਝ ਕੇ। ਮੈਂ ਰਿਸ਼ੀ ਨਾਲ...।" ਸ਼ਬਦ ਮੇਰੇ ਮੂੰਹ ਵਿਚ ਹੀ ਸਨ। ਬਾਪ ਮੇਰੇ ਦੇ ਹੱਥ ਕੰਬਣ ਲੱਗ ਪਏ ਸਨ। ਝਾਈ ਨੂੰ ਦੰਦਲ ਪੈ ਗਈ। ਭਰਾ ਉਹਨੂੰ ਸੰਭਾਲਣ ਲੱਗ ਪਏ। ਪਿਤਾ ਜੀ ਮੇਰੇ ਦੁਆਲੇ ਹੋ ਗਏ। ਮੇਰੀਆਂ ਮਿੰਨਤਾਂ ਕਰਨ ਲੱਗ ਪਏ। ਮੈਂ ਚੁੱਪ ਸੀ। ਫੇਰ ਉਹ ਵੀ ਚੁੱਪ ਕਰਕੇ ਬੈਠ ਗਏ। ਉਨ੍ਹਾਂ ਦੇ ਚਿਹਰੇ ਦੇ ਕਈ ਰੰਗ ਬਦਲੇ। ਕਾਹਲੀ ਨਾਲ ਉਠੇ, ਪਤਾ ਨ੍ਹੀਂ ਕਿੱਧਰ ਨੂੰ ਚਲੇ ਗਏ। ਝਾਈ ਨੂੰ ਹੋਸ਼ ਆ ਗਈ ਸੀ।

ਹਰੀਸ਼ ਵੀ ਬਾਹਰ ਨਿਕਲ ਗਿਆ ਸੀ। ਉਹਨੀਂ ਪੈਰੀਂ ਚੀਕਾਂ ਮਾਰਦਾ ਮੁੜ ਆਇਆ ਸੀ। ਸਾਰੇ ਜਣੇ ਉਹਦੇ ਦੁਆਲੇ ਇਕੱਠੇ ਹੋ ਗਏ ਸਨ।

"ਪਿਤਾ ਜੀ ਨੇ ਖੂਹ ਵਿਚ...।"

ਅਸੀਂ ਸਾਰੇ ਖੂਹ ਵੱਲ ਭੱਜ ਲਏ। ਉਨ੍ਹਾਂ ਦੁਆਲੇ ਲੋਕਾਂ ਦਾ ਝੁਰਮਟ ਸੀ। ਉਨ੍ਹਾਂ ਦੇ ਢਿੱਡ ਵਿਚੋਂ ਪਾਣੀ ਕੱਢਿਆ ਜਾ ਰਿਹਾ ਸੀ। ਸਾਡੇ ਸ਼ਰੀਕੇ ਵਿਚੋਂ ਲੱਗਦੇ ਬਾਬੇ ਨੇ ਧਰਵਾਸ ਦਿੱਤਾ ਸੀ-

"ਜੈ ਚੰਦ ਬਚ ਗਿਆ। ਭਾਈ, ਹੁਣ ਇਹਨੂੰ ਦੂਜੀ ਵਾਰ ਮਰਨ ਲਈ ਮਜਬੂਰ ਨਾ ਕਰਿਓ।"

ਬਾਬੇ ਨੇ ਸ਼ਾਇਦ ਮੈਨੂੰ ਸੁਣਾ ਕੇ ਕਿਹਾ ਸੀ। ਹੁਣ ਸਭ ਕੁਝ ਮੇਰੇ 'ਤੇ ਨਿਰਭਰ ਸੀ। ਮੈਂ ਦੋਨਾਂ ਧਿਰਾਂ ਦੇ ਵਿਚਕਾਰ ਲਟਕ ਗਈ ਸੀ। ਨਾ ਜਮਾਉਣ ਤੇ ਪਾਲਣ ਵਾਲਿਆਂ ਨੂੰ ਛੱਡ ਸਕਦੀ ਸੀ ਤੇ ਨਾ ਆਪਣੇ ਪਿਆਰ ਨੂੰ ਧੱਕਾ ਦੇ ਸਕਦੀ ਸੀ। ਮੈਂ ਕਮਰੇ ਵਿਚ ਆ ਕੇ ਸੋਚਾਂ ਵਿਚ ਡੁੱਬ ਗਈ ਸੀ। ਮੈਂ ਰਿਸ਼ਤਿਆਂ ਦੇ ਚੱਕਰਵਿਊ 'ਚੋਂ ਬਾਹਰ ਕੱਢਣ ਵਾਲੇ ਅਭਿਮੰਨਿਊ ਦਾ ਇੰਤਜ਼ਾਰ ਕਰਨ ਲੱਗੀ। ਪਰ ਮੇਰਾ ਅਭਿਮੰਨਿਊ...। ਉਸੇ ਵਕਤ ਪਿਤਾ ਜੀ ਦੀ ਲਾਸ਼ ਖੂਹ ਵਿਚੋਂ ਨਿਕਲਦੀ ਪ੍ਰਤੀਤ ਹੁੰਦੀ।... ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ। ਦਿਨ ਦਿਹਾੜੇ ਭੈੜੇ-ਭੈੜੇ ਸੁਪਨੇ ਆਉਣ ਲੱਗ ਪਏ। ਹਨੇਰੀ ਆ ਗਈ ਸੀ। ਬਿਜਲੀ ਕੜਕੀ ਸੀ। ਮੈਨੂੰ ਲੱਗਿਆ ਭਗਵਾਨ ਸ਼ਿਵ ਆ ਗਏ ਹਨ। ਮੈਨੂੰ ਉਨ੍ਹਾਂ ਦਾ ਖੌਫ਼ ਖਾਣ ਲੱਗਾ। ਤ੍ਰਿਸ਼ੂਲ ਨਿਕਲਿਆ। ਮੈਂ ਸਹਿਮ ਗਈ। ਮੈਂ ਡਰਦੀ ਨੇ ਹੱਥ ਜੋੜ ਦਿੱਤੇ।

"ਭਗਵਾਨ, ਮੈਂ ਤੇਰੇ ਦਰ ਦੀ ਦਾਸੀ ਬਣਾਂਗੀ।"

ਮੈਨੂੰ ਲੱਗਿਆ ਕਮਰੇ ਵਿਚ ਰੋਸ਼ਨੀ ਹੋ ਗਈ ਹੈ। ਭਗਵਾਨ ਦੀ ਮੂਰਤੀ ਵੱਲ ਨਿਗਾਹ ਮਾਰੀ। ਉਹਨਾਂ ਦੇ ਚਿਹਰੇ 'ਤੇ ਮੁਸਕਰਾਹਟ ਸੀ। ਮੇਰਾ ਫ਼ੈਸਲਾ ਸੁਣ ਕੇ ਘਰ ਵਿਚ ਮਾਹੌਲ ਸੁਖਾਵਾਂ ਹੋ ਗਿਆ ਸੀ।

ਮੈਂ ਅਗਲੇ ਹਫ਼ਤੇ ਉੱਤਰਾ ਤੋਂ ਮਾਤਾ ਸ੍ਰੀ ਬਣ ਗਈ ਸੀ।

ਮੈਨੂੰ ਭਗਵਾਂ ਪੁਆਇਆ ਜਾ ਰਿਹਾ ਸੀ।...ਪਰ ਮੈਂ ਤਾਂ ਪਹਿਲਾਂ ਹੀ ਰਿਸ਼ੀ ਦੇ ਪਿਆਰ 'ਚ ਭਗਵਾਂ ਪਾਈ ਜੋਗਣ ਹੋਈ ਬੈਠੀ ਸੀ। ਮੈਨੂੰ ਸਾਧਣੀ ਬਣਾਉਣ ਦੀਆਂ ਰਸਮਾਂ ਨਿਭਾਈਆਂ ਜਾ ਰਹੀਆਂ ਸਨ। ਮੈਨੂੰ ਰਿਸ਼ੀ ਦਾ ਖਿਆਲ ਆਈ ਜਾ ਰਿਹਾ ਸੀ। ਕਿਸੇ ਖੂੰਜੇ ਬੈਠਾ ਕੁਰਲਾ ਰਿਹਾ ਨਜ਼ਰ ਆ ਰਿਹਾ ਸੀ। ਉਹਦੀਆਂ ਅੱਖਾਂ 'ਚ ਵੀ ਪਾਣੀ ਸੀ ਤੇ ਮੇਰੀਆਂ ਅੱਖਾਂ ਵਿਚ ਵੀ। ਉਹਦੀ ਉੱਤਰਾ ਸਾਧਣੀ ਬਣ ਗਈ ਸੀ।

ਮੈਂ ਮੱਠ ਰਹਿਣ ਲੱਗੀ। ਮੱਠ ਘਰ ਤੋਂ 25 ਕਿਲੋਮੀਟਰ ਦੂਰ ਹੋਣਾਂ। ਸਕੂਲ ਦੋਨਾਂ ਦੇ ਵਿਚਾਲੇ ਸੀ। ਮੈਂ ਘਰ ਨਾ ਰਹਿਣ ਦਾ ਫ਼ੈਸਲਾ ਕੀਤਾ ਸੀ। ਮੱਠ ਤੋਂ ਸਕੂਲ ਜਾਂਦੀ ਤੇ ਸਕੂਲ ਤੋਂ ਮੱਠ। ਮੋਹਰੇ ਸ਼ਿਵਰਾਤਰੀ ਆ ਗਈ। ਸ਼ਿਵਰਾਤਰੀ 'ਤੇ ਭਾਰੀ ਮੇਲਾ ਲਗਦਾ ਹੈ। ਹਫ਼ਤਾ ਪਹਿਲਾਂ ਦੂਰੋਂ-ਦੂਰੋਂ ਸੰਤ ਮਹਾਤਮਾ ਆਉਣ ਲੱਗ ਪਏ ਸਨ। ਇਕ ਨਾਂਗੇ ਸਾਧੂਆਂ ਦੀ ਟੋਲੀ ਵੀ ਆਈ ਸੀ। ਇਹ ਮੇਰੇ ਮਨ ਪਸੰਦ ਦੇ ਸਾਧੂ ਸਨ। ਮੇਰੇ ਸਤਿਕਾਰ ਦੇ ਪਾਤਰ। ਮੈਂ ਇਹਨਾਂ ਤੋਂ ਬਹੁਤ ਕੁਝ ਸਿੱਖਿਆ ਸੀ। ਸਾਰੇ ਨਾਂਗੇ ਸਾਧੂਆਂ ਨੇ ਆਪਣੀਆਂ ਇੰਦਰੀਆਂ ਨੂੰ ਸੰਗਲ ਲਾਏ ਹੋਏ ਸਨ। ਮੈਂ ਉਨ੍ਹਾਂ ਦੇ ਸਬਰ ਅਤੇ ਸਿਦਕ ਤੋਂ ਬਲਿਹਾਰੇ ਜਾਂਦੀ।

(ਬਾਕੀ ਅਗਲੇ ਅੰਕ ਵਿੱਚ)

# ਵਿਗਿਆਨਕ ਖ਼ਬਰਾਂ

## * ਕਿਡਨੀ ਦੀ ਰੱਖਿਆ ਕਰੇਗਾ ਅਲਟ੍ਰਾਸਾਊਂਡ



ਅਕਸਰ ਅਜਿਹਾ ਹੁੰਦਾ ਹੈ ਕਿ ਕੁਝ ਮਾਮਲਿਆਂ ਵਿੱਚ ਗੰਭੀਰ ਕਿਸਮ ਦੀ ਸਰਜਰੀ ਦੇ ਬਾਅਦ ਕਿਡਨੀ ਵਿੱਚ ਤਕਲੀਫ ਦੀ ਸੰਭਾਵਨਾ ਰਹਿੰਦੀ ਹੈ। ਖੋਜਕਾਰੀਆਂ ਦਾ ਕਹਿਣਾ ਹੈ ਕਿ ਕਿਡਨੀ ਖਰਾਬ ਹੋਣ ਦੇ ਅਜਿਹੇ ਮਾਮਲਿਆਂ ਨੂੰ ਘੱਟ ਕਰਨ ਲਈ ਅਲਟ੍ਰਾਸਾਊਂਡ ਤਕਨੀਕ ਦੀ ਵਰਤੋਂ ਕੀਤੀ ਜਾ ਸਕਦੀ ਹੈ।

'ਜਰਨਲ ਆਫ ਦੀ ਅਮਰੀਕਨ ਸੋਸਾਇਟੀ ਆਫ ਨੇਫ੍ਰੋਲਾਜੀ' ਵਿੱਚ ਪ੍ਰਕਾਸ਼ਿਤ ਇਸ ਖੋਜ ਦੇ ਅਨੁਸਾਰ ਇਹ ਪ੍ਰਯੋਗ ਪਹਿਲਾਂ ਚੂਹੇ 'ਤੇ ਕੀਤਾ ਗਿਆ।

**ਕਿਡਨੀ ਟੈਸਟ ਕਰਵਾਉਣਾ** : ਖੋਜ ਵਿੱਚ ਲੱਗੇ ਖੋਜਕਾਰੀਆਂ ਦਾ ਕਹਿਣਾ ਹੈ ਕਿਡਨੀ ਦੀਆਂ ਤਕਲੀਫਾਂ ਦਾ ਇਲਾਜ ਸਧਾਰਨ ਅਤੇ ਪਹਿਲਾਂ ਨਾਲੋਂ ਤਹਿਸੁਦਾ ਹੋਣ ਦੇ ਕਾਰਨ ਮਨੁੱਖੀ ਅਧਿਐਨਾਂ ਵਿੱਚ ਤੇਜੀ ਨਾਲ ਬਦਲਾਅ ਹੋ ਸਕਦਾ ਹੈ।

ਖੋਜਕਾਰੀਆਂ ਦੇ ਅਨੁਸਾਰ ਇਹ ਅਧਿਐਨ ਇਲਾਜ ਦੇ ਨਵੇਂ ਢੰਗਾਂ 'ਤੇ ਰੋਸ਼ਨੀ ਪਾ ਸਕਦਾ ਹੈ। 'ਇਕਯੂਟ ਕਿਡਨੀ ਇੰਜਯੂਰੀ' (ਗੰਭੀਰ ਕਿਡਨੀ ਦੀ ਪੀੜ) – ਕਿਡਨੀ ਵਿੱਚ ਹੋਣ ਵਾਲੀ ਤਕਲੀਫ ਦੀ ਉਸ ਅਵਸਥਾ ਨੂੰ ਕਹਿੰਦੇ ਹਨ ਜਦ ਉਹ ਅਚਾਨਕ ਕਿਡਨੀ ਕੰਮ ਕਰਨਾ ਬੰਦ ਕਰ ਦਿੰਦੀ ਹੈ। ਇਸ ਸਮੱਸਿਆ ਦਾ ਸਾਹਮਣਾ ਕਿਸੇ ਵੀ ਅਜਿਹੇ ਬੀਮਾਰ ਆਦਮੀ ਨੂੰ ਕਰਨਾ ਪੈ ਸਕਦਾ ਹੈ ਜੋ ਨਮੂਨਿਆ ਜਾਂ ਡਾਇਰੀਆ ਵਰਗੀ ਸਮੱਸਿਆ ਦਾ ਸ਼ਿਕਾਰ ਹੋਵੇ ਜਾਂ ਜਿਸਨੂੰ ਪਹਿਲਾ ਦਿਲ ਦੇ ਦੌਰੇ ਦੀ ਤਕਲੀਫ ਹੋਵੇ।

**ਟੈਸਟ ਕਰੇਗਾ ਏਪ** : ਦਿਲ ਦੇ ਅਪਰੇਸ਼ਨ ਵਰਗੀ ਕੋਈ ਗੰਭੀਰ ਸਰਜਰੀ ਤੋਂ ਬਾਅਦ ਗੰਭੀਰ ਕਿਡਨੀ ਵਿੱਚ ਪੀੜ ਹੋ ਸਕਦੀ ਹੈ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਅਪਰੇਸ਼ਨ ਦੌਰਾਨ ਕਿਡਨੀ ਨੂੰ ਮਿਲਣ ਵਾਲਾ ਖ਼ੂਨ ਦਾ ਵਹਾਅ ਰੁੱਕ ਜਾਂਦਾ ਹੈ। ਇਕ ਵਾਰ ਇਸ ਤਕਲੀਫ ਦੇ ਹੋ ਜਾਣ ਤੋਂ ਬਾਅਦ ਇਸਦੇ ਇਲਾਜ ਦੇ ਕੁਝ ਵਿਕਲਪ ਉਪਲੱਬਧ ਹਨ।

**ਬਚਾਅ** : ਯੂਨੀਵਰਸਿਟੀ ਆਫ ਵਰਜੀਨੀਆ ਦੀ ਟੀਮ ਨੇ ਇੱਕ ਚੂਹੇ ਦੀ ਅਲਟ੍ਰਾਸਾਊਂਡ ਮਸ਼ੀਨ ਨਾਲ ਜਾਂਚ ਕੀਤੀ। ਜਾਂਚ ਤੋਂ 24 ਘੰਟੇ ਪਹਿਲਾਂ ਉਸਦੀ ਕਿਡਨੀ ਵਿੱਚ ਖ਼ੂਨ ਦੇ ਵਹਾਅ ਨੂੰ ਰੋਕ ਦਿੱਤਾ ਗਿਆ ਸੀ ਅਤੇ ਅਨਸਥੀਸਿਆ (ਬੇਹੋਸ਼ ਕਰਨ ਵਾਲੀ ਮੈਡੀਕਲ ਤਰਕੀਬ) ਦਿੱਤੀ ਗਈ ਸੀ। ਉਹਨਾਂ ਦਾ ਕਹਿਣਾ ਹੈ ਕਿ ਖ਼ੂਨ ਦੀ ਲੋੜ ਪੂਰੀ ਕਰਨ ਤੋਂ ਬਾਅਦ ਵੀ ਚੂਹੇ ਦੀ ਕਿਡਨੀ ਸਿਹਤਮੰਦ ਅਵਸਥਾ ਵਿੱਚ ਸੀ।

**ਲੈਬ ਵਿੱਚ ਕਿਡਨੀ** : ਜਦੋਂ ਇਹ ਢੰਗ ਇਕ ਹੋਰ ਚੂਹੇ 'ਤੇ ਕੀਤਾ ਗਿਆ ਅਤੇ ਉਸਦਾ ਅਲਟ੍ਰਾਸਾਊਂਡ ਚੰਗੀ ਤਰ੍ਹਾਂ ਕੀਤਾ ਗਿਆ ਤਾਂ ਖੋਜ ਕਰ ਰਹੀ ਟੀਮ ਨੇ ਦੇਖਿਆ ਕਿ ਉਸਦੀ ਕਿਡਨੀ ਵਿੱਚ ਖ਼ੂਨ ਦੇ ਵਹਾਅ ਨੂੰ ਰੋਕਣ ਨਾਲ ਕਿਡਨੀ ਨੂੰ ਬਹੁਤ ਨੁਕਸਾਨ ਹੋਇਆ।

ਖੋਜ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਅਲਟ੍ਰਾਸਾਊਂਡ ਜਾਂਚ ਨਾਲ ਸਰੀਰ ਵਿੱਚ ਕੁੱਝ ਬਦਲਾਅ ਹੁੰਦਾ ਹੈ ਜਿਸ ਨਾਲ ਕਿਡਨੀ ਦਾ ਬਚਾਅ ਹੁੰਦਾ ਹੈ। ਅਧਿਐਨ ਦੀ ਅਗਵਾਈ ਕਰਨ ਵਾਲੇ ਡਾਕਟਰ ਮਾਰਕ ਆਕੋਸਾ ਕਹਿੰਦੇ ਹਨ, "ਅਸੀਂ ਅਜਿਹੀ ਅਲਟ੍ਰਾਸਾਊਂਡ ਤਕਨੀਕ ਦੀ ਵਰਤੋਂ ਕਰਦੇ ਸੀ ਜਿਸ ਨਾਲ ਨੁਕਸਾਨ ਘੱਟ ਹੁੰਦਾ ਹੈ। ਇਸ ਤੋਂ ਪ੍ਰਾਪਤ ਹੋਏ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ 'ਇਕਯੂਟ ਕਿਡਨੀ ਇੰਜਯੂਰੀ' ਦੀ ਰੋਕਥਾਮ ਵਿੱਚ ਆਸਾਨ, ਪ੍ਰਭਾਵਸ਼ਾਲੀ, ਅਸਰਦਾਰ ਤਰੀਕਾ ਹੈ।"

**ਮੋਟੇ ਲੋਕਾਂ ਦੀ ਕਿਡਨੀ** : ਉਹਨਾਂ ਦਾ ਕਹਿਣਾ ਹੈ ਕਿ, "ਜਿੱਥੋਂ ਤੱਕ ਸਾਨੂੰ ਪਤਾ ਹੈ ਕਿ ਕੋਸ਼ਿਕਾਵਾਂ ਅਤੇ ਜੀਵ ਦੇ ਬਚਾਅ ਦੇ ਮਾਮਲੇ ਵਿੱਚ ਅਜਿਹੀ ਕੋਈ ਗੱਲ ਪਹਿਲਾਂ ਕਦੇ ਸਾਹਮਣੇ ਨਹੀਂ ਆਈ।"

ਡਾਕਟਰ ਮਾਰਕ ਆਕੋਸਾ ਦਾ ਕਹਿਣਾ ਹੈ ਕਿ, "ਸਾਨੂੰ ਸ਼ੱਕ ਹੈ ਕਿ ਜਿਸ ਕਾਰਨ 'ਇਕਯੂਟ ਕਿਡਨੀ ਇੰਜਯੂਰੀ' ਦੀ ਤਕਲੀਫ ਹੁੰਦੀ ਹੈ। ਇਹ ਕਾਰਨ ਹੀ ਫੇਫੜੇ, ਦਿਲ ਅਤੇ ਜਿਗਰ ਨਾਲ ਜੁੜੀਆਂ ਤਕਲੀਫਾਂ ਦੇ ਪਿੱਛੇ ਵੀ ਹੋ ਸਕਦੇ ਹਨ। ਇਹ ਤਰੀਕਾ ਸਰੀਰ ਨਾਲ ਜੁੜੇ ਅਨੇਕਾਂ ਅੰਗਾਂ ਨਾਲ ਜੁੜੀਆਂ ਤਕਲੀਫਾਂ ਤੋਂ ਬਚਾਅ ਵਿੱਚ ਵੀ ਲਾਭਦਾਇਕ ਹੋ ਸਕਦਾ ਹੈ, ਇਹ ਬਹੁਤ ਦਿਲਚਸਪ ਹੈ।"



## * ਸੜਕ ਜੋ ਕਰਦੀ ਹੈ ਰਿਚਾਰਜ

ਦੱਖਣੀ ਕੋਰੀਆ ਵਿੱਚ ਇੱਕ ਅਜਿਹੀ ਸੜਕ ਬਣਾਈ ਗਈ ਹੈ ਜੋ ਆਪਣੇ ਉੱਪਰ ਦੀ ਲੰਘਣ ਵਾਲਿਆਂ ਇਲੈਕਟ੍ਰਨਿਕ (ਬਿਜਲੀ ਨਾਲ ਚੱਲਣ ਵਾਲੇ) ਸਾਧਨਾਂ ਨੂੰ ਰਿਚਾਰਜ ਕਰ ਸਕਦੀ ਹੈ। ਇਸ ਨੂੰ ਵਿਕਸਤ ਕਰਨ ਵਾਲਿਆਂ ਦਾ ਕਹਿਣਾ ਹੈ ਕਿ 12 ਕਿਲੋਮੀਟਰ ਲੰਬੀ ਇਹ ਸੜਕ ਦੁਨੀਆ ਵਿੱਚ ਪਹਿਲੀ ਪਰੀਯੋਜਨਾ ਹੈ।

ਇਸਦੇ ਲਈ ਸੜਕ 'ਤੇ ਵਾਹਨਾਂ ਨੂੰ ਰਿਚਾਰਜ ਦੇ ਲਈ ਰੋਕਣ ਦੀ ਜ਼ਰੂਰਤ ਨਹੀਂ ਹੈ। ਦੇਸ਼ ਵਿੱਚ ਹੁਣ ਦੋ ਬੱਸਾਂ ਇਸ ਤਕਨੀਕ ਦੀ ਵਰਤੋਂ ਕਰ ਰਹੀਆਂ ਹਨ ਅਤੇ ਸਾਲ 2015 ਤੱਕ ਇਸ ਵਿੱਚ ਦਸ ਹੋਰ ਬੱਸਾਂ ਨੂੰ ਸ਼ਾਮਿਲ ਕਰਨ ਦੀ ਯੋਜਨਾ ਹੈ। ਇਸ ਨੂੰ ਵਿਕਸਿਤ ਕਰਨ ਵਾਲੀ ਅਡਵਾਨਸਟ ਇਨਸਟਿਟਯੂਟ ਆਫ ਸਾਇੰਸ ਇੰਡ ਟੈਕਨੌਲਅਜਿ ਦੀ ਟੀਮ ਦੇ ਪ੍ਰਮੁੱਖ ਦੋਂਗ ਹੋ ਚੋ ਨੇ ਕਿਹਾ, "ਆਨਲਾਇਨ ਇਲੈੱਕਟਰਿਕ ਸਾਧਨਾਂ ਦੇ ਲਈ ਸਾਡੀ ਪਰਯੋਜਨਾ ਸਫਲ ਨਹੀਂ ਹੈ। ਆਨਲਾਇਨ ਇਲੈੱਕਟਰਿਕ ਸਾਧਨਾਂ ਦੇ ਲਈ ਮੀਲ ਦਾ ਪੱਥਰ ਸਾਬਤ ਹੋਵੇਗੀ।"

**ਮਹਿੰਗਾ ਸੋਦਾ** : ਜਦਕਿ ਯਤਾਯਾਤ ਮਾਹਰਾਂ ਦਾ ਮੰਨਣਾ ਹੈ ਕਿ ਇਸ ਤਕਨੀਕ ਦੇ ਲਈ ਬੱਸਾਂ ਅਤੇ ਸੜਕਾਂ 'ਤੇ ਉਪਕਰਨ ਲਗਾਉਣਾ ਮਹਿੰਗਾ ਸੋਦਾ ਸਾਬਤ ਹੋ ਸਕਦਾ ਹੈ ਕਿਉਂਕਿ ਇਹ ਜ਼ਿਆਦਾ ਅਨੁਭਵੀ ਤਜਰਬਾ ਨਹੀਂ ਹੈ। ਕਾਡਿਰਫ ਵਿਸ਼ਵ-ਵਿਦਿਆਲਾ ਦੇ ਸੈਂਟਰ ਫਾਰ ਆਟੋਮੋਟਿਵ ਇੰਡਸਟ੍ਰੀ ਰਿਸਰਚ ਦੇ ਇੱਕ ਡਾਕਟਰ ਦਾ ਕਹਿਣਾ ਹੈ ਕਿ, "ਨਿਸ਼ਚਿਤ ਰੂਪ ਵਿੱਚ ਇਸ ਤਕਨੀਕ ਨਾਲ ਜਨਤਾ ਦੇ ਸਫਰ ਲਈ ਕਾਫੀ ਸੰਭਾਵਨਾਵਾਂ ਹਨ ਪਰ ਨਿੱਜੀ ਇਲੈੱਕਟਰਿਕ ਸਾਧਨਾਂ ਵਿੱਚ ਇਸ ਤਕਨੀਕ ਦਾ ਪ੍ਰਯੋਗ ਕਰਨਾ ਕਾਫੀ ਖਰਚੀਲਾ

ਹੋਵੇਗਾ।" ਇਸ ਪ੍ਰਾਜੈਕਟ ਦੱਖਣੀ ਕੋਰੀਆ ਦੇ ਦੱਖਣੀ ਸ਼ਹਿਰ ਗੁਮੀ ਵਿੱਚ ਸਥਾਪਿਤ ਕੀਤਾ ਗਿਆ ਹੈ। ਸ਼ਹਿਰ ਦੇ ਟਰੇਨ ਸਟੇਸ਼ਨ ਵਿੱਚ ਇਨ ਡੋਂਗ ਡਿਸਿਟ੍ਰਕਟ ਨੂੰ ਜੋੜਣ ਵਾਲੀ ਸੜਕ 'ਤੇ ਇਹ ਤਕਨੀਕ ਲਗਾਈ ਗਈ ਹੈ। ਇਸ ਵਿੱਚ ਬੱਸ ਦੇ ਨੀਚੇ ਵਾਲੇ ਹਿੱਸੇ 'ਤੇ ਇਕ ਯੰਤਰ ਲਗਾਇਆ ਗਿਆ ਹੈ ਜੋ ਚੁੰਬਕੀ ਖੇਤਰ ਇਸ ਰੀਜੇਨੇਂਸ ਤਕਨੀਕ ਦੀ ਵਰਤੋਂ ਕਰਕੇ ਚਾਰਜ ਹੋ ਜਾਂਦਾ ਹੈ।




**ਪ੍ਰਣਾਲੀ :** ਖੋਜਕਾਰੀਆਂ ਦਾ ਕਹਿਣਾ ਹੈ ਕਿ ਬਿਜਲੀ ਚੁੰਬਕੀ ਖੇਤਰ ਵਿੱਚ ਸਿਹਤ ਸੰਬੰਧੀ ਕੋਈ ਖਤਰਾ ਨਹੀਂ ਹੈ। ਸੜਕ ਦੇ ਨੀਚੇ ਵਿਛੀਆਂ ਬਿਜਲੀ ਦੀਆਂ ਤਾਰਾਂ ਦਾ ਬਿਜਲਈ ਚੁੰਬਕੀ ਖੇਤਰ ਪੈਦਾ ਕਰਨ ਲਈ ਵਰਤੋਂ ਕੀਤੀ ਜਾਂਦੀ ਹੈ। ਜੋ ਉਪਕਰਨ ਦੇ ਅੰਦਰ ਲੱਗੀ ਇੱਕ ਕੁੰਡਲੀ ਵਿੱਚ ਜਮ੍ਹਾ ਹੁੰਦੀ ਹੈ ਅਤੇ ਫਿਰ ਇਸਨੂੰ ਬਿਜਲੀ ਵਿੱਚ ਬਦਲਿਆ ਜਾਂਦਾ ਹੈ। ਇਸ ਨਾਲ ਚਾਰਜ ਹੋਣ ਵਾਲੇ ਉਪਕਰਨ ਨੂੰ ਸਤ੍ਹਾ ਤੋਂ 17 ਸੇਮੀ ਉਪਰ ਰੱਖਿਆ ਜਾ ਸਕਦਾ ਹੈ। ਪਾਵਰ ਸਿਟ੍ਰਪ ਨੂੰ ਸੜਕ ਦੇ ਪੰਜ ਤੋਂ ਲੈਕੇ 15 ਪ੍ਰਤੀਸ਼ਤ ਹਿੱਸੇ ਵਿੱਚ ਹੀ ਸਥਾਪਿਤ ਕੀਤਾ ਜਾਵੇਗਾ ਅਤੇ ਇਸਦੇ ਲਈ ਪੂਰੀ ਸੜਕ ਖੋਦਣ ਦੀ ਕੋਈ ਜ਼ਰੂਰਤ ਨਹੀਂ ਹੈ। ਖੋਜਕਾਰੀਆਂ ਦਾ ਕਹਿਣਾ ਹੈ ਕਿ ਇਲੈਂਕਟਰਿਕ ਸਾਧਨਾਂ ਦੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾ ਊਰਜਾ ਸੰਗ੍ਰਹੀਤ ਕਰਨ ਦੀ ਜ਼ਰੂਰਤ ਨਹੀਂ ਹੈ। ਇਸਦੀ ਬੈਟਰੀ ਵੀ ਆਮ ਬੈਟਰੀ ਨਾਲੋਂ ਤਿੰਨ ਗੁਣਾ ਛੋਟੀ ਹੋ ਸਕਦੀ ਹੈ। ਇਸ ਨਾਲ ਵਾਹਨ ਦਾ ਭਾਰ ਘੱਟ ਹੁੰਦਾ ਹੈ ਅਤੇ ਬਿਜਲੀ ਦੇ ਉਤਪਾਦਨ ਦੇ ਸਮੇਂ ਕਾਰਬਨ ਡਾਈਅਕਸਾਈਡ ਦਾ ਨਿਕਾਸ ਘਟਦਾ ਹੈ। ਇਹਨਾਂ ਵਾਹਨਾਂ ਨੂੰ ਚਾਰਜ ਕਰਨ ਦੇ ਲਈ ਇਹ ਪਹਿਲਾਂ ਪ੍ਰਾਜੈਕਟ ਹੈ ਪਰ ਦੁਨੀਆ ਵਿੱਚ ਵਾਹਨਾਂ ਨੂੰ ਰਿਚਾਰਜ ਕਰਨ ਲਈ ਹੋਰ ਕਈ ਪ੍ਰਾਜੈਕਟ ਵੀ ਚਲ ਰਹੇ ਹਨ।

ਊਰਜਾ ਇਕੱਠੀ ਕਰਨੀ ਇਟਲੀ ਦੇ ਟੋਰਿਨੋ ਅਤੇ ਨੀਦਰਲੈਂਡ ਦੇ ਯੂਟ੍ਰੇਚਟ ਵਿੱਚ ਵੀ ਕੁਝ ਬੱਸ ਸਟਾਪ 'ਤੇ ਬੇਤਾਰ ਚਾਰਜਿੰਗ ਉਪਕਰਨ ਲਗਵਾਏ ਗਏ ਹਨ।

ਇੱਥੇ ਚਾਲਕ ਕੁਝ ਦੇਰ ਵਾਹਨ ਨੂੰ ਰੋਕ ਕੇ ਚਾਰਜ ਕਰ ਸਕਦਾ ਹੈ। ਅਮਰੀਕਾ ਦੀ ਉਟਾਹ ਸਟੇਟ ਯੂਨੀਵਰਸਿਟੀ ਦੀ ਇਕ ਸੰਸਥਾ ਬੱਸ ਦੇ ਲਈ ਮੂਲ ਰੂਪ ਵਿੱਚ ਕੰਮ ਕਰ ਰਹੀ ਹੈ। ਜੋ 90 ਪ੍ਰਤੀਸ਼ਤ ਤੋਂ ਜ਼ਿਆਦਾ ਪਾਵਰ ਟ੍ਰਾਂਸਮਿਸਨ ਇਫਸ਼ੰਸੀ ਪ੍ਰਾਪਤ ਕਰ ਸਕਦੀ ਹੈ। ਇਸ ਤਕਨੀਕ ਨੂੰ ਕਾਰਾਂ ਵਿੱਚ ਵੀ ਪ੍ਰਯੋਗ ਕਰਨ ਬਾਰੇ ਵਿਚਾਰ ਚੱਲ ਰਿਹਾ ਹੈ। ਲੰਦਨ ਵਿੱਚ ਕੰਪਿਊਟਰ ਚਿਪ ਬਣਾਉਣ ਵਾਲੀ ਕੰਪਨੀ ਕਵਾਲਕੱਮ ਇਸ ਦਿਸ਼ਾ ਵਿੱਚ ਕੰਮ ਕਰ ਰਹੀ ਹੈ।

ਮਾਹਰ ਅਸ਼ਿਵਨ ਚੋਟਈ ਦਾ ਕਹਿਣਾ ਹੈ ਕਿ ਦੱਖਣੀ ਕੋਰੀਆ ਦੀ ਇਸ ਉਤਸ਼ਾਹਪੂਰਨ ਯੋਜਨਾ ਨੂੰ ਆਮ ਵਰਤੋਂ ਵਿੱਚ ਲਿਆਉਣ ਲਈ ਅਜੇ ਕਈ ਸਾਲ ਲੱਗਣਗੇ। ਉਹਨਾਂ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਅਜਿਹੀਆਂ ਸੜਕਾਂ ਦਾ ਜਾਲ ਵਿਛਾਉਣ ਲਈ ਕਾਫ਼ੀ ਕਈ ਸਾਲ ਲੱਗਣਗੇ। ਅਜੇ ਤਾਂ ਇਹ ਇੱਕ ਸਜਾਵਟੀ ਤਕਨੀਕ ਲੱਗ ਰਹੀ ਹੈ।






# ਬਲੱਡ ਵਿਚ ਟਿਊਮਰ ਸੇਲਸ ਕੈਪਚਰ (ਪਕੜ) ਕਰੇਗੀ ਮਾਇਕ੍ਰੋਚਿਪ

ਚੀਨ ਦੇ ਵਿਗਿਆਨਿਆਂ ਨੇ ਇੱਕ ਅਜਿਹਾ ਮਾਇਕ੍ਰੋਚਿਪ ਬਣਾਇਆ ਹੈ ਜਿਹੜਾ ਮਰੀਜ ਦੇ ਸਰੀਰ ਵਿੱਚ ਇੰਜੈਕਸ਼ਨ ਦਿੱਤੇ ਜਾਣ ਤੋਂ ਬਾਅਦ ਖ਼ੂਨ ਵਿੱਚ ਘੁਲੇ ਟਿਊਮਰ ਸੈੱਲਸ ਨੂੰ ਪਕੜ ਲਵੇਗੀ। ਇਸ ਨਵੇਂ ਸਿਸਟਮ ਵਿੱਚ 90 ਪ੍ਰਤੀਸ਼ਤ ਤੋਂ ਜ਼ਿਆਦਾ ਟਿਊਮਰ ਸੈੱਲਸ ਨੂੰ ਖ਼ੂਨ ਤੋਂ ਵੱਖ ਕੀਤਾ ਜਾ ਸਕਦਾ ਹੈ। ਇਸ ਖੋਜ ਨੂੰ ਕੈਂਸਰ ਦੀ ਸਕ੍ਰੀਨਿੰਗ ਅਤੇ ਇਲਾਜ ਦੀ ਦਿਸਾ ਵਿੱਚ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਪ੍ਰੱਤਖ ਹੈ ਕਿ ਖ਼ੂਨ ਵਿੱਚ ਘੁਲੇ ਟਿਊਮਰ ਸੈੱਲਸ ਦੁਆਰਾ ਕੈਂਸਰ ਹੋਣ ਵਾਲੀ ਜਗ੍ਹਾ ਤੋਂ ਬੀਮਾਰੀ ਦੇ ਦੂਸਰੇ ਅੰਗਾਂ ਤੱਕ ਪਹੁੰਚ ਸਕਦੀ ਹੈ।



**ਵਰਤਮਾਨ ਟੈਕਨਾਲਜੀ ਸਲੋ :** ਖ਼ੂਨ ਵਿੱਚ ਕੈਂਸਰ ਸੈੱਲਸ ਨੂੰ ਲੱਭਣ ਕਰਨ ਵਾਲੀਆਂ ਹੁਣ ਜੋ ਵੀ ਤਕਨੀਕਾਂ ਮੌਜੂਦ ਹਨ, ਉਹਨਾਂ ਦੀਆਂ ਆਪਣੀਆਂ ਘਾਟਾਂ ਹਨ। ਮਸਲਨ ਇਹ ਟਿਊਮਰ ਸੈੱਲਸ ਅਤੇ ਡਬਲਯੂਬੀਸੀ ਵਿੱਚ ਫਰਕ ਨਹੀਂ ਕਰ ਸਕੀ। ਇਸਦੇ ਇਲਾਵਾ ਡਿਟੇਕਟ ਕਰਨ ਦੀ ਤਕਨੀਕ ਵਿੱਚ ਕਾਫੀ ਹੌਲੀ ਹੈ। ਇਸ ਵਿੱਚ ਇਹ ਚਿਪ ਟਿਊਮਰ ਦੇ ਡਿਟੇਕਸ਼ਨ ਨੂੰ ਤੇਜ ਬਣਾਉਣ ਵਿੱਚ ਸਮਰੱਥ ਹੈ।

**ਬੇਹੱਦ ਮਹੱਤਵਪੂਰਨ ਹੈ ਇਹ ਖੋਜ :** ਬਲੱਡ ਵਿੱਚ ਮੌਜੂਦ ਟਿਊਮਰ ਸੈੱਲਸ਼ ਦੀ ਵਾਸਤਵਿਕ ਸੰਖਿਆ ਦੀ ਜਾਣਕਾਰੀ ਮਿਲਣ ਵਿੱਚ ਵਿਗਿਆਨਿਕ ਕੈਂਸਰ ਦੀ ਗੰਭੀਰਤਾ ਦਾ ਅਸਾਨੀ ਨਾਲ ਪਤਾ ਲਗਾਅ ਸਕਦੇ ਹਨ।

ਅਜਿਹਾ ਇਸ ਲਈ ਕਿਉਂਕਿ ਖ਼ੂਨ ਵਿੱਚ ਘੁਲੇ ਇਨਾਂ ਟਿਊਮਰ ਸੇਲਸ ਦਾ ਸਿਧਾ ਸੰਬੰਧ ਬੀਮਾਰੀ ਨੂੰ ਵਧਾਉਣ ਜਾਂ ਮਰੀਜ਼ ਨੂੰ ਬਚਾਉਣ ਦੀਆਂ ਉਮੀਦਾਂ ਨਾਲ ਹੈ। ਇਸ ਤਕਨੀਕ ਨੂੰ ਕੈਂਸਰ ਟਿਊਮਰ ਦੀ ਡਾਇਲਿਸਿਸ (ਨਿਤਾਰਨਾ) ਦੇ ਤੌਰ ਤੇ ਵੀ ਦੇਖਿਆ ਜਾ ਰਿਹਾ ਹੈ।

## * ਹਰ ਤਕਲੀਫ ਤੇ ਗੋਲੀ ਖਾਣਾ, ਇਹ ਆਦਤ ਖਤਰਨਾਕ ਹੈ

ਸਿਰ ਦਰਦ ਹੋ ਜਾਂ ਸਰੀਰਕ ਦਰਦ, ਕੋਈ ਵੀ ਗੋਲੀ ਲੈਕੇ ਅਸੀਂ ਆਪਣੇ ਲਈ ਇਲਾਜ ਲੱਭ ਲੈਂਦੇ ਹਾਂ। ਇਹ ਸਾਡਾ ਲਾਇਫਸਟਾਇਲ ਹੀ ਬਣ ਗਿਆ ਹੈ। ਪਰ ਹੈਲਥ ਮਾਹਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਤੁਸੀਂ ਆਪਣੇ ਲਈ ਇੱਕ ਵੱਡੀ ਹੈਲਥ ਸਮੱਸਿਆ ਨੂੰ ਸੱਦਾ ਦੇ ਦਿੰਦੇ ਹੋ। ਇਸ ਹਰ ਤਕਲੀਫ 'ਤੇ ਬਿਨਾਂ ਡਾਕਟਰ ਦੀ ਸਲਾਹ ਤੋਂ ਗੋਲੀ ਲੈਣਾ ਚੰਗੀ ਆਦਤ ਨਹੀਂ ਹੈ। ਬਹੁਤ ਸਿਰ ਦਰਦ ਹੋ ਰਿਹਾ ਹੈ? ਚੱਲੋ ਇੱਕ ਦਰਦ ਨਾਸ਼ਕ ਲੈ ਲੈਂਦੇ ਹਾਂ ਅਤੇ ਵਾਪਸ ਕੰਮ 'ਤੇ ਲੱਗ ਜਾਂਦੇ ਹਨ....ਹਲਕਾ ਬੁਖਾਰ ਹੈ ਅਤੇ ਖੰਘ-ਜੁਕਾਮ ਵੀ ਇਸ ਗੋਲੀ ਨੂੰ ਤਾਂ ਸਾਰੇ ਲੈਂਦੇ ਹਨ, ਤੁਸੀਂ ਵੀ ਲਈ ਅਤੇ ਗੱਲ ਖ਼ਤਮ।



ਪਰ ਕੀ ਸੱਚੀ ਇੱਥੇ ਹੀ ਗੱਲ ਖ਼ਤਮ ਹੋ ਜਾਂਦੀ ਹੈ? ਜਿਹਨਾਂ ਤਕਲੀਫਾਂ ਵਿੱਚ ਤੁਸੀਂ ਡਾਕਟਰ ਦੀ ਸਲਾਹ ਤੋਂ ਬਿਨਾ ਦਵਾਈ ਲੈਂਦੇ ਹੋ, ਇਸ ਤਰ੍ਹਾਂ ਕਰਨ ਨਾਲ ਬਾਅਦ ਵਿੱਚ ਤੁਹਾਨੂੰ ਕਾਫੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਬਾਰੇ ਵਿੱਚ ਡਾਕਟਰ ਰੋਸਨੀ ਸੇਠੀ ਦਾ ਕਹਿਣਾ ਹੈ, 'ਓਵਰ ਦਾ ਕਾਉਂਟਰ (ਓਟੀਸੀ) ਜਾਂ ਨਾਨਪ੍ਰਿਸਿਕ੍ਰਪਸ਼ਨ ਡ੍ਰਗਸ ਉਦੋਂ ਹੀ ਠੀਕ ਹਨ ਜਦ ਉਹਨਾਂ ਨੂੰ ਠੀਕ ਉਸੇ ਤਰ੍ਹਾਂ ਹੀ ਲਇਆ ਜਾਵੇ ਜਿਸ ਤਰ੍ਹਾਂ ਹਿਦਾਇਤਾਂ ਲੇਬਲ 'ਤੇ ਨੋਟ ਹੋਣ। ਦਰਦ ਵਿੱਚ ਰਿਲੀਫ ਦੇ ਨਾਲ ਹੀ ਉਸਦੇ ਸਾਈਡਇਫੇਕਟਸ ਵੀ ਹੋ ਸਕਦੇ ਹਨ। ਦਿਲ ਜਲਣ ਦਾ ਕਾਰਨ ਤੱਕ ਬਣ ਸਕਦੀ ਹੈ। ਜੇਕਰ ਤੁਸੀਂ ਓਟੀਸੀ ਗੋਲੀਆਂ ਦਾ ਗਲਤ ਇਸਤੇਮਾਲ ਕੀਤਾ ਹੈ ਤਾਂ ਤੁਹਾਨੂੰ ਸਟਮਕ ਅਲਸਰ, ਕਿਡਨੀ ਡੇਮੇਜ, ਲੀਵਰ ਡੇਮੇਜ ਅਤੇ ਹਰਟ ਅਟੈਕ ਵੀ ਹੋ ਸਕਦਾ ਹੈ।'



ਮਾਹਰ ਡਾਕਟਰਾਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਮਾਮਲਿਆਂ ਵਿੱਚ ਸਮੱਸਿਆ ਤਦ ਸ਼ੁਰੂ ਹੁੰਦੀ ਹੈ ਜਦੋਂ ਲੋਕ ਖੁਦ ਹੀ ਆਪਣਾ ਇਲਾਜ ਕਰਨਾ ਸ਼ੁਰੂ ਕਰ ਦਿੰਦੇ ਹਨ। ਓਵਰ ਦ ਕਾਊਂਟਰ ਪਿਲਸ ਦੇ ਬਿਨਾ ਕਿਸੀ ਪ੍ਰਿਸਿਕਪਸ਼ਨ ਆਸਾਨੀ ਨਾਲ ਉਪਲੱਬਧ ਹੋਣਾ ਵੀ ਇਡਿਕਸ਼ਨ ਦਾ ਦੂਸਰਾ ਕਾਰਨ ਹੈ। ਕਈ ਵਾਰ ਲੋਕਾਂ ਦੇ ਸਾਇਡ ਇਫੈਕਟ ਇਗਨੋਰ ਕਰ ਦੇਣਾ ਵੀ ਇਸ ਇਡਿਕਸ਼ਨ ਨੂੰ ਹੋਰ ਵਧਾਉਂਦਾ ਹੈ। ਜਦ ਤੁਸੀਂ ਸਲੀਪਿੰਗ ਪਿਲਸ ਅਤੇ ਇੰਟੀਬਾਅਟਿਕ ਆਪਣੀ ਮਰਜੀ ਨਾਲ ਲੈਂਦੇ ਹੋ ਤਾਂ ਇਹ ਤੁਹਾਡੇ ਲਈ ਬਹੁਤ ਨੁਕਸਾਨਦੇਹ ਹੋ ਸਕਦਾ ਹੈ। ਖਾਸ ਤੌਰ 'ਤੇ ਜਦ ਤੁਹਾਨੂੰ ਨਹੀਂ ਪਤਾ ਕਿ ਕਿਹੜੇ ਸਪੇਸਿਫਿ ਦਾ ਕੰਪਾਉਡ ਕਿਸਦੇ ਜਰੀਏ ਤੁਸੀਂ ਲੈ ਰਹੇ ਹੋ, ਇਸਦੀ ਕਿੰਨੀ ਡੋਜ ਦੀ ਤੁਹਾਨੂੰ ਜ਼ਰੂਰਤ ਹੈ ਜਾਂ ਫਿਰ ਕਿੰਨੇ ਸਮੇਂ ਤੱਕ ਤੁਸੀਂ ਇਹ ਦਵਾਈ ਲੈਣੀ ਹੈ। ਇਸ ਬਾਰੇ ਵਿੱਚ ਮਾਹਰ ਡਾ. ਰਮਨਦੀਪ ਦਾ ਮੰਨਣਾ ਹੈ ਕਿ ਦਵਾਈਆਂ ਦੇ ਨਾਮ ਦੀ ਗੜਬੜ ਨਾਲ ਤੁਸੀਂ ਗਲਤ ਦਵਾਈ ਲੈਂਦੇ ਹੋ ਅਤੇ ਇਹ ਤੁਹਾਨੂੰ ਜ਼ਿਆਦਾ ਬੀਮਾਰ ਕਰ ਦਿੰਦੀ ਹੈ। ਉਹਨਾਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਪੇਨਕਿਲਰਸ ਵਿੱਚ ਏਸਿਟਾਮਿਨੋਨੀ ਹੁੰਦਾ ਹੈ। ਜੇਕਰ ਇਸਦੀ ਜ਼ਿਆਦਾ ਮਾਤਰਾ ਲੈ ਲਈ ਜਾਵੇ ਤਾਂ ਲੀਵਰ ਫੇਲ ਹੋ ਸਕਦਾ ਹੈ। ਕੁਝ ਪੇਨਕਿਲਰਸ ਕਿਡਨੀ ਡੇਮੇਜ, ਕਬਜ, ਗੈਸ ਅਤੇ ਪੇਪਟਿਕ ਅਲਸਰ ਡਿਜੀਜ ਦਾ ਕਾਰਨ ਵੀ ਹੋ ਸਕਦੀ ਹੈ।'





**ਸਮੱਸਿਆ ਹੈ ਬਹੁਤ** : ਜੇਕਰ ਔਰਤਾਂ ਪਿਲਸ ਏਡਿਕਟ ਹੈ, ਤਾਂ ਅੱਗੇ ਚੱਲਕੇ ਪੀਰਿਅਡ ਵਿੱਚ ਵੀ ਸਮੱਸਿਆ ਹੋ ਸਕਦੀ ਹੈ। ਆਪਣੀ ਮਰਜੀ ਨਾਲ ਪਿਲਸ ਦੀ ਵਰਤੋਂ ਦੇ ਕਾਰਨ ਪੇਟ ਦਰਦ, ਕੰਨਾਂ ਵਿੱਚ ਰਿਗਿੰਗ ਦਾ ਅਹਿਸਾਸ, ਬਲੱਡ ਦੀ ਗੜਬੜ, ਸਟਮਕ ਅਪਸਿਟ, ਲੀਵਰ ਸਮੱਸਿਆ, ਵਾਲਾਂ ਦਾ ਟੁੱਟਣਾ ਅਤੇ ਨੀਂਦ ਨਾ ਆਉਣ ਵਾਲੇ ਬੁਰੇ ਪ੍ਰਭਾਵ ਵੀ ਹੋ ਸਕਦੇ ਹਨ।

## * ਸਿਹਤਮੰਦ ਭੋਜਨ ਤੋਂ ਦੂਰ ਜਾ ਰਿਹਾ ਦੇਸ਼

ਜੈਤੂਨ ਦੇ ਤੇਲ, ਦਾਲਾਂ, ਸਬਜ਼ੀਆਂ, ਫਲਾਂ ਅਤੇ ਮੇਵਿਆਂ ਵਾਲਾ ਮੈਡੀਟੇਰੀਅਨ ਖਾਣਾ ਸਹਿਤ ਦੇ ਲਈ ਚੰਗਾ ਮੰਨਿਆ ਜਾਂਦਾ ਹੈ। ਇਸ ਵਿੱਚ ਕਾਰਬੋਹਾਈਡ੍ਰੇਟ ਅਤੇ ਫਾਈਬਰ ਦਾ ਚੰਗਾ ਸੰਤੁਲਨ ਹੁੰਦਾ ਹੈ। ਮੱਛੀ, ਥੋੜ੍ਹੇ ਮਾਂਸ ਅਤੇ ਦੁੱਧ ਨਾਲ ਬਣੀਆਂ ਖਾਣ ਪੀਣ ਦੀਆਂ ਚੀਜ਼ਾਂ ਦੀ ਸੀਮਿਤ ਮਾਤਰਾ ਦੇ ਕਾਰਣ ਇਹ ਸੰਤੁਲਿਤ ਹੋ ਜਾਂਦਾ ਹੈ। ਇਸ ਤਰ੍ਹਾਂ ਦਾ ਖਾਣਾ ਨਾ ਕੇਵਲ ਦਿਲ ਦੇ ਰੋਗਾਂ ਨੂੰ ਦੂਰ ਰੱਖਦਾ ਹੈ ਬਲਕਿ ਮੋਟਾਪੇ ਅਤੇ ਡਾਈਬੀਟੀਜ ਨੂੰ ਵੀ ਘੱਟ ਕਰ ਸਕਦਾ ਹੈ। ਸਪੇਨ ਦੇ ਨਾਵਰਾ ਵਿੱਚ ਇੱਕ ਖੋਜ ਵਿੱਚ ਸਾਹਮਣੇ ਆਇਆ ਕਿ ਮੈਡੀਟੇਰੀਅਨ ਖਾਣ ਨਾਲ ਦਿਮਾਗ ਤੇਜ਼ ਹੁੰਦਾ ਹੈ ਅਤੇ ਘੱਟ ਚਰਬੀ ਦੇ ਕਾਰਣ ਧਮਨੀਆਂ ਵਿੱਚ ਚਰਬੀ ਜੰਮਣ ਦੀ ਸਮੱਸਿਆ ਵੀ ਘੱਟ ਹੁੰਦੀ ਹੈ। ਜੋ ਦੇਸ਼ ਸਿੱਧੇ ਸਿੱਧੇ ਇਸ ਤਰ੍ਹਾਂ ਦੇ ਭੋਜਨ ਨਾਲ ਜੁੜਿਆ ਹੈ ਉਨ੍ਹਾਂ ਵਿੱਚ ਤੰਦਰੁਸਤੀ ਵੀ ਹੈ। ਪਰ ਆਧੁਨਿਕ ਪੀੜ੍ਹੀ ਇਸ ਭੋਜਨ ਤੋਂ ਹੌਲੀ ਹੌਲੀ ਦੂਰ ਜਾ ਰਹੀ ਹੈ।

**ਬਦਲਦੇ ਦੌਰ ਦਾ ਮੌਸਮ** : ਇਟਲੀ ਇੱਕ ਅਜਿਹਾ ਦੇਸ਼ ਹੁੰਦਾ ਸੀ ਜਿੱਥੇ ਲੰਚ ਬ੍ਰੇਕ ਤਿੰਨ ਘੰਟਿਆਂ ਦਾ ਹੁੰਦਾ ਸੀ। ਘਰ ਵਿੱਚ ਮਾਂ ਐਨਾਂ ਸੁਆਦੀ ਖਾਣਾ ਪਕਾਉਂਦੀ। ਗੁਇਲੋ ਮਾਕੈਸਿਨੀ ਕਹਿੰਦੇ ਹਨ ਕਿ ਹੁਣ ਇਹ ਸੁਆਦੀ ਅਤੇ ਪੌਸ਼ਟਿਕ ਭੋਜਨ ਨਹੀਂ ਮਿਲਦੇ। ਬੋਲੋਨੀਆ ਯੂਨੀਵਰਸਿਟੀ ਦੇ ਮੈਡੀਕਲ ਕਲੀਨਿਕ ਵਿੱਚ ਖਾਣ ਪੀਣ ਨਾਲ ਜੁੜੀਆਂ ਬਿਮਾਰੀਆਂ ਦੇ ਪ੍ਰਮੁੱਖ ਮਾਕੈਸਿਨੀ ਕਹਿੰਦੇ ਹਨ, "ਇਹ ਬਦਲ ਗਿਆ ਕਿਉਂਕਿ ਵਕਤ ਬਦਲ ਗਿਆ ਹੈ।" ਉਹ ਦੱਸਦੇ ਹਨ ਕਿ ਕਿਵੇਂ ਹੈ, ਉਸਦੇ ਕੋਲ ਭੋਜਨ ਦੇ ਲਈ ਕੋਈ ਵਕਤ ਨਹੀਂ, "ਕਦੇ ਕਦੇ ਅਸੀਂ ਖੜ੍ਹੇ ਖੜ੍ਹੇ ਭੋਜਨ ਖਾਦੇ ਹਾਂ ਅਤੇ ਕਦੇ ਨਾਲ ਹੀ ਕੰਪਿਊਟਰ 'ਤੇ ਵੀ ਕੁਝ ਕਰ ਰਹੇ ਹੁੰਦੇ ਹਾਂ ਜਾਂ ਪੜ੍ਹ ਰਹੇ ਹੁੰਦੇ ਹਾਂ।" ਉਹ ਇਹ ਵੀ ਕਹਿੰਦੇ ਹਨ ਕਿ ਇਟਲੀ ਵਿੱਚ ਹੁਣ ਲੋਕ ਡਿੱਬਾਬੰਦ ਭੋਜਨ ਦਾ ਇਸਤੇਮਾਲ ਪਹਿਲਾ ਤੋਂ ਜ਼ਿਆਦਾ ਕਰਨ ਲੱਗੇ ਹਨ।

**ਰੋਲ ਮਾਡਲ ਨਹੀਂ** : ਆਧੁਨਿਕ ਇਟਲੀ ਮੋਟਾਪੇ ਤੋਂ ਪਰੇਸ਼ਾਨ ਹੈ ਅਤੇ ਡਾਇਬੀਟੀਜ਼ ਵੀ ਲਗਾਤਾਰ ਵਧ ਰਹੀ ਹੈ, "ਬੱਚਿਆਂ ਵਿੱਚ ਮੋਟਾਪੇ ਦੇ ਮਾਮਲੇ ਵਿੱਚ ਇਟਲੀ ਯੂਰਪ ਵਿੱਚ ਸਭ ਤੋਂ ਉਪਰ ਹੈ ਅਤੇ ਇਹ ਇਸ ਲਈ ਚਿੰਤਾਜਨਕ ਹੈ ਕਿਉਂਕਿ ਬੱਚਿਆਂ ਦਾ ਮੋਟਾਪਾ ਵੱਡੇ ਹੋਣ 'ਤੇ ਵੀ ਬਣਿਆ ਰਹਿੰਦਾ ਹੈ।" ਜ਼ਿਆਦਾਤਰ ਇਤਾਲਵੀ ਜੈਤੂਨ ਦਾ ਤੇਲ, ਪਾਸਤਾ ਅਤੇ ਸਬਜ਼ੀਆਂ ਜ਼ਿਆਦਾ ਖਾਦੇ ਹਨ ਪਰ ਸਿਹਤਮੰਦ ਮੈਡੀਟੇਰੀਅਨ ਭੋਜਨ ਤੋਂ ਦੂਰ ਹਨ। ਹੁਣ ਜਲਦੀ ਨਾਲ ਬਣਨ ਵਾਲਾ ਹੈਮ (ਪੱਟ ਦਾ ਮਾਸ), ਸਲਾਮੀ ਆਦਿ ਚੀਜ਼ਾਂ ਜ਼ਿਆਦਾ ਖਾਦੀਆਂ ਜਾਂਦੀਆਂ ਹਨ। ਉਤਰੀ ਇਟਲੀ ਵਿੱਚ ਖਾਸ ਕਰਕੇ ਲੋਕ ਪਾਰਕ, ਬੀਫ ਜਾਂ ਜਾਨਵਰਾਂ ਦਾ ਮਾਸ ਬਹੁਤ ਜ਼ਿਆਦਾ ਖਾਣ ਲੱਗੇ ਹਨ।

**ਸਿਹਤ ਨੂੰ ਫਾਇਦਾ** : ਪਿਛਲੇ ਇੱਕ ਦਹਾਕੇ ਵਿੱਚ ਹੋ ਰਹੀਆਂ ਨਵੀਆਂ ਖੋਜਾਂ ਲਗਾਤਾਰ ਫਾਇਦੇਮੰਦ ਮੈਡੀਟੇਰੀਅਨ ਖਾਣੇ ਦੀ ਗੱਲ ਕਰ ਰਹੀਆਂ ਹਨ ਕਿ ਇਸ ਨਾਲ ਅਲਜਾਈਮਰ, ਪਾਰਕਿਸਨਸ, ਕੋਰੋਨਰੀ ਹਾਰਟ ਬਿਮਾਰੀਆਂ ਜਾਂ ਦਿਲ ਦਾ ਦੌਰਾਂ ਨਹੀਂ ਪੈਂਦਾ ਅਤੇ ਕੈਂਸਰ ਦਾ ਡਰ ਵੀ ਦੂਰ ਹੋ ਜਾਂਦਾ ਹੈ। ਇਸ ਸਾਲ ਦੀ ਸ਼ੁਰੂਆਤ ਵਿੱਚ ਇੰਗਲੈਂਡ ਦੇ ਵੈਸਟਰਸ ਸਸੈਕਸ ਹਸਪਤਾਲ ਨੇ ਉਨ੍ਹਾਂ 20 ਸੋਧਾਂ ਦੇ ਨਤੀਜਿਆਂ ਦਾ ਤੁਲਨਾਤਮਕ ਅਧਿਐਨ ਕੀਤਾ। ਇਸ ਵਿੱਚ ਸੱਤ ਤਰ੍ਹਾਂ ਦੇ ਖਾਣਿਆਂ ਦੇ ਬਾਰੇ ਵਿੱਚ ਜਾਣਕਾਰੀ ਲਈ ਗਈ ਅਤੇ ਮੈਡੀਟੇਰੀਅਨ ਭੋਜਨ ਨੂੰ ਸਭ ਤੋਂ ਚੰਗਾ ਮੰਨਿਆ ਗਿਆ।

## ਜੀਵਨੀ ਸ਼ਹੀਦ ਭਗਤ ਸਿੰਘ

ਲੇਖਕ: ਮਲਵਿੰਦਰਜੀਤ ਸਿੰਘ ਵੜੈਚ, ਸਫ਼ੇ: 140, ਮੁੱਲ: 80 ਰੁਪਏ,




ਅਮਰ ਸ਼ਹੀਦ ਸਰਦਾਰ ਭਗਤ ਸਿੰਘ ਦੇ ਜੀਵਨ 'ਤੇ ਡੇਢ ਸੌ ਤੋਂ ਵੀ ਵੱਧ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ; ਜਿੰਨ੍ਹਾਂ ਦਾ ਜਿੱਥੇ ਨਾਟਕੀ ਰੂਪਾਂਤਰਣ ਕਰਕੇ ਰੰਗ-ਮੰਚ ਦਾ ਸ਼ਿੰਗਾਰ ਬਣਾਇਆ ਗਿਆ ਹੈ, ਉੱਥੇ ਵੱਡੇ ਬੱਜਟ ਵਾਲੀਆਂ ਫਿਲਮਾਂ ਦਾ ਨਿਰਮਾਣ ਵੀ ਕੀਤਾ ਜਾ ਚੁੱਕਾ ਹੈ। ਹਰ ਇੱਕ ਲੇਖਕ ਅਥਵਾ ਖੋਜ ਕਰਤਾ ਨੇ ਆਪੋ-ਆਪਣੇ ਜ਼ਾਵੀਏ ਜਾਂ ਦ੍ਰਿਸ਼ਟੀਕੋਣ ਮੁਤਾਬਕ ਇਸ ਸੱਚੇ-ਸੁੱਚੇ ਅਤੇ ਸਿਰੜੀ ਨੌਜਵਾਨ ਦੇ ਸਿਰਫ ਤੇਈ ਸਾਲਾ ਜੀਵਨ-ਸਫ਼ਰ ਦੀਆਂ ਵੱਖੋ-ਵੱਖਰੀਆਂ ਚੂੰਡਾਂ ਦੀ ਫੋਲਾ-ਫਾਲੀ ਕਰਨ ਦਾ ਉਪਰਾਲਾ ਕੀਤਾ ਹੈ, ਬੇਸ਼ਕ ਜ਼ਿਆਦਾਤਰ ਧਿਆਨ ਉਸ ਦੇ ਵਿਸ਼ਾਲ ਅਧਿਐਨ ਅਤੇ ਬੌਧਿਕ ਪੱਧਰ ਨੂੰ ਚਿਤਰਣ ਵੱਲ ਕੇਂਦਰਤ ਕਰੀ ਰੱਖਿਆ ਹੈ।

ਮਲਵਿੰਦਰਜੀਤ ਸਿੰਘ ਵੜੈਚ ਦੁਆਰਾ ਰਚਿਤ 'ਜੀਵਨੀ ਸ਼ਹੀਦ ਭਗਤ ਸਿੰਘ' ਇਸ ਸਭ ਕਾਸੇ ਤੋਂ ਹੱਟ ਕੇ ਲਿਖੀ ਗਈ ਹੈ। ਪੁਸਤਕ ਵਿੱਚ, ਸਰਦਾਰ ਭਗਤ ਸਿੰਘ ਦੁਆਰਾ ਆਜ਼ਾਦੀ ਦੇ ਸੰਘਰਸ਼ ਵਿੱਚ ਪਾਏ ਯੋਗਦਾਨ ਦੇ ਨਾਲ ਨਾਲ, ਉਸ ਦੇ ਨਿੱਜੀ ਜੀਵਨ (ਦਲੇਰੀ, ਗੰਭੀਰਤਾ, ਪਹਿਰਾਵਾ, ਖਾਣ-ਪਾਣ, ਹਾਸ-ਰਸ ਆਦਿ) ਨਾਲ ਜੁੜੀਆਂ ਅਨੇਕਾਂ ਘਟਨਾਵਾਂ ਨੂੰ, ਥਾਂ ਸਿਰ ਰੱਖਦਿਆਂ ਜਿਸ ਦਿਲਚਸਪ ਢੰਗ ਨਾਲ ਅਭਿਵਿਅਕਤ ਕੀਤਾ ਹੈ, ਉਹ ਲਾ-ਮਿਸਾਲ ਹੈ। ਪਹਿਲਾਂ ਪ੍ਰਕਾਸ਼ਤ ਹੋ ਚੁੱਕੀਆਂ ਪੁਸਤਕਾਂ ਵਿੱਚੋਂ 'ਹਵਾਲੇ ਤੇ ਟਿੱਪਣੀਆਂ' ਦੇ ਆਧਾਰ 'ਤੇ ਹੀ ਡੰਗ ਨਹੀਂ ਸਾਰਿਆ ਗਿਆ, ਬਲਕਿ ਵੜੈਚ ਨੇ ਲੰਮੇ ਚਿੰਤਨ ਉਪਰੰਤ ਨਿੱਜੀ ਅਨੁਭਵ ਦੇ ਆਧਾਰ 'ਤੇ ਇਹ ਖੋਜ-ਕਾਰਜ ਨੇਪਰੇ ਚਾੜ੍ਹ ਲੈਣ ਵਿੱਚ ਸਫਲਤਾ ਹਾਸਿਲ ਕੀਤੀ ਹੈ। ਦਾਦਾ ਅਰਜਨ ਸਿੰਘ, ਪਿਤਾ ਕਿਸ਼ਨ ਸਿੰਘ, ਮਾਤਾ ਵਿਦਿਆਵਤੀ, ਭਾਣਜਾ ਪ੍ਰੋ. ਜਗਮੋਹਨ ਸਿੰਘ, ਭੈਣ ਬੀਬੀ ਅਮਰ ਕੌਰ ਦੇ ਨਾਲ ਨਾਲ ਉਸ ਦੇ ਦੇਸ਼-ਭਗਤ ਸਾਥੀਆਂ ਜਾਂ ਸਹਿਯੋਗੀਆਂ-ਯਸ਼ਪਾਲ, ਦੁਰਗਾ ਭਾਬੀ, ਭਗਵਤੀ ਚਰਣ ਵੋਹਰਾ, ਸੁਖਦੇਵ, ਰਾਜਗੁਰੂ, ਰਾਜਾ ਰਾਮ ਸ਼ਾਸਤਰੀ, ਭਗਵਾਨ ਦਾਸ ਮਹੌਰ, ਵਿਸ਼ਵਨਾਥ ਵੈਸ਼ਮਪਾਇਨ, ਸ਼ਿਵ ਵਰਮਾ ਦੁਆਰਾ ਅੰਕਿਤ 'ਅੱਖੀਂ ਡਿੱਠੇ ਹਾਲ' ਨੂੰ ਆਪਣੀ ਲਿਖਤ ਦਾ ਜ਼ਰੀਆ ਬਣਾਇਆ ਹੈ। ਇਉਂ, ਇਹ ਇੱਕ ਸੰਪੂਰਣ ਜੀਵਨੀ ਹੋ ਨਿਬੜਦੀ ਹੈ। ਸਰਦਾਰ ਭਗਤ ਸਿੰਘ, ਉਸ ਦੇ ਪਰਿਵਾਰ ਅਤੇ ਸਾਥੀ ਸ਼ਹੀਦਾਂ ਦੀਆਂ ਮੌਲਿਕ ਤਸਵੀਰਾਂ ਨੇ ਇਸ ਜੀਵਨੀ ਨੂੰ ਹੋਰ ਵੀ ਅਲੋਕਾਰੀ ਦਿੱਖ ਪਰਦਾਨ ਕਰ ਦਿੱਤੀ ਹੈ। ਭਗਤ ਸਿੰਘ ਦੇ ਲਿਖੇ 'ਖ਼ਤ' ਵੀ ਇਸ ਇਤਿਹਾਸਕ ਦਸਤਾਵੇਜ਼ ਦਾ ਹਿੱਸਾ ਹੋ ਨਿਬੜੇ ਹਨ। 'ਛੇਵੇਂ ਦਰਿਆ' (ਨਸ਼ਿਆਂ) ਦਰਿਆ ਵਿੱਚ ਗੋਤੇ ਖਾ ਰਹੇ ਪੰਜਾਬ ਦੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਤੋਂ ਸਬਕ ਲੈਣਾ ਚਾਹੀਦਾ ਹੈ। ਸ਼੍ਰੀ ਵੜੈਚ ਦੀ ਇਸ ਘਾਲਣਾ ਨੂੰ ਸਲਾਮ।

## ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ

ਲੇਖਕ ਅਤੇ ਸੰਗ੍ਰਹਿ-ਕਰਤਾ:
• ਸਰਜੀਤ ਤਲਵਾਰ • ਸ਼ਿਖਾ ਸਿੰਗਲਾ
ਸਫ਼ੇ: 144, ਮੁੱਲ: 80 ਰੁਪਏ
ਪ੍ਰਕਾਸ਼ਕ: ਤਰਕਭਾਰਤੀ ਪ੍ਰਕਾਸ਼ਨ




ਅੰਧ-ਵਿਸ਼ਵਾਸਾਂ ਅਤੇ ਵਿਗਿਆਨਕ ਸੱਚਾਈਆਂ ਨੂੰ ਪਰਣਾਈਆਂ ਉਸਦੀਆਂ ਢੇਰ ਸਾਰੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। 'ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ' ਪੁਸਤਕ ਨੂੰ ਇਸ ਲੜੀ ਦੇ ਅਮਲੇ ਉਪਯੋਗੀ ਪੜਾਅ ਵਜੋਂ ਵਾਚਿਆ ਜਾ ਸਕਦਾ ਹੈ। ਹੱਥਲੀ ਪੁਸਤਕ ਰਾਹੀਂ 'ਗਰਭਧਾਰਣ ਤੋਂ ਲੈ ਕੇ ਬੱਚੇ ਦੇ ਪਾਲਣ-ਪੋਸ਼ਣ ਤੱਕ ਦੀ ਵਿਸਥਾਰ-ਸਹਿਤ ਤੱਥਗਤ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ; ਜੋ ਕਿ ਬੱਚੇ ਨੂੰ ਜਨਮ ਦੇ ਰਹੀਆਂ ਮਾਂਵਾਂ ਲਈ-ਅਤਿਅੰਤ ਮੌਹਤਵਪੂਰਣ ਸਿੱਧ ਹੋ ਸਕਦੀ ਹੈ। ਨਿੱਕੇ ਨਿੱਕੇ 34 ਅਧਿਆਏ ਹਨ, ਪਹਿਲਾਂ ਅਧਿਆਏ ਹੈ: 'ਆਓ! ਆਪਣੇ ਆਪ ਨੂੰ ਜਾਣੀਏ', ਜਿਸ ਵਿੱਚ ਮਰਦਾਂ ਦੇ ਪ੍ਰਜਨਣ ਅੰਗਾਂ ਅਤੇ ਔਰਤਾਂ ਦੀਆਂ ਜਣਨ-ਇੰਦਰੀਆਂ ਬਾਰੇ ਵਿਗਿਆਨਕ ਜਾਣਕਾਰੀ ਦਿੱਤੀ ਗਈ ਹੈ। ਇਸ ਉਪਰੰਤ, ਗਰਭ-ਅਵਸਥਾ ਵਿੱਚ 'ਬੱਚੇ ਦੇ ਵਾਧੇ ਦੀ ਕਿਰਿਆ' ਤੋਂ ਲੈ ਕੇ ਉਸ ਵਿੱਚ ਭਾਸ਼ਾ ਦੇ ਵਿਕਾਸ ਤੱਕ ਦਾ ਪੜਾਅ ਵਾਰ ਜ਼ਿਕਰ ਕੀਤਾ ਗਿਆ ਹੈ ਅਤੇ ਵਰ੍ਹਿਆਂ ਤੋਂ ਸਥਾਪਤ ਅਨੇਕਾਂ ਧਾਰਨਾਵਾਂ ਦਾ ਦਲੀਲਮਈ ਢੰਗ ਨਾਲ ਖੰਡਨ ਕਰਦਿਆਂ ਉਸਾਰੂ ਸੁਝਾਅ ਦਿੱਤੇ ਗਏ ਹਨ। ਸਿਹਤਮੰਦ ਗਰਭ ਲਈ ਅਜਿਹੇ ਮਹੱਤਵਪੂਰਣ ਸੁਝਾਅ ਏਨੀ ਸਰਲ ਤੇ ਸਾਦੀ ਭਾਸ਼ਾ ਵਿੱਚ ਇਸ ਤੋਂ ਪਹਿਲਾਂ ਘੱਟ ਹੀ ਦੇਖਣ-ਪੜ੍ਹਨ ਨੂੰ ਮਿਲੇ ਹਨ। ਪੋਸ਼ਣ, ਭੋਜਨ, ਨਸ਼ਾਖੋਰੀ, ਪਹਿਰਾਵੇ, ਸਿਜ਼ੇਰੀਅਨ, ਜੋੜੇ ਬੱਚਿਆਂ, ਡਿੰਬ ਗ੍ਰੰਥੀਆਂ, ਦੁੱਧ ਗ੍ਰੰਥੀਆਂ ਅਤੇ ਔਰਤਾਂ ਦੀਆਂ ਛਾਤੀਆਂ ਦੇ ਕੈਂਸਰ ਬਾਰੇ ਵੀ ਵਿਗਿਆਨਕ ਗੱਲਾਂ ਕੀਤੀਆਂ ਗਈਆਂ ਹਨ। 'ਬੱਚਾ ਕਦੋਂ ਜੰਮਿਆ ਜਾਵੇ?' ਅਧਿਆਏ ਵੀ ਮਹੱਤਵ-ਪੂਰਣ ਹੈ।

ਇਸ ਲਈ 'ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ' ਪੁਸਤਕ ਪੜ੍ਹਨ, ਵਾਚਣ ਅਤੇ ਸਾਂਭਣਯੋਗ ਹੈ। ਸਰਜੀਤ ਤਲਵਾਰ ਅਤੇ ਸ਼ਿਖਾ ਸਿੰਗਲਾ ਦੋਵੇਂ ਹੀ ਵਧਾਈ ਦੇ ਹੱਕਦਾਰ ਹਨ।

*- ਬਿਕਰਮਜੀਤ ਨੂਰ,*
*ਸੰਪਰਕ: 94640-76257*

## ਪੜ੍ਹਨਯੋਗ ਕਥਾ ਪੁਸਤਕ : ਖੁਸ਼ਕ ਅੱਖ ਦਾ ਖ਼ਾਬ

ਅਜਮੇਰ ਸਿੱਧੂ ਦਾ ਤੀਜਾ ਕਹਾਣੀ ਸੰਗ੍ਰਹਿ 'ਖੁਸ਼ਕ ਅੱਖ ਦਾ ਖ਼ਾਬ' 10 ਸਾਲ ਬਾਅਦ ਆਇਆ ਹੈ। ਕਹਾਣੀਆਂ ਪੜ੍ਹਨ ਉਪਰੰਤ ਕਹਾਣੀਕਾਰ ਦੀ ਮਿਹਨਤ ਝਲਕਦੀ ਹੈ। ਇਨ੍ਹਾਂ ਕਹਾਣੀਆਂ ਦੀ ਇਕ ਪਰਤ ਨਹੀਂ ਹੈ। ਬਹੁਤ-ਪਰਤੀ ਕਹਾਣੀਆਂ ਆਪਣੇ ਵਿਚ ਬਹੁਤ ਕੁਝ ਸਮੋਈ ਬੈਠੀਆਂ ਹਨ। ਇਹਨਾਂ ਦੇ ਬਹੁਤ ਸਾਰੇ ਐਂਗਲ ਹਨ। ਮੈਂ ਆਪਣੀ ਗੱਲ ਸ੍ਰ. ਅਮਰਜੀਤ ਸਿੰਘ ਗਰੇਵਾਲ ਵਲੋਂ ਲਿਖੀ ਭੂਮਿਕਾ ਦੀਆਂ ਕੁੱਝ ਸਤਰਾਂ ਤੋਂ ਕਰਦੀ ਹਾਂ - "ਉਹ ਲੋਕ ਹੀ ਇਹ ਆਖਦੇ ਹਨ ਕਿ ਵਰਤਮਾਨ ਸਮਿਆਂ ਵਿਚ ਸਾਹਿਤ ਦੀ ਕੋਈ ਸਮਾਜਿਕ/ਰਾਜਨੀਤਕ ਪ੍ਰਾਸੰਗਿਕਤਾ ਨਹੀਂ ਰਹੀ, ਜਿਨ੍ਹਾਂ ਨੇ ਅਜਮੇਰ ਸਿੱਧੂ ਦੀਆਂ ਕਹਾਣੀਆਂ ਨਹੀਂ ਪੜ੍ਹੀਆਂ। ਅਜਮੇਰ ਸਿੱਧੂ ਵਰਤਮਾਨ ਸਮਿਆਂ ਦੀ ਕੇਵਲ ਨਬਜ਼ ਹੀ ਨਹੀਂ ਪਛਾਣਦਾ, ਉਹਨਾਂ ਦੇ ਵਹਿਣ ਨੂੰ ਮੋੜਨ ਦੀ ਜੁਰਅਤ ਵੀ ਰੱਖਦਾ ਹੈ। ਅਜਿਹਾ ਉਹ ਤਕਨੀਕ ਦੀ ਪੱਧਰ 'ਤੇ ਕਰਦਾ ਹੈ। ਉਸ ਦੀ ਇਕੋ ਕਹਾਣੀ ਵਿਚ ਦੋ ਕਹਾਣੀਆਂ ਹੁੰਦੀਆਂ ਹਨ। ਪਹਿਲੀ ਕਹਾਣੀ ਵਿਚ ਉਹ ਵਿਵਸਥਾ ਨੂੰ ਬਿਆਨ ਕਰਦਾ ਹੈ ਅਤੇ ਦੂਸਰੀ ਰਾਹੀਂ ਉਸੇ ਵਿਵਸਥਾ ਨੂੰ ਵਿਸਥਾਪਿਤ ਕਰਦਾ ਚਲਾ ਜਾਂਦਾ ਹੈ। ਕਹਾਣੀਕਾਰ ਦੀ ਉਸਤਾਦੀ



ਕਹਾਣੀ ਦੀ ਪੇਸ਼ਕਾਰੀ ਵਿਚ ਨਹੀਂ। ਉਸ ਵਿਧਾ ਵਿਚ ਹੈ, ਜਿਸ ਰਾਹੀਂ ਉਹ ਇਸ ਪੇਸ਼ਕਾਰੀ ਦੀਆਂ ਤ੍ਰੇੜਾਂ ਅੰਦਰ ਗੁਪਤ ਰੂਪ ਵਿਚ ਹੀ ਦੂਜੀ ਕਹਾਣੀ ਐਨਕੋਡ ਕਰ ਦਿੰਦਾ ਹੈ। ਜਿਸ ਰਾਹੀਂ ਉਹ ਉਸ ਵਿਵਸਥਾ ਦੇ ਨਿਰਮਾਣ ਪਿੱਛੇ ਕੰਮ ਕਾਰ ਰਹੀਂ ਰਾਜਨੀਤੀ ਨੂੰ ਨੰਗਿਆਂ ਕਰਦਾ ਹੈ।"

ਜੇ ਆਪਾਂ ਅਜਮੇਰ ਸਿੱਧੂ ਦੀਆਂ ਕਹਾਣੀਆਂ ਦੇ ਬਹੁ-ਕੋਣਾਂ ਨੂੰ ਨਾ ਵੀ ਪਰਖੀਏ, ਸਿਰਫ ਸ. ਅਮਰਜੀਤ ਸਿੰਘ ਗਰੇਵਾਲ ਦੀ ਉਕਤ ਟਿੱਪਣੀ ਨੂੰ ਵਾਚੀਏ ਤਾਂ ਸਾਹਿਤ ਦੀ ਸਥਿਤੀ ਕਾਫ਼ੀ ਸਪੱਸ਼ਟ ਹੋ ਜਾਂਦੀ ਹੈ। ਅੱਜ ਜਦੋਂ ਇਹ ਸਿਧਾਂਤ ਪੇਸ਼ ਕੀਤਾ ਜਾ ਰਿਹਾ ਹੈ ਕਿ ਇਤਿਹਾਸ ਅਤੇ ਸਾਹਿਤ ਦਾ ਅੰਤ ਹੋ ਗਿਆ ਹੈ, ਇਸਦੀ ਸਮਾਜਕ ਤਬਦੀਲੀ ਅਤੇ ਅਲਾਮਤਾਂ ਤੋਂ ਛੁਟਕਾਰੇ ਲਈ ਕੋਈ ਭੂਮਿਕਾ ਨਹੀਂ ਰਹੀ, ਤਦ ਇਸ ਟਿੱਪਣੀ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ। 1990 ਤੋਂ ਬਾਅਦ ਪੰਜਾਬੀ ਸਾਹਿਤ ਵਿਚ ਇਕ ਆਵਾਜ਼ ਉਠਾਈ ਗਈ ਸੀ ਕਿ ਲੋਕ ਪੀੜਾਂ ਦੀ ਪੇਸ਼ਕਾਰੀ ਕਰਨ ਵਾਲਾ ਸਾਹਿਤ ਸਮਾਂ ਗੁਆ ਚੁੱਕ ਹੈ। ਹੁਣ ਔਰਤ ਮਰਦ ਦੇ ਸਬੰਧਾਂ 'ਤੇ ਕਲਮਾਂ ਚਲਾਓ। ਬਿਮਾਰ-ਮਾਨਸਿਕਤਾ ਵਾਲਾ ਸਾਹਿਤ ਵੱਡੇ ਪੱਧਰ 'ਤੇ ਰਚਿਆ ਗਿਆ, ਜਿਸ ਨਾਲ ਪੰਜਾਬੀ ਸਾਹਿਤ ਨਾਲੋਂ ਪਾਠਕ ਵੀ ਟੁੱਟਿਆਂ। ਅਜੇ ਵੀ ਅਜਿਹੇ ਸਾਹਿਤ ਦੀ ਭਰਮਾਰ ਹੈ। ਚੰਦ ਕੁ ਲੇਖਕ ਹਨ, ਜਿਹੜੇ ਲੀਹ ਪਾੜ ਕੇ ਲਿਖ ਰਹੇ ਹਨ। ਉਨ੍ਹਾਂ ਵਿਚ ਅਜਮੇਰ ਸਿੱਧੂ ਦਾ ਨਾਂ ਉੱਭਰ ਕੇ ਮੂਹਰੇ ਆਉਂਦਾ ਹੈ। 'ਖੁਸ਼ਕ ਅੱਖ ਦਾ ਖ਼ਾਬ' ਦੀਆਂ ਕਹਾਣੀਆਂ ਉਸ ਦੀ ਪਛਾਣ ਹੋਰ ਗੂੜ੍ਹੀ ਕਰਦੀਆਂ ਹਨ। ਦਰਅਸਲ ਇਹ ਕਹਾਣੀਆਂ ਹਾਸ਼ੀਆ ਗ੍ਰਸਤਾਂ ਦੀਆਂ ਹਨ। ਜਿਹੜੇ ਬੰਦੇ ਘਰ ਵਿਚ, ਪਿੰਡ ਵਿਚ, ਸਮਾਜ ਵਿਚ ਅਤੇ ਦੇਸ਼ ਪੱਧਰ 'ਤੇ ਹਾਸ਼ੀਏ ਉੱਤੇ ਧੱਕੇ ਹੋਏ ਹਨ। ਉਹ ਉਹਨਾਂ ਬਾਰੇ ਕਹਾਣੀ ਲਿਖਦਾ ਹੈ। ਅੱਜ ਜਿਸ ਕਗਾਰ 'ਤੇ ਨੌਜਵਾਨ ਪੀੜ੍ਹੀ ਖੜ੍ਹੀ ਹੈ, ਜਾਂ ਗਰੀਬ ਤੇ ਮੱਧ ਵਰਗੀ ਪਰਿਵਾਰਾਂ ਦੀ ਦੁਰਦਸ਼ਾ ਹੋ ਰਹੀ ਹੈ, ਉਸਦਾ ਸੱਚ ਬਾਰੀਕੀ ਨਾਲ ਬਿਆਨ ਕਰਦਾ ਹੈ। ਉਹ 'ਜੀਵੇ ਪੰਜਾਬ' ਦੀ ਸੋਚ ਵਾਲਾ ਕਹਾਣੀਕਾਰ ਹੈ। 'ਖੁਸ਼ਕ ਅੱਖ ਦਾ ਖ਼ਾਬ' ਉਸ ਦੀ ਕਥਾ ਪੁਸਤਕ ਪੜ੍ਹਨਯੋਗ ਵੀ ਹੈ ਤੇ ਚੇਤਿਆਂ ਵਿੱਚ ਸਾਂਭ ਕੇ ਰੱਖਣ ਵਾਲੀ ਪੁਸਤਕ ਹੈ।

**-ਜਸਵੀਰ ਮੰਗੂਵਾਲ**

## ਗ਼ਜ਼ਲ

ਮੇਰੇ ਓ ਯਾਰੋ, ਜੀਵਨ ਸੰਵਾਰੋ।
ਨਾ ਹੋ ਹੋ ਕੇ ਐਵੇਂ, ਇਹ ਜ਼ਿੰਦਗੀ ਗੁਜ਼ਾਰੋ।
ਜ਼ਿੰਦਗੀ ਤਾਂ ਕਹਿੰਦੇ, ਕੰਡਿਆਂ ਦਾ ਬਿਸਤਰ,
ਚੁਗ ਚੁਗ ਕੰਡਿਆਂ ਨੂੰ ਰਸਤਾ ਨਿਖਾਰੋ।
ਜ਼ਿੰਦਗੀ 'ਚ ਦੁੱਖ ਸੁੱਖ, ਧੁੱਪ ਛਾਂ ਨੇ ਹੁੰਦੇ,
ਸੰਘਰਸ਼ਾਂ ਨੂੰ ਅੱਗੇ ਰੱਖ, ਸੋਚ ਨੂੰ ਵੰਗਾਰੋ।
ਜਿੰਨੀ ਵੀ ਬੀਤੀ, ਚੰਗੀ ਹੀ ਬੀਤੀ,
ਸੋਚਾਂ ਵਿੱਚ ਐਵੇਂ ਤੁਸੀਂ, ਹਿੰਮਤਾਂ ਨਾ ਹਾਰੋ।
ਜ਼ਿੰਦਗੀ ਦੇ ਮਾਇਨੇ, ਸਹੀ ਕੀ ਨੇ ਹੁੰਦੇ,
ਜ਼ਰਾ ਸੋਚੋ ਸਮਝੋ, ਇਸਨੂੰ ਗੁਜ਼ਾਰੋ।
ਜੋਤੀ ਜਗਾਓ, ਹਨ੍ਹੇਰੇ ਮਿਟਾਓ,
ਫੋਕੀਆਂ ਇਹ ਰੀਤਾਂ, ਤੇ ਰਸਮਾਂ ਵਿਸਾਰੋ।
ਪਸ਼ੂ ਵੀ ਨੇ ਜੀਂਦੇ, ਖਾਂਦੇ, ਸੌਂਦੇ ਪੀਦੇ,
ਇਸਤੋਂ ਤਾਂ ਵੱਖਰੀ, ਕੋਈ ਜ਼ਿੰਦਗੀ ਗੁਜ਼ਾਰੋ।
ਉੱਨਤੀ ਜੇ ਪਾਉਣੀ, ਸ਼ਾਨ ਜੇ ਵਧਾਉਣੀ,
ਕੱਠੇ ਹੋ ਕੇ ਦੋਖੀਆਂ ਨੂੰ, ਰਲ ਸਾਰੇ ਮਾਰੋ।
ਰਾਜ ਹੰਡਿਆਇਆ, ਰਸਤਾ ਜੋ ਪਾਇਆ,
ਤਰਕਾਂ ਦੇ ਨਾਲ ਸਦਾ, ਪਾਖੰਡ ਨੂੰ ਵੰਗਾਰੋ।
ਮੇਰੇ ਓ ਯਾਰੋ, ਜੀਵਨ ਸੰਵਾਰੋ,
ਨਾ ਰੋ ਰੋ ਕੇ ਐਵੇਂ, ਇਹ ਜ਼ਿੰਦਗੀ ਗੁਜ਼ਾਰੋ।

**– ਰਾਜਾ ਰਾਮ ਹੰਡਿਆਇਆ**

# ਇੱਥੇ ਤਾਂ ਕੁੱਤਾ ਵੀ ਫਿਰਕੂ ਫਸਾਦ ਕਰਵਾ ਸਕਦਾ ਹੈ!!



ਇਕ ਮਾਮੂਲੀ ਜਿਹਾ ਕੁੱਤਾ ਫਿਰਕੂ ਫਸਾਦ ਦੀ ਜੜ੍ਹ ਬਣ ਸਕਦਾ ਹੈ? ਸਵਾਲ ਬੜਾ ਅਜੀਬ ਹੈ, ਪਰ ਇਹ ਸੱਚ ਹੈ, ਤੇ ਇਹ ਵੀ ਅਜੀਬ ਜਿਹਾ ਸੱਚ ਕਿ ਇਸ ਫਿਰਕੂ ਫਸਾਦ ਖੜ੍ਹਾ ਕਰਨ ਵਾਲੇ ਕੁੱਤੇ ਨੂੰ ਗ੍ਰਿਫਤਾਰ ਕਰਨ ਲਈ ਉੱਚ ਪੁਲਿਸ ਅਫਸਰਾਂ ਨੂੰ ਮੁਸ਼ੱਕਤ ਕਰਨੀ ਪਈ। ਮਾਮਲਾ ਉੱਤਰ ਪ੍ਰਦੇਸ਼ ਦੇ ਜੌਨਪੁਰ ਦਾ ਹੈ। ਪਿਛਲੇ ਦਿਨੀਂ ਉਮਾਨਾ ਮੁਹੱਲੇ 'ਚ ਇਕ ਵਿਅਕਤੀ ਦੇ ਕੁੱਤੇ ਨੇ ਦੂਸਰੇ ਫਿਰਕੇ ਦੇ ਇਕ ਪਰਿਵਾਰ ਦੀ ਬੱਕਰੀ ਨੂੰ ਵੱਢ ਲਿਆ। ਉਸ ਤੋਂ ਬਾਅਦ ਦੋਵਾਂ ਫਿਰਕਿਆਂ ਵਿਚ ਤਣਾਅ ਪੈਦਾ ਹੋ ਗਿਆ, ਇਸ ਤਣਾਅ ਨੇ ਫਿਰਕੂ ਰੰਗਤ ਲੈ ਲਈ, ਮਾਮਲਾ ਧਰਮ ਦਾ ਹੋਵੇ ਤੇ ਲੜਾਈ ਇਉਂ ਥੋਹੜਾ ਹੀ ਟਿੱਕਦੀ ਹੈ, ਕੰਮ ਵੱਧਦਾ ਵੱਧਦਾ ਵੱਧ ਗਿਆ। ਮਾਮਲਾ "ਲੋਕਾਂ ਦੀ ਰਖਵਾਲੀ" ਦੇ ਤੌਰ 'ਤੇ ਜਾਣੀ ਜਾਦੀ ਪੁਲਿਸ ਤੱਕ ਪੁੱਜ ਗਿਆ। ਪੁਲਿਸ ਨੂੰ ਸਖ਼ਤ ਹਿਦਾਇਤਾਂ ਦਿੱਤੀਆਂ ਕਿ ਕੁੱਤੇ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਬਣਦੀ ਕਾਰਵਾਈ ਕਰਨ ਮਗਰੋਂ ਸਲਾਖ਼ਾਂ ਪਿੱਛੇ ਦਿੱਤਾ ਜਾਵੇ। ਪੁਲਿਸ ਨੇ ਕੁੱਤੇ ਦੀ ਭਾਲ ਸ਼ੁਰੂ ਕੀਤੀ ਤਾਂ ਕੁੱਤੇ ਨੂੰ ਫੜ ਕੇ ਥਾਣੇ ਲਿਆਂਦਾ ਗਿਆ। ਕੁੱਤਾ ਤਾਂ ਕੁੱਤਾ ਹੁੰਦਾ ਤੇ ਬੰਦਾ ਬੰਦਾ ਹੁੰਦਾ। ਵਿਚਾਰੇ ਬੇਸਮਝ ਨੂੰ ਕੀ ਪਤਾ ਸੀ ਕਿ ਉਸ ਨੂੰ ਧਾਰਾ 109 ਭਾਰਤੀ ਦੰਡਵਾਲੀ ਭਾਵ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਲਈ ਗ੍ਰਿਫ਼ਤਾਰ ਕੀਤਾ ਹੋਇਆ ਹੈ। ਕੁੱਤੇ 'ਤੇ ਪੁਲਿਸ ਦਾ ਪਹਿਰਾ ਲਾ ਦਿੱਤਾ ਪਰ ਕੁੱਤਾ ਤਾਂ ਬੰਦੇ ਨਾਲੋ ਤੇਜ ਹੁੰਦਾ ਹੈ ਸੋ ਕੁੱਤਾ ਪੁਲਿਸ ਨੂੰ ਝਕਾਨੀ ਦੇ ਕੇ ਥਾਣੇ ਦੀ ਕੰਧ ਟੱਪ ਕੇ ਫਰਾਰ ਹੋ ਗਿਆ।

ਦੋਸ਼ੀ ਪੁਲਿਸ ਦੀ ਹਿਰਾਸਤ ਵਿਚੋਂ ਫਰਾਰ ਹੋ ਗਿਆ, ਜੇ ਤਾਂ ਕੋਈ 10-20 ਲੋਕਾਂ ਦਾ ਕਾਤਲ ਭੱਜ ਜਾਂਦਾ ਤਾਂ ਸਾਇਦ ਐਡੀ ਗੱਲ ਨਹੀਂ ਸੀ ਹੋਣੀ ਪਰ ਇਹ ਕਿਉਂਕਿ ਮਾਮਲਾ ਧਰਮ ਦੇ ਤਣਾਅ ਨਾਲ ਜੁੜਿਆ ਹੋਇਆ ਸੀ ਇਸ ਕਰਕੇ ਪੁਲਿਸ ਦੇ ਤਾਂ ਹੋਸ਼ ਹੀ ਉੱਡ ਗਏ। ਉਸ ਦੀ ਦੁਬਾਰਾ ਗ੍ਰਿਫਤਾਰੀ ਲਈ ਪੁਲਿਸ ਦੇ ਐਸ. ਪੀ. ਨੂੰ ਹੈੱਡ ਕੁਆਰਟਰ ਤੋਂ 30 ਕਿਲੋਮੀਟਰ ਦੂਰ ਮਛਲੀ ਸ਼ਹਿਰ ਜਾਣਾ ਪਿਆ , ਕੁੱਤਾ ਅੱਗੇ ਅੱਗੇ ਤੇ "ਵਿਚਾਰ" ਐਸ. ਪੀ. ਪਿੱਛੇ ਪਿੱਛੇ। ਐਸ. ਪੀ. ਨੇ ਆਪ ਪੁਲਿਸ ਦੀ ਦੀ ਗਾਰਦ ਲਾ ਕੇ ਆਖਰ ਉਸ ਕੁੱਤੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਮਾਮਲਾ ਅੱਗੇ ਇਹ ਉਲਝਣ ਵਾਲਾ ਬਣ ਗਿਆ ਕਿ ਕੁੱਤੇ ਲਈ ਥਾਣੇ ਵਿੱਚ ਹਵਾਲਾਤ ਨਹੀਂ ਹੈ ਅਤੇ ਨਾ ਹੀ ਕੁੱਤਿਆਂ ਲਈ ਕੋਈ ਜੇਲ੍ਹ ਆਦਿ ਹੈ, ਐਸ. ਪੀ. ਲਈ ਕਸੂੱਤਾ ਪੰਗਾ ਖੜ੍ਹਾ ਹੋਇਆ ਆਖਿਰ ਐਸ ਪੀ ਨੇ ਦੋਵਾਂ ਧਿਰਾਂ ਨਾਲ ਗੱਲਬਾਤ ਕੀਤੀ ਕਿ ਕੁੱਤੇ ਨੂੰ ਥਾਣੇ ਵਿਚ ਤਾਂ ਨਹੀਂ ਰੱਖਿਆ ਜਾ ਸਕਦਾ, ਕੁੱਤੇ ਨੂੰ ਨਗਰ ਪਾਲਿਕਾ ਦੇ ਸਪੁਰਦ ਕਰ ਦਿੱਤਾ ਗਿਆ ਹੈ।

ਇਹ ਅਜੀਬ ਮਾਮਲਾ ਚਰਚਾ ਬਟੋਰ ਰਿਹਾ ਹੈ ਕਿ ਇੱਥੇ ਫਿਰਕੂ ਫਸਾਦ ਖੜ੍ਹੇ ਕਰਨ ਵਾਲੇ ਇਨਸਾਨ ਤਾਂ ਭਾਵੇਂ ਕਾਨੂੰਨ ਦੀ ਗ੍ਰਿਫਤ ਵਿਚ ਨਾ ਆਉਣ ਪਰ ਕੁੱਤਾ ਕਿਵੇਂ ਬਚ ਜਾਵੇ, ਆਖਰ ਕੁੱਤੇ ਦੀ ਇਹ ਜੁਰੱਅਤ ਕਿਵੇਂ ਪਈ ਕਿ ਉਹ ਇਨਸਾਨਾਂ ਵਾਲੇ ਕੰਮ ਨੂੰ ਹੱਥ ਪਾ ਗਿਆ..?? ਇਹ ਹੈ ਅਖ਼ੌਤੀ ਧਰਮ ਨਿਰਪੱਖਤਾ ਵਾਲਾ "ਮਹਾਨ" ਦੇਸ਼ ਜਿੱਥੇ ਕੁੱਤਾ-ਬੱਕਰੀ ਵੀ ਦੰਗੇ ਕਰਵਾਉਂਦੇ ਨੇ।

**-ਅਮਨਦੀਪ ਹਾਂਸ, ਬਲਜਿੰਦਰ**

# ਸਾਧੂ ਬਾਣੇ ਵਿਚ ਪਾਖੰਡੀ ਸਾਧ

ਧਰਮ ਨਗਰੀ ਹਰਿਦੁਆਰ ਅਤੇ ਰਿਸ਼ੀਕੇਸ਼ ਵਿੱਚ ਧਰਮ ਅਤੇ ਸੰਨਿਆਸ ਦੀ ਓਟ ਵਿੱਚ ਇਥੋਂ ਦੇ ਸਾਧੂਅ ਦਾ ਛਿਪਿਆ ਅਸਲੀ ਚਿਹਰਾ ਹੈਰਾਨ ਕਰਨ ਵਾਲਾ ਹੈ। ਕਈ ਵਿਹਲੜ ਨਸ਼ੇ ਅਤੇ ਐਸ਼ੋਆਰਾਮ ਨਾਲ ਭਰਿਆ ਜੀਵਨ ਜੀ ਰਹੇ ਹਨ ਤਾਂ ਕਈ ਕਾਮ ਵਾਸਨਾ ਅਤੇ ਅਪਰਾਧ ਦੇ ਧਾਰਮਕ ਸਮੁੰਦਰ ਵਿੱਚ ਗੋਤੇ ਲਗਾ ਰਹੇ ਹਨ।

ਉੱਤਰਾਖੰਡ ਦੀ ਰਾਜਧਾਨੀ ਦੇਹਰਾਦੂਨ ਤੋਂ 45 ਕਿਲੋਮੀਟਰ ਦੂਰ ਅਧਿਆਤਮਕ ਚੇਤਨਾ ਦਾ ਕੇਂਦਰ ਆਖੀ ਜਾਣ ਵਾਲੀ ਧਰਮਨਗਰੀ ਰਿਸ਼ੀਕੇਸ਼ ਵਿਚ ਪੈਰ ਰੱਖਣ ਦੇ ਨਾਲ ਸਭ ਤੋਂ ਪਹਿਲਾਂ ਤੁਹਾਡੀ ਮੁਲਾਕਾਤ ਭਿੰਨ ਭਿੰਨ ਪਹਿਰਾਵੇ ਵਾਲੇ ਸਾਧੂਆਂ ਨਾਲ ਹੋਵੇਗੀ। ਜਿਉਂ ਜਿਉਂ ਪੈਰ ਗੰਗਾ ਕਿਨਾਰੇ ਬਣੇ ਆਸ਼ਰਮਾਂ, ਮਠਾਂ, ਇਸ਼ਨਾਨ ਘਾਟਾਂ ਅਤੇ ਮੰਦਰਾਂ ਵੱਲ ਵੱਧਣਗੇ, ਇਹ ਗਿਣਤੀ ਸੈਂਕੜਿਆਂ ਵਿੱਚ ਪਹੁੰਚ ਜਾਵੇਗੀ। ਸੜਕਾਂ ਉੱਤੇ ਟਹਿਲਦੇ, ਵਿਦੇਸ਼ੀ ਸੈਲਾਨੀਆਂ ਤੋਂ ਕੁੱਝ ਮੰਗਦੇ ਜਾਂ ਚਿਲਮ ਦੇ ਦੁਆਰਾ ਨਸ਼ੀਲੇ ਪਦਾਰਥ ਪੀਂਦੇ ਭਗਵੇਂ ਵਸਤਰ ਧਾਰੀ ਮਿਲ ਜਾਣਗੇ। ਉਹਨਾਂ ਨੂੰ ਦੇਖਕੇ ਕਈ ਅੰਧ ਭਗਤ ਇੰਜ ਬਾਗ-ਬਾਗ (ਖੁਸ਼) ਹੋ ਜਾਂਦੇ ਹਨ ਮੰਨ ਲਉ ਕਿਸੇ ਦੈਵੀ ਸ਼ਕਤੀ ਨਾਲ ਮੁਲਾਕਾਤ ਹੋ ਗਈ ਹੋਵੇ। ਉਂਜ ਵੀ ਅੰਧਭਾਗਤਾਂ ਦੇ ਲਈ ਬਾਬਿਆਂ ਦਾ ਵੱਡ ਬਾਜ਼ਾਰ ਮੌਜੂਦ ਹੈ।

ਰਿਸ਼ੀਕੇਸ਼ ਦੀ ਪਛਾਣ ਧਰਮਨਗਰੀ ਦੇ ਰੂਪ ਵਿਚ ਹੈ। ਇਸਦੇ ਬਾਰੇ ਵਿਚ ਕਿਹਾ ਜਾਂਦਾ ਹੈ ਕਿ ਰੈਭਯਮੁਨੀ ਦੁਆਰਾ ਇਸ ਸਥਾਨ ਉੱਤੇ ਇੰਦਰੀਆਂ ਉੱਤੇ ਜਿੱਤ ਹਾਸਿਲ ਕੀਤੀ ਸੀ। ਇਸ ਲਈ ਇਸ ਸਥਾਨ ਦਾ ਨਾਂ ਰਿਸ਼ੀਕੇਸ਼ ਪਿਆ, ਪਰੰਤੂ ਉੱਚਾਰਣ ਦੋਸ਼ ਦੇ ਕਾਰਣ ਬਾਦ ਵਿੱਚ ਨਾਂ ਰਿਸ਼ੀਕੇਸ਼ ਹੋ ਗਿਆ।

ਗੰਗਾ ਨਦੀ ਦੇ ਆਲੇ ਦੁਆਲੇ ਵਸੇ ਇਸ ਨਗਰ ਵਿਚ ਸੈਂਕੜੇ ਆਸ਼ਰਮ, ਪ੍ਰਾਚੀਨ ਅਤੇ ਨਵੇਂ ਬਣੇ ਮੰਦਰ, ਮਠ, ਧਾਰਮਕ ਸਥਾਨ ਹਨ। ਦੇਸ਼ ਦੇ ਇਲਾਵਾ ਵਿਦੇਸ਼ਾਂ ਤੋਂ ਵੀ ਲੱਖਾਂ ਲੋਕ ਆਉਂਦੇ ਜਾਂਦੇ ਹਨ। ਹਰ ਭਗਵਾਂਧਾਰੀ ਭਾਵੇਂ ਸਾਧੂ ਨਾ ਹੋਵੇ, ਪਰੰਤੂ ਇਥੇ ਸਾਧੂਆਂ ਦੀ ਵੱਡੀ ਜਮਾਤ ਦਾ ਡੇਰਾ ਹੁੰਦਾ ਹੈ ਜੋ ਪਖੰਡੀ, ਢੋਂਗੀ ਅਤੇ ਹੁੰਦੇ ਹਨ। ਉਹਨਾਂ ਦਾ ਪਹਿਰਾਵਾ ਬੇਹੱਦ ਪ੍ਰਭਾਵਸ਼ਾਲੀ ਹੁੰਦਾ ਹੈ। ਵੱਖ ਵੱਖ ਤਰ੍ਹਾਂ ਦੇ ਕੱਪੜਿਆਂ ਵਿਚ ਰਹਿ ਕੇ ਉਹ ਘੁੰਮਦੇ ਹਨ। ਅਜਿਹੇ ਸਾਧੂ ਆਖਰ ਕੌਣ ਹੁੰਦੇ ਹਨ ? ਉਹਨਾਂ ਦੀ ਸਵੇਰੇ ਤੋਂ ਸ਼ਾਮ ਤਕ ਦੀ ਕਾਰਗੁਜ਼ਾਰੀ ਨੂੰ ਨੇੜੇ ਤੋਂ ਪਰਖਣ ਦੀ ਅਸਾਂ ਕੋਸ਼ਿਸ਼ ਕੀਤੀ।

ਪਾਖੰਡੀਆਂ ਦਾ ਦਿਨ ਭਰ ਦਾ ਕੰਮ ਧੰਦਾ : ਢੌਂਗੀ ਪਖੰਡੀਆਂ ਦਾ ਦਿਨ ਭਰ ਦਾ ਕੰਮ ਧੰਦਾ ਵੱਖਰਾ ਹੁੰਦਾ ਹੈ। ਦਿਨ ਨਿਕਲਣ ਸਾਰ ਉਹ ਆਪਣੇ ਜ਼ਰੂਰੀ ਚੁੱਕਵੇਂ ਸਾਮਾਨ ਜਿਵੇਂ ਥੈਲਾ, ਭਾਂਡੇ, ਚਿਮਟਾ, ਕਮੰਡਲ ਅਤੇ ਕਪੜਿਆਂ ਦੇ ਨਾਲ ਆਸ਼ਰਮਾਂ, ਮਠਾਂ ਅਤੇ ਘਾਟਾਂ ਉੱਤੇ ਜਾ ਕੇ ਬੈਠ ਜਾਂਦੇ ਹਨ। ਇਥੇ ਸ਼ਰਧਾਲੂ ਅਤੇ ਸੈਲਾਨੀ ਉਹਨਾਂ ਨੂੰ ਸਵੇਰੇ ਨਾਸ਼ਤੇ ਦੇ ਲਈ ਕੁਝ ਖਾਣ ਦੇ ਲਈ ਦੇ ਦਿੰਦੇ ਹਨ। ਕੁਝ ਅਜਿਹੀ ਵੀ ਹਨ ਜੋ ਆਪਣੇ ਪੈਸਿਆਂ ਨਾਲ ਦੁਕਾਨਾਂ ਉੱਤੇ ਚਾਹ ਆਦਿ ਦਾ ਸੇਵਨ ਕਰਦੇ ਹਨ।

ਦੁਪਹਿਰ ਨੂੰ ਕਈ ਆਸ਼ਰਮਾਂ ਵਿੱਚ ਆਉਣ ਵਾਲਿਆਂ ਚੜ੍ਹਾਵੇ ਅਤੇ ਅਮੀਰ ਧਰਮਪ੍ਰੇਮੀ ਪੈਰੋਕਾਰਾਂ ਦੇ ਪੈਸਿਆਂ ਨਾਲ ਭੰਡਾਰੇ ਆਦਿ ਹੁੰਦੇ ਹਨ। ਵਿਹਲੜ ਦੇ ਲਈ ਭੋਜਨ ਦਾ ਪ੍ਰਬੰਧ ਆਰਾਮ ਨਾਲ ਹੋ ਜਾਂਦਾ ਹੈ। ਇਸ ਦੇ ਲਈ ਉਨ੍ਹਾਂ ਨੂੰ ਕੋਈ ਕੀਮਤ ਅਦਾ ਨਹੀਂ ਹੁੰਦੀ। ਜਿਹੜ ਧਰਮ ਪ੍ਰੇਮੀਆਂ ਦੇ ਦਾਨ ਨਾਲ ਇਹ ਹੁੰਦਾ ਹੈ ਉਹ ਸਾਧੂ ਬਾਣੇ ਵਾਲਿਆਂ ਨੂੰ ਖਾਂਦੇ ਦੇਖ ਕੇ ਖੁਸ਼ ਹੁੰਦੇ ਹਨ।

ਭੋਜਨ ਦੇ ਬਾਦ ਅਜਿਹੇ ਲੋਕ ਹਰੇ ਭਰੇ ਦਰਖੱਤਾਂ ਦੇ ਹੇਠਾਂ ਨਸ਼ਾ ਅਤੇ ਆਰਾਮ ਕਰਦੇ ਹਨ। ਕੁਝ ਅਜਿਹੇ ਹਨ ਜੋ ਦੇਸ਼ੀ ਵਿਦੇਸ਼ੀ ਸੈਲਾਨੀਆਂ ਤੋਂ ਮੰਗਣ ਦੇ ਲਈ ਸੜਕਾਂ ਗਲੀਆਂ ਵਿਚ ਟਹਿਲਦੇ ਰਹਿੰਦੇ ਹਨ। ਵਿਦੇਸ਼ੀ ਉਹਨਾਂ ਨੂੰ ਕੈਮਰਿਆਂ ਵਿੱਚ ਕੈਦ ਕਰਕੇ ਆਪਣੇ ਦੇਸ਼ ਦੇ ਲਈ ਭਾਰਤ ਦਾ ਨਵਾਂ ਸ਼ੀਸ਼ਾ ਤਿਆਰ ਕਰਦੇ ਹਨ।

ਇਹਨਾਂ ਢੌਂਗੀ ਸਾਧੂਆਂ ਦੇ ਸ਼ਾਮ ਦੇ ਭੋਜਨ ਦਾ ਇੰਤਜਾਮ ਇਵੇਂ ਹੀ ਹੁੰਦਾ ਹੈ। ਯਾਨੀ ਕੁਝ ਇਸ ਤਰ੍ਹਾਂ ਜਿਵੇਂ ਸਵੇਰ ਤੋਂ ਸ਼ਾਮ, ਜਿੰਦਗੀ ਤਮਾਮ।

ਨਸ਼ੇ ਨਾਲ ਡੂੰਘੀ ਯਾਰੀ : ਉਂਜ ਤਾਂ ਗੰਗਾ ਕਿਨਾਰੇ ਉੱਤੇ ਕਿਸੇ ਵੀ ਪ੍ਰਕਾਰ ਦੇ ਨਸ਼ੇ ਦੀ ਮਨ੍ਹਾਹੀ ਹੈ ਪਰੰਤੂ ਪਿੱਛੇ ਦਾ ਸੱਚ ਹੈਰਾਨ ਕਰਨ ਵਾਲਾ ਹੈ। 'ਜਾਫਰਾਨ', 'ਕਰੀਨਾ', 'ਦਿਲਰੁਬਾ' ਵਰਗੀ ਦੇਸ਼ੀ ਮਾਰਕਾ ਵਾਲੀ ਸ਼ਰਾਬ ਸਾਧੂਆਂ ਦੀ ਪਹਿਲੀ ਪਸੰਦ ਹੈ। ਇਸਦੇ ਇਲਾਵਾ ਚਰਚ, ਭੰਗ, ਗਾਂਜਾ ਵਾਲੀ ਚਿਲਮ ਸੁਲਗਦੀ ਰਹਿੰਦੀ ਹੈ।



ਨਸ਼ੇ ਦੇ ਬਿਨਾਂ ਉਹਨਾਂ ਨੂੰ ਆਪਣੇ ਆਪਣੇ ਸਵੇਰੇ ਤੋਂ ਸ਼ਾਮ ਤੱਕ ਦਾ ਧੰਦਾ ਮੁਸ਼ਕਲ ਲਗਦਾ ਹੈ। ਸੁਲਫੇ ਨੂੰ ਸਾਧੂ ਆਪਣੀ ਭਾਸ਼ਾ ਵਿਚੋ ਭੋਲੇ ਦਾ ਪ੍ਰਸ਼ਾਦ ਦੱਸਦੇ ਹਨ। ਜਿਵੇਂ ਭਗਵਾਨ ਨੇ ਉਹਨਾਂ ਨਾਲ ਮੁਲਾਕਾਤ ਕਰਕੇ ਇਹ ਕਿਹਾ ਹੋਵੇ ਕਿ ਤੁਸੀਂ ਦਮ ਲਗਾਓ, ਮੈਂ ਤੁਹਾਡਾ ਭਲਾ ਕਰ ਦਿਆਂਗਾ। ਵਿਦੇਸ਼ੀ ਸੈਲਾਨੀਆਂ ਦੇ ਨਾਲ ਨਸ਼ੇ ਦੀਆਂ ਪਾਰਟੀਆਂ ਤਕ ਕੀਤੀਆਂ ਜਾਂਦੀਆਂ ਹਨ। ਸ਼ੁੱਧ ਵਾਤਾਵਰਣ ਵਿਚ ਨਸ਼ੀਲੇ ਪਦਾਰਥਾਂ ਦੀ ਗੰਧ ਆਉਣ ਵਾਲਿਆਂ ਦੇ ਨੱਕਾਂ ਨਾਲ ਟਕਰਾਂਦੀ ਹੈ। ਕੋਈ ਦਰੱਖਤ ਦੇ ਹੇਠਾਂ ਬੈਠ ਕੇ ਧੂੰਏ ਦੇ ਛੱਲੇ ਕੱਢਦਾ ਹੈ ਤਾਂ ਕੋਈ ਕਿਨਾਰੇ ਉੱਤੇ ਬੈਠ ਕੇ।

ਪਰਮਾਰਥ ਨਿਕੇਤਨ ਮਾਰਗ ਉੱਤੇ ਚਾਹਪਾਨ ਦੀ ਦੁਕਾਨ ਚਲਾਉਣ ਵਾਲੀ ਇਸਤਰੀ ਕਮਲਾ ਕਹਿੰਦੀ ਹੈ ਕਿ ਸਾਧੂ ਵੱਖ ਵੱਖ ਮਾਰਕੇ ਦੇ ਗੁਟਕੇ ਅਤੇ ਬੀੜੀ ਪਸੰਦ ਕਰਦੇ ਹਨ। ਉਹਨਾਂ ਦੇ ਕਾਰਨ ਹੀ ਉਸਦੀ ਵਿਕਰੀ ਚੰਗੀ ਹੁੰਦੀ ਹੈ। ਨਸ਼ੇ ਦੀ ਖੁਮਾਰੀ ਸਾਧੂਆਂ ਦੇ ਚਿਹਰੇ ਉੱਤੇ ਨਾਚ ਕਰਦੀ ਦਿੱਸਦੀ ਹੈ। ਨਸ਼ਾ ਕਿਉਂ ਕਰਦੇ ਹੋ ? ਇਸ ਸਵਾਲ ਦਾ ਜਵਾਬ ਇਕ ਸਾਧੂ ਪੂਰਾਣਦਾਸ ਨੇ ਇਹ ਕਹਿੰਦੇ ਹੋਏ ਦਿੱਤਾ ਕਿ ਨਸ਼ਾ ਤਾਂ ਹਰ ਚੀਜ਼ ਵਿੱਚ ਹੁੰਦਾ ਹੈ ਬਾਬੂ। ਫੇਰ ਅਸੀਂ ਤਾਂ ਭੋਲੇ ਬਾਬਾ ਦੀ ਬੂਟੀ, ਉਹਨਾਂ ਦੀ ਖੁਸ਼ੀ ਦੇ ਲਈ ਪੀਂਦੇ ਹਾਂ। ਜਵਾਬ ਭਾਵੇਂ ਹੀ ਹੱਸਣ ਵਾਲਾ ਸੀ ਪਰੰਤੂ ਜ਼ਿਆਦਾਤਰ ਦਾ ਤਰਕ ਕੁਝ ਅਜਿਹਾ ਹੀ ਹੁੰਦਾ ਹੈ। ਧਰਮਨਗਰੀ ਵਿੱਚ ਨਸ਼ੇ ਦੇ ਵੱਡੇ ਕਰੋਬਾਰ ਨੂੰ ਦਬੀ ਜ਼ਬਾਨ ਨਾਲ ਪੁਲਿਸ ਵੀ ਮੰਨਦੀ ਹੈ।

ਸੰਨਿਆਸ ਦਾ ਪਖੰਡ : ਉਂਜ ਤਾਂ ਸੰਨਿਆਸ ਭੌਤਿਕ ਚੀਜਾਂ ਦੇ ਪ੍ਰਤੀ ਉਦਾਸੀਨ ਹੈ। ਪਰੰਤੂ ਪਖੰਡੀਆਂ ਨੂੰ ਉਸ ਨਾਲ ਪਿਆਰ ਹੈ। ਮਨੋਰੰਜਨ ਅਤੇ ਸੰਚਾਰ ਦੇ ਸਾਧਨ ਉਹਨਾਂ ਨੂੰ ਲਲਚਾਉਂਦੇ ਹਨ। ਹੁਣ ਤਾਂ ਸਾਧੂ ਮੋਬਾਇਲ, ਰੇਡਿਓ, ਟੇਪਰਿਕੌਡਰ ਅਤੇ ਹੋਰ ਯੰਤਰਾਂ ਨਾਲ ਲੈਸ ਹੁੰਦੇ ਹਨ। ਮੌਜ ਮਸਤੀ ਦੇ ਲਈ ਸਿਨੇਮਾ ਜਾਂ ਬਾਜ਼ਾਰ ਜਾਣ ਤੋਂ ਵੀ ਪਰਹੇਜ਼ ਨਹੀਂ ਕਰਦੇ। ਇਸ ਦੌਰਾਨ ਸਾਧੂਆਂ ਦਾ ਪਹਿਰਾਵਾ ਵੀ ਬਦਲ ਜਾਂਦਾ ਹੈ। ਸੰਨਿਆਸ ਦਾ ਢੌਂਗ ਕਰਨ ਵਾਲਿਆਂ ਨੂੰ ਖੂਬ ਪਤਾ ਹੁੰਦਾ ਹੈ ਕਿ 'ਮੁੰਨੀ ਬਦਨਾਮ ਹੁਈ ਡਾਰਲਿੰਗ ਤੇਰੇ ਲੀਏ...', 'ਪਲ ਪਲ ਨਾ ਮਾਨੇ ਟਿੰਗੂ ਜਿਯਾ...' ਅਤੇ 'ਮਾਈ ਨੇਮ ਇਜ਼ ਸ਼ੀਲਾ...' ਵਰਗੇ ਆਇਟਮ ਗਾਣੇ ਕਿੰਨੀ ਧੂਮ ਮਚਾ ਰਹੇ ਹਨ। ਕੰਨ ਨਾਲ ਈਯਰਫੋਨ ਲਗਾ ਕੇ ਸੁਣ ਰਹੇ ਅਜਿਹੇ ਗਾਣੇ ਉਹਨਾਂ ਦੇ ਦਿਮਾਗ ਵਿਚ ਨਵਾਂ ਸੰਚਾਰ ਕਰਦੇ ਹਨ।

ਲੰਬੀ ਦਾੜ੍ਹੀ ਅਤੇ ਜਟਾਂ ਵਾਲੇ ਇਕ ਸਾਧੂ ਦੇ ਕੋਲ ਜਾ ਕੇ ਅਸੀਂ ਪੁੱਛਿਆ ਕਿ ਬਾਬਾ, 'ਮਾਈ ਨੇਮ ਇਜ਼ ਸ਼ੀਲਾ ਸੁਣਿਆ ਹੈ ? ਜਵਾਬ ਵਿਚ ਉਹ ਇਸ ਤਰ੍ਹਾਂ ਮੁਸਕਰਾਏ ਜਿਵੇਂ ਦਿਲ ਦੇ ਤਾਰ ਨੂੰ ਝਣਕਾਰ (ਛਣ ਛਣ ਦੀ ਆਵਾਜ਼) ਦਿੱਤਾ ਹੋਵੇ। ਧਰਮ ਨਗਰ ਵਿਚ ਟਹਿਲਦੇ ਹੋਏ ਅਸੀਂ ਰੁੱਖ ਦੇ ਹੇਠਾਂ ਆਰਾਮ ਫਰਮਾ ਰਹੇ ਮੋਟੀ ਤੋਂਦ ਵਾਲੇ ਇਕ ਭਗਵੇਂ ਵਸਰਤਧਾਰੀ ਦੇ ਪਾਸ ਪਹੁੰਚ ਗਏ। ਰਸਮੀ ਗੱਲਬਾਤ ਦੇ ਬਾਦ ਅਸੀਂ ਗੱਲਾਂ ਗੱਲਾਂ ਵਿਚ ਪੁੱਛ ਹੀ ਲਿਆ ਕਿ ਬਾਬਾ, ਸੰਨਿਆਸ ਕੀ ਹੈ ? ਮੁਸਕਰਾ ਕੇ ਬੋਲਿਆ, 'ਘਰ ਬਾਰ ਛੱਡ ਦਿੱਤਾ ਬਾਬੂ। ਮੰਗ ਕੇ ਖਾ ਰਹੇ ਹੈਂ, ਇਹੀ ਸੰਨਿਆਸ ਹੈ।' ਆਤਮ ਸੰਤੁਸ਼ਟੀ ਅਤੇ ਖਾਮੀਆਂ ਨੂੰ ਛਿਪਾਉਣ ਵਾਲੇ ਇਹ ਜਵਾਬ ਉਸਦੇ ਲਈ ਕਾਫੀ ਸੀ।

ਤਪੋਵਨ ਅਤੇ ਹੋਰ ਥਾਵਾਂ ਉੱਤੇ ਦੁਪਹਿਰ ਵਿੱਚ ਕਈ ਕਲਯੁੱਗੀ ਸਾਧੂ ਨੀਂਦ ਅਤੇ ਬੀੜੀ, ਸੁਲਫਾ ਸੇਵਨ ਕਰਨ ਵਿੱਚ ਲੀਨ ਮਿਲੇ। ਕੈਮਰਾ ਦੇਖ ਕੇ ਉਹ ਬੇਚੈਨ ਵੀ ਹੋਏ। ਇਕ 70 ਸਾਲ ਦੇ ਸਾਧੂ ਤੋਂ ਅਸੀਂ ਪੁੱਛਿਆ

ਕਿ ਤੁਸੀਂ ਇਥੇ ਆ ਕੇ ਬਾਬਾ ਕਿਵੇਂ ਬਣ ਗਏ? ਉਸਨੇ ਆਪਣਾ ਨਾਂ ਗਣੇਸ਼ ਦਾਸ ਉਰਫ ਪ੍ਰਭੂਦਾਸ ਦੱਸਿਆ ਅਤੇ ਕਿਹਾ ਕਿ ਜਵਾਨੀ ਦੇ ਦਿਨਾਂ ਵਿਚ ਘਰ ਵਿਚ ਪਿਤਾ ਦੀ ਕੁਟਾਈ ਦੇ ਬਾਦ ਘਰ ਛੱਡ ਦਿੱਤਾ ਅਤੇ ਸਾਧੂ ਬਣ ਗਏ। ਮੂਲ ਰੂਪ ਵਿਚ ਰਤਨਾਗਿਰੀ ਦੇ ਰਹਿਣ ਵਾਲੇ ਇਸ ਕਥਿਤ ਸਾਧੂ ਦਾ ਨਾਂ ਗਣੇਸ਼ ਸੀ। ਭਗਵਾਂ ਪਹਿਨਦੇ ਸਾਰ ਉਹ ਗਣੇਸ਼ ਦਾਸ ਹੋ ਗਿਆ। ਉਂਜ ਅਜਿਹੇ ਲੋਕਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਜ਼ੁੰਮੇਵਾਰੀਆਂ ਜਾਂ ਪੁਲਿਸ ਤੋਂ ਬਚ ਕੇ ਭੱਜ ਜਾਣਾ ਸੰਨਿਆਸ ਨਹੀਂ ਹੁੰਦਾ। ਅਜਿਹੇ ਬਹੁਤ ਸਾਰੇ ਚਿਹਰੇ ਸੰਨਿਆਸੀ ਦੇ ਬਾਣੇ ਵਿਚ ਮਿਲਦੇ ਹਨ।

ਸਾਧੂ ਬਾਣੇ ਵਿਚ ਅਪਰਾਧੀ : ਹਰਿਦੁਆਰ ਅਤੇ ਰਿਸ਼ੀਕੇਸ਼ ਵਰਗੀ ਧਰਮ ਨਗਰੀਆਂ ਵਿਚ ਰਹਿਣ ਵਾਲੇ ਸਾਧੂ ਵੇਸ਼ਧਾਰੀਆਂ ਦਾ ਕੋਈ ਰਿਕਾਰਡ ਨਹੀਂ ਹੁੰਦਾ। ਉਹ ਕਿਥੋਂ ਆਉਂਦੇ ਹਨ ਕਿਥੇ ਜਾਂਦੇ ਹਨ ਜਾਂ ਉਹਨਾਂ ਦਾ ਪਹਿਲਾਂ ਦਾ ਜੀਵਨ ਕੀ ਹੈ, ਇਸ ਗੱਲ ਨੂੰ ਕੋਈ ਨਹੀਂ ਜਾਣਦਾ। ਭਗਵਾਂ ਬਾਣਾ ਪਹਿਨਣ, ਦਾੜ੍ਹੀ ਅਤੇ ਵਾਲਾਂ ਨੂੰ ਵਧਾ ਕੇ ਤਰ੍ਹਾਂ ਤਰ੍ਹਾਂ ਦੀਆਂ ਮਾਲਾਵਾਂ ਪਾ ਕੇ ਤਿਲਕ ਲਗਾ ਲੈਣ ਮਾਤਰ ਨਾਲ ਹੀ ਇਕ ਆਮ ਬੰਦਾਂ ਸਾਧੂ ਬਣ ਜਾਂਦਾ ਹੈ। ਗਿਆਨ ਦੀ ਡਿਗਰੀ ਵੀ ਕੱਪੜਿਆਂ ਦੇ ਸਾਹਮਣੇ ਅਪਾਹਜ ਰਹਿੰਦੀ ਹੈ। ਮਿਲਾਵਟ ਅਜਿਹੀ ਕਿ ਪਿਤਾ ਹੀ ਨਹੀਂ ਚੱਲਦਾ ਕਿ ਕੌਣ ਠੱਗ ਹੈ, ਕੌਣ ਅਪਰਾਧੀ ਕੌਣ ਕੌਣ ਸਾਧੂ?

ਨਸ਼ੇ ਦਾ ਗੋਰਖਧੰਦਾ ਕਰਨ ਵਾਲੇ ਇਕ ਸਮੱਗਲਰ ਮੁਕੇਸ਼ ਮੋਹਨ ਨੇ ਪੁਲਿਸ ਦੇ ਛੱਕੇ ਛੁਡਾ ਦਿੱਤੇ। ਦਰਅਸਲ, ਸਾਲ 2009 ਵਿਚ ਉਹ ਪੁਲਿਸ ਕੈਦ ਤੋਂ ਫਰਾਰ ਹੋ ਗਿਆ ਸੀ। ਇਸਦੇ ਬਾਦ ਉਸ ਨੇ ਰਿਸ਼ੀਕੇਸ਼ ਅਤੇ ਹਰਿਦੁਆਰ ਦਾ ਰੁਖ ਕੀਤ ਅਤੇ ਮੁੱਕੂ ਬਾਬਾ ਬਣ ਗਿਆ। ਉਸਨੇ ਅਪਣੀ ਫਿਤਰਤ ਨਹੀਂ ਬਦਲੀ ਅਤੇ ਆਸ਼ਰਮਾਂ ਵਿੱਚ ਸਾਧੂਆਂ ਅਤੇ ਵਿਦੇਸੀ ਸੈਲਾਨੀਆਂ ਨੂੰ ਚਰਚ ਸਪਲਾਈ ਕਰਨ ਲੱਗਾ। ਵਿਦੇਸ਼ੀਆਂ ਦੇ ਸੰਪਰਕ ਵਿਚ ਆ ਕੇ ਉਸਨੇ ਇੰਟਰਨੈਟ ਵਰਤਣਾ ਵੀ ਸ਼ੁਰੂ ਕਰ ਦਿੱਤਾ ਅਤੇ ਆਪ ਵਿਦੇਸ਼ ਜਾਣ ਦੇ ਸੁਪਨੇ ਦੇਖਣ ਲੱਗਾ। ਤਿੰਨ ਸਾਲ ਦੇ ਬਾਦ ਉਹ ਪੁਲਿਸ ਦੇ ਹੱਥ ਚੜ੍ਹਿਆਂ ਉਸ ਦੇ ਪਾਸੋਂ ਧਾਰਮਕ ਪੁਸਤਕਾਂ, ਚਾਕੂ, ਮਾਲਾਵਾਂ ਅਤੇ ਕੈਮਰਾ ਆਦਿਕ ਚੀਜਾਂ ਬਰਾਮਦ ਹੋਈਆਂ।

ਜੈਪੁਰ ਦੇ ਕਿਸ਼ਨਗੜ੍ਹ ਦੇ ਵਿਧਾਇਕ ਨਾਥੂਰਾਮ ਦੇ ਪੁੱਤਰ ਦੀ ਹੱਤਿਆ ਦਾ ਦੋਸ਼ੀ ਬਲਵਾਗਰਾਮ ਵੀ ਹਰਿਦੁਆਰ ਆ ਕੇ ਸਾਧੂ ਬਣ ਗਿਆ।

ਦਰਅਸਲ, ਹੱਤਿਆ ਦੇ ਬਾਦ ਉਹ ਫਰਾਰ ਹੋਇਆ ਅਤੇ ਹਰਿਦੁਆਰ ਅਤੇ ਰਿਸ਼ੀਕੇਸ਼ ਵਿਚ ਸਾਧੂ ਬਣ ਗਿਆ। ਪੁਲਿਸ ਨੇ ਉਸ ਉੱਤੇ 50 ਹਜ਼ਾਰ ਰੁਪਏ ਦਾ ਇਨਾਮ ਵੀ ਰੱਖ ਦਿੱਤਾ। ਖੋਜਬੀਨ ਦੇ ਬਾਦ ਪੁਲਿਸ ਨੇ ਉਸ ਨੂੰ ਪਕੜ ਲਿਆ। ਉਹ ਨਾਂ ਬਦਲ ਕੇ ਬਲਵਾਰਾਮ ਤੋਂ ਬਲਦੇਵ ਦਾਸ ਹੋ ਗਿਆ ਸੀ। ਉਸਦੇ ਵਿਰੁੱਧ ਲੁੱਟ ਦੇ ਪੁਰਾਣੇ ਕਈ ਕੇਸ ਦਰਜ ਸਨ।

ਕੁਝ ਸਮੇਂ ਪਹਿਲਾਂ ਸਾਧੂਆਂ ਦਾ ਇਕ ਦਲ ਸਮਾਜਿਕ ਕਾਰਜਕਰਤਾ ਤ੍ਰਿਪਤਾ ਸ਼ਰਮਾਂ ਦੇ ਨਾਲ ਦੇਹਰਾਦੂਨ ਦੇ ਆਈ ਜੀ ਨੂੰ ਮਿਲਿਆ ਅਤੇ ਦੋਸ਼ ਲਗਾਇਆ ਕਿ ਰਿਸ਼ੀਰੇਸ਼ ਵਿੱਚ ਕੁਝ ਹਿਸਟਰੀਸ਼ੀਟਰ, ... ਕਾਤਲ ਅਤੇ ਲੁਟੇਰੇ ਗਰੋਹ ਬਣਾ ਕੇ ਸਾਧੂਆਂ ਦੇ ਬਾਣੇ ਧਾਰਨ ਕਰਕੇ ਘੁੰਮ ਰਹੇ ਹਨ। ਜੇਕਰ ਪੁਲਿਸ ਜਾਂਚ ਹੋ ਜਾਵੇ ਤਾਂ ਕਈ ਰਾਜਾਂ ਦੇ ਲੋੜੀਂਦੇ ਅਪਰਾਧੀ ਰਿਸ਼ੀਕੇਸ਼ ਅਤੇ ਹਰਿਦੁਆਰ ਵਰਗੀਆਂ ਨਗਰੀਆਂ ਤੋਂ ਮਿਲ ਜਾਣਗੇ।

**ਸੈਕਸ ਸਕੈਂਡਲ ਵਿੱਚ ਫਸਦੇ ਢੌਂਗੀ** : ਬਾਬਿਆਂ ਨੂੰ ਭਗਵਾਨ ਮੰਨ ਕੇ ਪੂਜਨ ਵਾਲੇ ਅੰਧ ਭਗਤ ਸ਼ਰਧਾਲੂਆਂ ਦੀ ਸ਼ਰਧਾਂ ਹਿਚਕੋਲੇ ਤਦ ਖਾਂਦੀ ਹੈ ਜਦ ਉਹਨਾਂ ਦੇ ਸੈਕਸ ਸਕੈਂਡਲ ਨਿਕਲਕੇ ਸਾਹਮਣੇ ਆਉਂਦੇ ਹਨ। ਉਂਜ ਇਹ ਕਮਜ਼ੋਰੀ ਧਰਮ ਗੁਰੂਆਂ ਦੀ ਬਹੁਤ ਪੁਰਾਣੀ ਹੈ।

ਬਾਬੇ ਲੋਕ ਸੈਕਸ ਸੰਬੰਧ, ਗੈਰ ਕੁਦਰਤੀ ਕਾਰਿਆਂ ਅਤੇ ਵੇਸਵਾਵ੍ਰਿਤੀ ਰੈਕੇਟ ਚਲਾਉਣ ਦੇ ਦੋਸ਼ਾਂ ਵਿੱਚ ਘਿਰਦੇ ਰਹੇ ਹਨ। ਕੋਈ ਵੀ ਧਰਮ ਇਹਨਾਂ ਪ੍ਰਵ੍ਰਿਤੀਆਂ ਤੋਂ ਅਲੱਗ ਨਹੀਂ ਹੈ। ਅਜਿਹੇ ਢੋਂਗੀਆਂ ਦੀ ਕੀ ਕਹੀਏ, ਧਰਮ ਦੇ ਕਈ ਠੇਕੇਦਾਰ ਘਿਰਣਿਤ ਦੋਸ਼ਾਂ ਵਿੱਚ ਫਸ ਚੁੱਕੇ ਹਨ। ਅਜਿਹੇ ਬਾਬੇ ਧਰਮ ਅਤੇ ਧਰਮਨਗਰੀਆਂ ਨੂੰ ਬਦਨਾਮ ਹੀ ਕਰਦੇ ਰਹੇ ਹਨ।

ਹਰਿਦੁਆਰ ਦੀ ਗੱਲ ਕਰੀਏ ਤਾਂ ਇੱਕ ਸਾਧੂ ਸੁਧੀਰ ਗਿਰੀ ਦੀ ਹੱਤਿਆ ਹੋ ਗਈ। ਪੁਲਿਸ ਜਾਂਚ ਵਿੱਚ ਉਸਦੇ ਕਮਰੇ ਤੋਂ ਨਿਰੋਧਾਂ ਤੋਂ ਇਲਾਵਾ ਹੋਰ ਇਤਰਾਜ਼ਯੋਗ ਸਾਮਾਨ ਮਿਲਿਆ। ਅਜਿਹੀਆਂ ਚੀਜ਼ਾਂ ਸਾਧੂ ਦੇ ਕੋਲ ਕੀ ਆਪ ਚੱਲ ਕੇ ਆ ਗਈਆਂ ਸਨ, ਇਸ ਦਾ ਜਵਾਬ ਅੱਜ ਤੱਕ ਕਿਸੇ ਨੂੰ ਨਹੀਂ ਮਿਲ ਸਕਿਆ ਹੈ।

ਉੱਤਰ ਪ੍ਰਦੇਸ਼ ਦੇ ਬਿਜਨੌਰ ਵਿੱਚ ਮਦਰੱਸੇ ਦੇ ਇਕ ਮੌਲਵੀ ਨਗਨ ਅਵਸਥਾਂ ਵਿੱਚ ਮਿਲੇ। ਜਾਂਚ ਵਿੱਚ ਪਤਾ ਲੱਗਿਆ ਕਿ ਵਿਆਗਰਾ ਦਾ ਉਸਨੇ ਜ਼ਿਆਦਾ ਸੇਵਨ ਕਰ ਲਿਆ ਸੀ ਅਤੇ ਇਕ ਮੁਟਿਆਰ ਦਾ ਰਾਤ ਨੂੰ ਭੂਤ ਉਤਾਰਨਾ ਚਾਹੁੰਦੇ ਸਨ। ਪਰੰਤੂ ਭਗਵਾਨ ਨੂੰ ਪਿਆਰੇ ਹੋ ਗਏ। ਧਰਮ ਦੇ ਨਾਂ ਉੱਤੇ ਰੋਜ਼ਾਨਾ ਨਵੇਂ ਕਿੱਸੇ ਸਾਹਮਣੇ ਆਉਂਦੇ ਰਹਿੰਦੇ ਸਨ। ਕੋਈ ਅਸ਼ਲੀਲ ਫਿਲਮਾਂ ਬਣਾ ਕੇ ਵੇਚਦਾ ਹੈ ਤਾਂ ਕੋਈ ਤੇਲਗੂ ਐਕਟਰੈੱਸ ਦੇ ਨਾਲ ਰੰਗ ਰਲੀਆਂ ਮਨਾਉਂਦਾ ਹੈ। ਅਜਿਹੇ ਬਾਬਿਆਂ ਦੀ ਬਹੁਤ ਵੱਡੀ ਗਿਣਤੀ ਹੈ। ਘਰ ਪਰਿਵਾਰ ਦੇ ਕਾਰਨਾਂ ਤੋਂ ਪਰੇਸ਼ਾਨ ਇਸਤਰੀ ਭਗਤਾਂ ਨੂੰ ਅਜਿਹੇ ਬਾਬਿਆਂ ਨਾਲ ਅਥਾਹ ਪ੍ਰੇਮ ਹੁੰਦਾ ਹੈ। ਮੌਕਾ ਮਿਲਦੇ ਸਾਰ ਉਹ ਕੁਕਰਮ ਕਰਨ ਤੋਂ ਵੀ ਨਹੀਂ ਚੁਕਦੇ ਹਨ।

ਸਾਧੂਆਂ ਦੀ ਕਰੂਤਤ : ਸਾਧੂ ਬਾਣੇ ਵਿੱਚ ਢੋਂਗੀਆਂ, ਪਖੰਡੀਆਂ ਅਤੇ ਸ਼ੈਤਾਨਾਂ ਦੀ ਵੱਡੀ ਗਿਣਤੀ ਮੌਜੂਦ ਹੈ। ਉਹਨਾਂ ਨੂੰ ਇਸ ਨਾਲ ਮਤਲਬ ਨਹੀਂ ਹੁੰਦਾ ਕਿ ਅੰਧ ਭਗਤ ਕੀ ਸੋਚਣਗੇ, ਕਿਉਂਕਿ ਭਗਤਾਂ ਦੀ ਗਿਣਤੀ ਉਹਨਾਂ ਦੇ ਲਈ ਘਟਦੀ ਵੱਧਦੀ ਰਹਿੰਦੀ ਹੈ। ਅਮਰੀਕਾ ਦੀ ਇਕ 25 ਸਾਲਾ ਮੁਟਿਆਰ ਘੁੰਮਣ ਦੇ ਲਈ ਰਿਸ਼ੀਕੇਸ਼ ਆਈ। ਉਹ ਲਕਸ਼ਮਣ ਝੂਲਾ ਮਾਰਗ ਤੋਂ ਘੁੰਮਦੀ ਹੋਈ ਗੰਗਾ ਕਿਨਾਰੇ ਉੱਤੇ ਪਾਂਡਵ ਗੁਫ਼ਾ ਤਕ ਪਹੁੰਚ ਗਈ। ਇਕ ਸਾਧੂ ਵੇਸ਼ਧਾਰੀ ਨੇ ਉਸ ਨਾਲ ਗੱਲਾਂ ਕੀਤੀਆਂ ਅਤੇ ਆਪਣੇ ਆਪ ਨੂੰ ਆਯੁਰਵੇਦ ਦਾ ਜਾਣਕਾਰ ਦੱਸ ਕੇ ਮਾਲਸ਼ ਮਾਹਰ ਵੀ ਦੱਸਿਆ। ਮੁਟਿਆਰ ਗੱਲਾਂ ਵਿੱਚ ਆ ਗਈ ਤਾਂ ਭੈੜੀ ਮਾਨਸਿਕਤਾ ਵਾਲੇ ਸਾਧੂ ਨੇ ਉਸਦੇ ਨਾਲ ਛੇੜਛਾੜ ਕਰਕੇ ਕੁਕਰਮ ਕਰਨ ਦੀ ਕੋਸ਼ਿਸ਼ ਕੀਤੀ। ਮੁਟਿਆਰ ਨੇ ਭੱਜ ਕੇ ਆਪਣੇ ਆਪ ਨੂੰ ਬਚਾਇਆ। ਮਾਮਲਾ ਪੁਲਿਸ ਦੇ ਧਿਆਨ ਵਿਚ ਆਇਆ ਪਰੰਤੂ ਪਖੰਡੀ ਹੱਥ ਨਹੀਂ ਲੱਗਿਆ। ਇਹ ਇਕੋ ਇਕ ਮਾਮਲਾ ਨਹੀਂ ਹੈ।

ਸਾਧੂ ਬਾਣੇ ਵਾਲੇ ਸ਼ੈਤਾਨ ਦੇਸ਼ੀ ਵਿਦੇਸ਼ੀ ਇਸਤਰੀ ਸੈਲਾਨੀਆਂ ਉੱਤੇ ਫਿਕਰੇ ਕਸਣ ਦੇ ਨਾਲ ਮੌਕਾ ਮਿਲਣ ਉੱਤੇ ਛੇੜਛਾੜ ਕਰ ਬੈਠਦੇ ਹਨ। ਇਕ ਵਿਆਹੁਤਾ ਸੈਲਾਨੀ ਕਹਿੰਦੀ ਹੈ ਕਿ ਉਸਦੇ ਬਰਾਬਰ ਤੋਂ ਇਕ ਸਾਧੂ, 'ਗੋਰੇ ਗੋਰੇ ਮੁਖੜੇ ਪਰ ਕਾਲਾ ਕਾਲਾ ਚਸ਼ਮਾ' ਗਾਣਾ ਗਾਉਂਦੇ ਹੋਏ ਨਿਕਲ ਗਿਆ, ਕਿਉਂਕਿ ਉਸਨੇ ਚਸ਼ਮਾ (ਐਨਕ) ਲਗਾਇਆ ਹੋਇਆ ਸੀ। ਸਥਾਨਕ ਲੋਕਾਂ ਦੀ ਮੰਨੀਏ ਤਾਂ ਅਜਿਹੇ ਸਾਧੂ ਪਕੜੇ ਜਾਣ ਦੇ ਡਰ ਤੋਂ ਥਾਂ ਬਦਲ ਲੈਂਦੇ ਹਨ। ਕੱਪੜੇ ਭਗਵੇਂ ਪਹਿਨਦੇ ਹਨ, ਪਰੰਤੂ ਮਨ ਵਿੱਚ ਪਾਪ ਲੀਲਾ ਚਲਦੀ ਰਹਿੰਦੀ ਹੈ।

**-ਨਿਤਿਨ ਸਬਰੰਗੀਤ**

ਧੰਨਵਾਦ ਸਹਿਤ ਮੈਗਜ਼ੀਨ 'ਸਰਿਤਾ' ਜੁਲਾਈ (ਪਹਿਲਾ) 2013

## ਧਰਮ ਦੀ ਚੱਕੀ ਵਿੱਚ ਪੀਹ ਹੁੰਦੀਆਂ ਇਸਤਰੀਆਂ

**-ਸ਼ੈਲੇਂਦਰ ਸਿੰਘ**

ਰੀਨਾ ਦੇ ਵਿਆਹ ਨੂੰ 4 ਸਾਲ ਹੋ ਗਏ ਸਨ। ਉਸ ਦੇ ਔਲਾਦ ਨਹੀਂ ਹੋ ਰਹੀ ਸੀ। ਉਸ ਉਤੇ ਬਾਂਝਪਨ ਦਾ ਦੋਸ਼ ਲੱਗਣ ਲੱਗਾ ਸੀ। ਰੀਨਾ ਨੇ ਆਪਣੇ ਪਿਉ ਨਾਲ ਜਾ ਕੇ ਲੇਡੀ ਡਾਕਟਰ ਤੋਂ ਚੈੱਕਅੱਪ ਕਰਵਾਇਆ। ਤਦ ਉਸਨੂੰ ਪਤਾ ਚੱਲਿਆ ਕਿ ਉਸ ਵਿੱਚ ਕੋਈ ਕਮੀ ਨਹੀਂ ਹੈ। ਡਾਕਟਰ ਨੇ ਉਸ ਨੂੰ ਸਲਾਹ ਦਿੱਤੀ ਕਿ ਇੱਕ ਵਾਰ ਆਪਣੇ ਪਤੀ ਦਾ ਵੀ ਚੈਕਅੱਪ ਕਰਵਾ ਲਵੋ। ਆਦਮੀਆਂ ਵਿੱਚ ਬਾਂਝਪਨ ਦਾ ਇਲਾਜ ਬਹੁਤ ਆਸਾਨੀ ਨਾਲ ਹੋ ਜਾਂਦਾ ਹੈ।

ਰੀਨਾ ਨੇ ਪਤੀ ਦੇ ਘਰ (ਸਹੁਰਾ ਘਰ) ਆ ਕੇ ਆਪਣੇ ਪਤੀ ਨੂੰ ਦੱਸੀ। ਪਤੀ ਨੂੰ ਇਹ ਮੰਨਜ਼ੂਰ ਨਹੀਂ ਸੀ ਕਿ ਉਹ ਡਾਕਟਰ ਦੇ ਕੋਲ ਜਾ ਕੇ ਆਪਣਾ ਚੈਕਅੱਪ ਕਰਾਏ। ਅਜਿਹੇ ਵਿੱਚ ਰੀਨਾ ਬਾਂਝਪਨ ਦਾ ਬੋਝ ਢੋਣ ਦੇ ਲਈ ਮਜ਼ਬੂਰ ਸੀ।

ਇਸੇ ਦੌਰਾਨ ਰੀਨਾ ਦੇ ਪਤੀ ਅਤੇ ਉਸ ਦੇ ਸਹੁਰੇ ਵਾਲਿਆਂ ਨੂੰ ਪਤਾ ਲੱਗਾ ਕਿ ਨੇੜੇ ਦੇ ਸ਼ਹਿਰ ਵਿੱਚ ਇੱਕ ਬਾਬਾ ਜੀ ਆਏ ਹਨ ਜਿਨ੍ਹਾਂ ਦੇ ਅਸ਼ੀਰਵਾਦ ਨਾਲ ਬਹੁਤ ਸਾਰੀਆਂ ਬਾਂਝ ਇਸਤਰੀਆਂ ਨੂੰ ਮੁੰਡੇ ਹੋਏ ਹਨ। ਰੀਨਾ ਦੇ ਸਹੁਰੇ ਵਾਲੇ ਉਸਨੂੰ ਬਾਬੇ ਦੇ ਕੋਲ ਲੈ ਗਏ। ਲਗਭਗ 40 ਸਾਲ ਦੀ ਉਮਰ ਦੇ ਬਾਬੇ ਨੇ ਉਸ ਦੇ ਢੰਗ ਤਰੀਕੇ ਨੂੰ ਦੇਖ ਕੇ ਰੀਨਾ ਦੇ ਮਨ ਵਿੱਚ ਇਹ ਵਿਚਾਰ ਆਇਆ ਕਿ ਇਥੇ ਆਉਣਾ ਠੀਕ ਨਹੀਂ ਹੈ। ਉਸ ਨੂੰ ਬਾਬੇ ਦੇ ਹਾਵ ਭਾਵ ਠੀਕ ਨਹੀਂ ਦਿੱਸ ਰਹੇ ਸਨ। ਬਾਬੇ ਨੇ ਰੀਨਾ ਨੂੰ ਆਪਣੇ ਕੋਲ ਬੈਠਣ ਦੇ ਲਈ ਕਿਹਾ। ਆਪਣੀ ਸੱਸ ਦੇ ਕਹਿਣ ਉਤੇ ਰੀਨਾ ਬਾਬੇ ਦੇ ਪਾਸ ਬੈਠ ਗਈ।

ਬਾਬੇ ਨੇ ਰੀਨਾ ਦੀ ਸੱਸ ਤੋਂ ਪੁੱਛਿਆ, "ਇਸ ਨੂੰ ਕੀ ਪਰੇਸ਼ਾਨੀ ਹੈ?" "ਬਾਬਾ ਜੀ, ਮੇਰੀ ਬਹੂ ਦੇ ਵਿਆਹ ਨੂੰ 4 ਸਾਲ ਹੋ ਗਏ ਹਨ। ਇਸ ਦੇ ਕੋਈ ਔਲਾਦ ਨਹੀਂ ਹੈ। ਮੈਂ ਤੁਹਾਡਾ ਬਹੁਤ ਨਾਂ ਸੁਣਿਆ ਹੈ। ਤੁਸੀਂ ਬਹੁਤ

ਸਾਰੀਆਂ ਇਸਤਰੀਆਂ ਦੀ ਕੁੱਖ ਹਰੀ ਕੀਤੀ ਹੈ। ਮੇਰੀ ਬਹੂ ਉਤੇ ਵੀ ਆਪ ਕ੍ਰਿਪਾ ਕਰ ਦਿਓ।"

ਇਹ ਸੁਣ ਕੇ ਬਾਬੇ ਦੀਆਂ ਅੱਖਾਂ ਵਿੱਚ ਇੱਕ ਚਮਕ ਆ ਗਈ। ਉਸ ਨੇ ਗੀਨਾ ਦੀ ਪਿੱਠ ਉਤੇ ਆਸ਼ੀਰਵਾਦ ਦੇਣ ਦੇ ਬਹਾਨੇ ਹੱਥ ਫੇਰਦੇ ਹੋਏ ਕਿਹਾ, "ਮਾਤਾ, ਤੇਰੀ ਬਹੂ ਨੂੰ ਬੱਚਾ ਜ਼ਰੂਰ ਹੋਵੇਗਾ। ਇਸ ਵਿੱਚ ਕੋਈ ਕਮੀ ਨਹੀਂ ਹੈ ਸਿਰਫ਼ ਇਕ ਦਿਨ ਪੂਜਾ ਕਰਾਉਣੀ ਹੋਵੇਗੀ।"

ਗੀਨਾ ਦੀ ਸੱਸ ਨੇ ਖੁਸ਼ ਹੁੰਦੇ ਕਿਹਾ, "ਮਹਾਰਾਜ, ਜੇਕਰ ਮੇਰੀ ਬਹੂ ਦੀ ਕੋਖ ਹਰੀ ਹੋ ਜਾਵੇ, ਮੇਰਾ ਵੰਸ਼ ਚੱਲ ਪਵੇ, ਤਾਂ ਮੈਂ ਆਪ ਦੀ ਹਰ ਇੱਛਾ ਪੂਰੀ ਕਰ ਦਿਆਂਗੀ। ਤੁਸੀਂ ਜਦ ਚਾਹੋ ਪੂਜਾ ਕਰ ਸਕਦੇ ਹੋ।"

ਬਾਬੇ ਨੇ ਇੱਕ ਸਪਤਾਹ ਬਾਦ ਗੀਨਾ ਨੂੰ ਦੁਆਰਾ ਆਉਣ ਨੂੰ ਕਿਹਾ। ਘਰ ਪਹੁੰਚ ਕੇ ਗੀਨਾ ਨੇ ਆਪਣੇ ਪਤੀ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਬਾਬੇ ਦੇ ਵਿਰੁੱਧ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸੀ, ਉਲਟਾ ਉਸਨੇ ਗੀਨਾ ਨੂੰ ਇਹ ਧਮਕੀ ਵੀ ਦੇ ਦਿੱਤੀ ਕਿ ਜੇਕਰ ਬਾਬੇ ਦੀ ਪੂਜਾ ਨਾਲ ਵੀ ਬੱਚਾ ਨਾ ਹੋਇਆ ਤਾਂ ਮਾਂ ਉਸਦੀ ਦੂਜੀ ਸ਼ਾਦੀ ਕਰਵਾ ਸਕਦੀ ਹੈ।

ਮਨੋਵਿਗਿਆਨਕ ਦਬਾਅ : ਦੂਜੇ ਵਿਆਹ ਦੇ ਨਾਂ ਉਤੇ ਗੀਨਾ ਝੁਕ ਗਈ। ਉਸ ਨੇ ਮਨ ਇਹ ਸੋਚ ਲਿਆ ਕਿ ਹੁਣ ਉਸਨੇ ਬਾਬੇ ਦੀ ਪੂਜਾ ਦਾ ਵਿਰੋਧ ਨਹੀਂ ਕਰਨਾ ਹੈ। ਤੈਅ ਸਮੇਂ ਉੱਤੇ ਗੀਨਾ ਦੀ ਸੱਸ ਅਤੇ ਪਤੀ ਉਸ ਨੂੰ ਲੈ ਕੇ ਬਾਬੇ ਦੇ ਕੋਲ ਲੈ ਗਏ। ਬਾਬੇ ਨੇ ਗੀਨਾ ਦੇ ਪਤੀ ਅਤੇ ਸੱਸ ਤੋਂ ਪੂਜਾ ਦਾ ਸਾਰਾ ਸਮਾਨ ਲੈ ਲਿਆ। ਹਵਨ ਕਰਨ ਦੇ ਨਾਂ ਉਤੇ 21 ਸੌ ਰੁਪਏ ਨਕਦ ਅਤੇ ਇੱਕ ਨਾਰੀਅਲ ਵੀ ਲਿਆ। ਇਸਦੇ ਬਾਅਦ ਉਨ੍ਹਾਂ ਲੋਕਾਂ ਨੂੰ ਬਾਹਰ ਬੈਠਣ ਦੇ ਲਈ ਕਹਿ ਕੇ ਉਹ ਗੀਨਾ ਨੂੰ ਅੰਦਰ ਲੈ ਗਿਆ। ਬਾਬੇ ਨੇ ਸਸੁਰਾਲ ਵਾਲਿਆਂ ਨੂੰ ਦੱਸ ਦਿੱਤਾ ਸੀ ਕਿ ਪੂਜਾ ਵਿੱਚ 4-5 ਘੰਟਿਆਂ ਦਾ ਸਮਾਂ ਲੱਗ ਸਕਦਾ ਹੈ। ਉਹ ਚਾਹੁੰਣ ਤਾਂ ਉਹ ਲੋਕ ਉਥੇ ਬੈਠੇ ਰਹਿਣ ਅਤੇ ਚਾਹੁਣ ਤਾਂ ਘਰ ਜਾ ਕੇ ਦੁਆਰਾ ਆ ਜਾਣਾ। ਗੀਨਾ ਦੇ ਘਰ ਵਾਲੇ ਉਥੇ ਹੀ ਬੈਠੇ ਰਹੇ।ਬਾਬੇ ਨੇ ਗੀਨਾ ਦੇ ਨਾਲ ਪੂਜਾ ਸ਼ੁਰੂ ਕੀਤੀ। ਛੋਟੇ ਜਿਹੇ ਕਮਰੇ ਵਿੱਚ ਹਵਨ ਦਾ ਧੂੰਆਂ ਭਰ ਗਿਆ। ਗੀਨਾ ਨੂੰ ਖੰਘ ਆਉਣ ਲੱਗੀ। ਬਾਬੇ ਨੇ ਉਸਨੂੰ ਪੀਣ ਦੇ ਲਈ ਪਾਣੀ ਦਿੱਤਾ। ਪਾਣੀ ਪੀਣ ਦੇ ਬਾਅਦ ਗੀਨਾ ਨੂੰ ਨੀਂਦ ਆਉਣ ਲੱਗੀ। 3-4 ਘੰਟਿਆਂ ਬਾਅਦ ਗੀਨਾ ਦੀ ਨੀਂਦ ਖੁੱਲ੍ਹੀ ਤਾਂ ਉਸਨੇ ਆਪਣੇ ਆਪ ਨੂੰ ਮੰਦਰ ਦੇ ਕੋਲ ਬਣੇ ਕਮਰੇ ਵਿੱਚ ਦੇਖਿਆ। ਉਸ ਦੇ ਕੱਪੜੇ ਉਲਟ ਪੁਲਟ ਸਨ। ਸਰੀਰ ਵੀ ਦੁੱਖ ਰਿਹਾ ਸੀ। ਉਹ ਆਪਣੇ ਕੱਪੜੇ ਸੰਭਾਲਦੀ ਹੋਈ ਖੜ੍ਹੀ ਹੋ ਗਈ।

ਤਦੇ ਬਾਬਾ ਪਾਸ ਆਇਆ ਬੋਲਿਆ ਕਿ ਹੁਣ ਤੇਰੀ ਕੋਖ ਹਰੀ ਹੋ ਜਾਏਗੀ। ਗੀਨਾ ਸਭ ਕੁਝ ਜਾਣ ਸਮਝ ਕੇ ਵੀ ਚੁੱਪ ਰਹੀ, ਕਿਉਂਕਿ ਇਸ ਅੱਗ ਵਿੱਚ ਆਪ ਉਸ ਦੇ ਪਤੀ ਨੇ ਹੀ ਝੋਕਿਆ ਸੀ। ਗੀਨਾ ਪਤੀ ਅਤੇ ਸੱਸ ਦੇ ਕੋਲ ਚਲੀ ਆਈ। ਬਾਬੇ ਨੇ ਆ ਕੇ ਕਿਹਾ ਕਿ ਤੁਹਾਡੀ ਬਹੂ ਉਤੇ ਪੂਜਾ ਦਾ ਅਸਰ ਹੈ। ਕੁੱਝ ਦੇਰ ਵਿੱਚ ਠੀਕ ਹੋ ਜਾਏਗੀ।

ਦਿਨ ਬਤੀਤ ਹੋਣ ਲੱਗੇ। ਕੁੱਝ ਸਮੇਂ ਵਿੱਚ ਹੀ ਗੀਨਾ ਨੂੰ ਪਤਾ ਚੱਲ ਗਿਆ ਕਿ ਉਹ ਮਾਂ ਬਣਨ ਵਾਲੀ ਹੈ। ਸਾਰੇ ਘਰ ਵਿੱਚ ਖੁਸ਼ੀ ਦਾ ਮਾਹੌਲ ਸੀ। ਗੀਨਾ ਖੁਸ਼ ਸੀ ਕਿ ਬਾਂਝਪਨ ਦਾ ਦਾਗ ਮਿਟ ਗਿਆ। ਉਸਦਾ ਪਤੀ ਖੁਸ਼ ਸੀ ਕਿ ਉਸਨੂੰ ਆਪਣਾ ਮੈਡੀਕਲ ਟੈਸਟ ਕਰਾਉਣ ਨਹੀਂ ਜਾਣਾ ਪਿਆ। ਗੀਨਾ ਦੀ ਸੱਸ ਵੀ ਖੁਸ਼ ਸੀ ਕਿ ਉਸ ਦਾ ਵੰਸ਼ ਚੱਲ ਪਿਆ ਹੈ।

ਬਾਂਝਪਨ ਦਾ ਇਲਾਜ ਕਰਨ ਵਾਲੀ ਡਾਕਟਰ ਸੁਨੀਤਾ ਚੰਦਰਾ ਜੀ ਕਹਿੰਦੀ ਹੈ ਕਿ ਸਾਡੇ ਪਾਸ ਬਹੁਤ ਸਾਰੇ ਅਜਿਹੇ ਮਾਮਲੇ/ਕੇਸ ਆਉਂਦੇ ਹਨ, ਜਿਨ੍ਹਾਂ ਵਿੱਚ ਇਸਤਰੀਆਂ ਬਾਬਿਆਂ ਦੇ ਪਾਸ ਮਾਂ ਬਣਨ ਦੇ ਲਈ ਜਾਂਦੀਆਂ ਹਨ। ਕੁੱਝ ਨਿਰਾਸ਼ ਹੋ ਕੇ ਬਾਬਿਆਂ ਦੀ ਸੱਚਾਈ ਜਾਣਕੇ ਡਾਕਟਰਾਂ ਦੇ ਪਾਸ ਆਉਂਦੀਆਂ। ਉਹ ਮੰਨਦੀਆਂ ਹਨ ਕਿ ਬਾਂਝਪਨ ਦੇ ਇਲਾਜ ਵਿੱਚ ਸਭ ਤੋਂ ਵੱਡੀ ਪਰੇਸ਼ਾਨੀ ਪਤੀ ਖੜ੍ਹੀ ਕਰਦੇ ਹਨ। ਪਤੀਆਂ ਦੀ ਮਰਦਾਨਗੀ ਉਤੇ ਕੋਈ ਸਵਾਲ ਨਾ ਖੜ੍ਹਾ ਹੋਵੇ, ਇਸਦੇ ਲਈ ਉਹ ਬਾਂਝਪਨ ਦੀ ਜਾਂਚ ਕਰਾਉਣ ਦੇ ਲਈ ਹਮੇਸ਼ਾ ਬਚਣ ਦੀ ਕੋਸ਼ਿਸ਼ ਕਰਦੇ ਹਨ।

ਪਤੀ ਦੇ ਲਈ ਵਰਤ ਅਤੇ ਪੂਜਾ : ਇਸਤਰੀ ਜਿੰਨੇ ਵੀ ਵਰਤ ਰੱਖਦੀ ਹੈ ਅਤੇ ਪੂਜਾ ਕਰਦੀ ਹੈ, ਉਸ ਦੇ ਪਿੱਛੇ ਦੋ ਉਦੇਸ਼ ਹੁੰਦੇ ਹਨ, ਇੱਕ ਪਤੀ ਦੀ ਲੰਬੀ ਉਮਰ ਅਤੇ ਤਰੱਕੀ ਅਤੇ ਦੂਜਾ ਔਲਾਦ ਦਾ ਸੁਖ ਅਤੇ ਉਸ ਦੀ ਲੰਬੀ ਉਮਰ। ਪਤੀ ਦੇ ਲਈ ਪਤਨੀ ਕਰਵਾਚੌਥ, ਕਜਰੀਤੀਜ (ਭਾਦੋਂ ਦੇ ਮਹੀਨੇ ਵਿੱਚ ਮਨਾਇਆ ਜਾਣ ਵਾਲਾ ਇਸਤਰੀਆਂ ਦਾ ਤਿਉਹਾਰ), ਵਰਤ-ਸਾਵਿਤਰੀ (ਤੀਵੀਂਆਂ ਦਾ ਇੱਕ ਵਰਤ) ਪੂਜਾ ਵਰਗੇ ਬਹੁਤ ਸਾਰੇ ਵਰਤ ਰੱਖਦੀ ਹੈ। ਇਸੇ ਤਰ੍ਹਾਂ ਉਹ ਪੁੱਤਰਾਂ ਦੇ ਲਈ ਵੀ ਵਰਤ ਰੱਖਦੀ ਹੈ। ਇਸ ਵਿੱਚ ਹਰਛੱਠ, ਅਹੋਈ ਅਸ਼ਟਮੀ, ਗਣੇਸ਼ਚੌਥ ਪ੍ਰਮੁੱਖ ਹਨ। ਮਜ਼ੇ ਦੀ ਗੱਲ ਇਹ ਹੈ ਕਿ ਪਤਨੀ ਕੋਈ ਵੀ ਵਰਤ ਆਪਣੇ ਲਈ ਜਾਂ ਆਪਣੀਆਂ ਲੜਕੀਆਂ ਦੇ ਲਈ ਨਹੀਂ ਰੱਖਦੀ। ਇਸਤਰੀਆਂ ਦੇ ਇਸ ਮਨੋਵਿਗਿਆਨ ਨੂੰ ਸਮਝਦੇ ਹੋਏ ਧਰਮ ਦਾ ਪ੍ਰਚਾਰ ਕਰਨ ਵਾਲੇ ਸਮੇਂ ਸਮੇਂ ਉੱਤੇ ਅਫ਼ਵਾਹਾਂ ਵੀ ਉੱਡਾਂਦੇ ਰਹਿੰਦੇ ਹਨ। ਕੁੱਝ ਸਮੇਂ ਪਹਿਲਾਂ ਉੱਤਰ ਭਾਰਤ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਇਹ ਅਫ਼ਵਾਹ ਤੇਜ਼ੀ ਨਾਲ ਉੱਡੀ ਕਿ ਜਿਹੜੀਆਂ ਇਸਤਰੀਆਂ ਨੇ ਆਪਣੇ ਪਤੀਆਂ ਦੀ ਰੱਖਿਆ ਕਰਨੀ ਹੈ ਉਹ ਚਾਂਦੀ ਦੀਆਂ 4 ਬਿਛੀਆ (ਪੈਰ ਦੀਆਂ ਉਂਗਲੀਆਂ ਦੇ ਛੱਲੇ) ਲੈ ਕੇ ਗਾਂ ਦੇ ਦੁੱਧ ਵਿਚ ਪਾ ਕੇ ਪਿੱਪਲ ਦੇ ਦਰੱਖਤ ਉੱਤੇ ਚੜ੍ਹਾਵੇ। ਇਸ ਨਾਲ ਪਤੀਆਂ ਦੀ ਉਮਰ ਵਧੇਗੀ ਅਤੇ ਤਰੱਕੀ ਕਰਨਗੇ। ਪਤੀ ਦੇ ਲਈ ਪਤਨੀ ਧਰਮ ਅਤੇ ਅੰਧਵਿਸ਼ਵਾਸ ਦੀ ਹਰੇਕ ਚੱਕੀ ਵਿੱਚ ਪੀਹ ਹੋਣ ਦੇ ਲਈ ਤਿਆਰ ਰਹਿੰਦੀ ਹੈ। ਸਵਾਲ ਉੱਠਦਾ ਹੈ ਕੀ ਪਤੀ ਨੂੰ ਕਦੇ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਹੁੰਦੀ ? ਕਦੇ ਪਤੀ ਆਪਣੀ ਪਤਨੀ ਦੇ ਲਈ ਕੋਈ ਵਰਤ ਕਿਉਂ ਨਹੀਂ ਰੱਖਦਾ ਹੈ ?



ਧਰਮ ਨੇ ਅਜਿਹੀ ਕੋਈ ਪੂਜਾ ਹੀ ਨਹੀਂ ਬਣਾਈ, ਜਿਸ ਵਿੱਚ ਪਤੀ ਆਪਣੀ ਪਤਨੀ ਦੇ ਲਈ ਵਰਤ ਰੱਖਦਾ ਹੋਵੇ। ਆਪਣੀ ਜਾਨ ਬਚਾਣ ਅਤੇ ਤਰੱਕੀ ਦੀ ਓਟ ਵਿੱਚ ਪਤੀ, ਪਤਨੀ ਨੂੰ ਹੀ ਧਰਮ ਦੀ ਅੱਗ ਵਿੱਚ ਝੋਂਕਦਾ ਹੈ।

ਧਰਮ ਅਤੇ ਅੰਧਵਿਸ਼ਵਾਸ ਦੀ ਆੜ ਵਿੱਚ ਸ਼ੋਸ਼ਣ:- ਹਾਲੇ ਵੀ ਸਮਾਜ ਦੇ ਇੱਕ ਹਿੱਸੇ ਵਿੱਚ ਕਈ ਭਾਈਆਂ ਦੇ ਵਿੱਚ ਇੱਕ ਪਤਨੀ ਰੱਖਣ ਦੀ ਪਰੰਪਰਾ ਚਲ ਰਹੀ ਹੈ। ਇਸ ਦਾ ਮੂਲ ਕਾਰਨ ਤਾਂ ਘਰ ਦੀ ਜਮੀਨ-ਜਾਇਦਾਦ ਨੂੰ ਤਕਸੀਮ ਤੋਂ ਬਚਾਉਣਾ ਹੁੰਦਾ ਹੈ। ਪਤੀ ਇਸ ਦੀ ਆੜ ਵਿੱਚ ਪਤਨੀ ਦਾ ਸ਼ੋਸ਼ਣ ਕਰਦਾ ਹੈ। ਇੱਕ ਪਤਨੀ ਨੇ ਕਈ ਪਤੀਆਂ ਦੇ ਨਾਲ ਸੰਬੰਧ ਬਣਾਉਣੇ ਹੁੰਦੇ ਹਨ, ਜੋ ਉਸ ਦੇ ਅਧਿਕਾਰਾਂ ਦਾ ਕਤਲ ਹੈ। ਇੱਥੇ ਪਤੀ ਦੀ ਨਜ਼ਰ ਵਿੱਚ ਪਤਨੀ ਸਹਿਯੋਗੀ ਜਾਂ ਸਾਥੀ ਨਾ ਹੋ ਕੇ ਵਸਤੂ ਬਣ ਜਾਂਦੀ ਹੈ। ਉਸ ਦਾ ਕੰਮ ਸਾਰੇ ਪਰਿਵਾਰ ਦੇ ਆਦਮੀਆਂ ਨੂੰ ਸੰਭਾਲਣਾ ਰਹਿ ਜਾਂਦਾ ਹੈ। ਬਹੁਪਤੀ ਪ੍ਰਥਾ ਦਾ ਰਿਵਾਜ ਦੇਸ਼ ਦੇ ਕੁੱਝ ਹਿੱਸਿਆਂ ਵਿੱਚ ਅਜੇ ਵੀ ਹੈ। ਉਥੇ ਇਸਨੂੰ ਸਮਾਜਿਕ ਮਾਨਤਾ ਵੀ ਮਿਲੀ ਹੋਈ ਹੈ। ਹਰ ਇਸਤਰੀ ਇੱਕ ਨਿਸ਼ਚਿਤ ਉਮਰ ਵਿੱਚ ਮਾਹਵਾਰੀ ਧਰਮ ਦੇ ਦੌਰ ਤੋਂ ਲੰਘਦੀ ਹੈ। ਮਾਹਵਾਰੀ ਦੇ ਸਮੇਂ ਇਸਤਰੀਆਂ ਨੂੰ ਉਨ੍ਹਾਂ ਦਾ ਆਮ ਜੀਵਨ ਨਹੀਂ ਜਿਉਣ ਦਿੱਤਾ ਜਾਂਦਾ।

ਇੱਕ ਪਾਸੇ ਕਰਵਾਚੌਥ ਵਿੱਚ ਪਤਨੀ ਦਿਨ ਭਰ ਭੁੱਖੀ ਪਿਆਸੀ ਰਹਿ ਕੇ ਪਤੀ ਦੀ ਲੰਬੀ ਉਮਰ ਦੇ ਲਈ ਵਰਤ ਰੱਖਦੀ ਹੈ, ਤਾਂ ਦੂਜੇ ਪਾਸੇ ਪਤੀ ਸਾਰਾ ਦਿਨ ਆਪ ਮੌਜ ਮਸਤੀ ਵਿੱਚ ਡੁੱਬਿਆ ਰਹਿੰਦਾ ਹੈ। ਪਤੀ ਦੇ ਲਈ ਪਤਨੀ ਆਪਣੇ ਸਰੀਰ ਉਤੇ ਸਭ ਤਰ੍ਹਾਂ ਦੇ ਸੁਹਾਗ ਚਿੰਨ ਧਾਰਨ ਕਰਦੀ ਹੈ। ਇਸ ਵਿੱਚ ਸੰਧੂਰ ਲਗਾਉਣਾ, ਪੈਰਾਂ ਵਿੱਚ ਰੰਗ ਲਗਾਉਣਾ, ਹੱਥਾਂ ਵਿੱਚ ਕੰਚ ਦੀਆਂ ਚੂੜੀਆਂ ਪਹਿਨਣਾ, ਗਲੇ ਵਿੱਚ ਮੰਗਲਸੂਤਰ ਪਹਿਨਣਾ ਵਰਗੀਆਂ ਅਨੇਕ ਜ਼ੁੰਮੇਵਾਰੀਆਂ ਸ਼ਾਮਲ ਹਨ। ਵਿਆਹ ਹੋਣ ਦੇ ਬਾਅਦ ਇਸਤਰੀ ਉਤੇ ਠੋਕੀ ਗਈਆਂ ਇਨ੍ਹਾਂ ਨਿਸ਼ਾਨੀਆਂ ਤੋਂ ਇਸ ਗੱਲ ਨੂੰ ਜਾਣਿਆਂ ਜਾ ਸਕਦਾ ਹੈ ਕਿ ਉਸਦਾ ਵਿਆਹ ਹੋ ਗਿਆ ਹੈ। ਪਤੀ ਨੂੰ ਦੇਖ ਕੇ ਇਸ ਗੱਲ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਲ ਹੁੰਦਾ ਹੈ ਕਿ ਉਹ ਕੁਆਰਾ ਹੈ ਜਾਂ ਸ਼ਾਦੀਸ਼ੁਦਾ। ਕਈ ਮਾਮਲਿਆਂ ਵਿੱਚ ਦੇਖਿਆ ਗਿਆ ਹੈ ਕਿ ਪਤੀ ਆਪਣੇ ਆਪ ਨੂੰ ਕੁਆਰਾ ਦੱਸ ਕੇ ਦੂਜਾ ਵਿਆਹ ਤੱਕ ਕਰ ਲੈਂਦਾ ਹੈ। ਇਸ ਤਰ੍ਹਾਂ ਪਤੀ ਪਤਨੀ ਨੂੰ ਧਰਮ ਦੀਆਂ ਬੇੜੀਆਂ ਵਿੱਚ ਜਕੜੀ ਹੋਈ ਛੱਡ ਕੇ ਆਪ ਮੌਜ ਮਸਤੀ ਕਰਦੇ ਰਹਿੰਦੇ ਹਨ।

**ਅਨੁਵਾਦਕ : ਪਵਨ ਕੁਮਾਰ ਰੱਤੋਂ**

# ਸ਼ੰਕਾ ਨਵਿਰਤੀ

**ਪ੍ਰਸ਼ਨ : ਤਰਕਸ਼ੀਲ ਧਰਮ ਤੇ ਹੀ ਤਰਕ ਕਿਉਂ ਕਰਦੇ ਹਨ ?**

ਉਤਰ : ਤਰਕਸ਼ੀਲ ਇਕੱਲੇ ਧਰਮ ’ਤੇ ਹੀ ਤਰਕ ਨਹੀਂ ਕਰਦੇ ਸਗੋਂ ਸਾਡੇ ਸਮਾਜ ਨੂੰ ਪਿੱਛੇ ਖਿਚ ਰਹੀਆਂ ਸਾਰੀਆਂ ਸੋਚਾਂ ’ਤੇ ਤਰਕ ਕਰਦੇ ਹਨ। ਤਾਂ ਜੋ ਸਾਡੇ ਲੋਕ ਇਨ੍ਹਾਂ ਪਛੜੀਆਂ ਗੱਲਾਂ ਤੋਂ ਉੱਪਰ ਉਠਣ। ਸਾਡੇ ਦੇਸ਼ ਵਿੱਚ ਸਭ ਤੋਂ ਜ਼ਿਆਦਾ ਧਰਮ ’ਤੇ ਸਭ ਤੋਂ ਵੱਧ ਮੰਨਣ ਵਾਲੇ ਲੋਕ ਤੇ ਸਭ ਤੋਂ ਵੱਧ ਧਾਰਮਿਕ ਸਥਾਨ ਹਨ। ਫੇਰ ਵੀ ਸਾਡੇ ਵਿੱਚ ਦੁਰਘਟਨਾਵਾਂ ਸਭ ਤੋਂ ਵੱਧ, ਬਿਮਾਰੀਆਂ ਸਭ ਤੋਂ ਵੱਧ, ਰਿਸ਼ਵਤਖੋਰੀ ਅਤੇ ਬੇਇਮਾਨੀ ਹੈ। ਜਿਸ ਦਾ ਸਿੱਧਾ ਜਿਹਾ ਮਤਲਬ ਹੈ ਕਿ ਧਰਮ ਤੇ ਬੁਰਾਈਆਂ ਦਾ ਸਿੱਧਾ ਸਬੰਧ ਹੈ। ਇੱਥੋਂ ਦੀ ਗੰਦੀ ਰਾਜਨੀਤੀ ਧਾਰਮਿਕ ਸਥਾਨਾਂ ਤੋਂ ਹੀ ਹੋ ਕੇ ਕੁਰਸੀ ’ਤੇ ਪਹੁੰਚਦੀ ਹੈ ਅਤੇ ਦੇਸ਼ ਦੇ ਲੋਕਾਂ ਨੂੰ ਦੋਹੇ ਹੱਥੀਂ ਲੁੱਟਣਾ ਸ਼ੁਰੂ ਕਰ ਦਿੰਦੀ ਹੈ।

**ਪ੍ਰਸ਼ਨ : ਕੀ ਧਾਰਮਿਕ ਬੰਦੇ ਮਾਨਸਿਕ ਰੋਗੀ ਹੁੰਦੇ ਹਨ ?**

ਉਤਰ : ਅਸੀਂ ਧਾਰਮਿਕ ਬੰਦਿਆਂ ਨੂੰ ਮਾਨਸਿਕ ਰੋਗੀ ਤਾਂ ਨਹੀਂ ਸਮਝਦੇ ਪਰ ਜਿਵੇਂ ਮਾਰਕਸ ਨੇ ਕਿਹਾ ਸੀ ਕਿ ਧਰਮ ਇੱਕ ਨਸ਼ਾ ਹੈ ਅਤੇ ਧਾਰਮਿਕ ਲੋਕ ਨਸ਼ਈ ਹੁੰਦੇ ਹਨ। ਉਨ੍ਹਾਂ ਦੇ ਦਿਮਾਗ ਵਿਗਿਆਨਕ ਪੱਖ ਤੋਂ ਬੰਦ ਹੀ ਹੋ ਜਾਂਦੇ ਹਨ। ਉਹ ਸਿਰਫ਼ ਆਪਣੇ ਧਾਰਮਿਕ ਆਗੂ ਦੀਆਂ ਗੱਲਾਂ ’ਤੇ ਕੋਈ ਕਿੰਤੂ ਪ੍ਰੰਤੂ ਨਹੀਂ ਕਰਦੇ ਜਿਸ ਲਈ ਉਹ ਲੁੱਟ ਦਾ ਸ਼ਿਕਾਰ ਹੁੰਦੇ ਹਨ।

**ਪ੍ਰਸ਼ਨ : ਕੀ ਭਾਰਤ ਨੂੰ ਹਿੰਦੋਸਤਾਨ ਕਹਿਣਾ ਜਾਇਜ਼ ਹੈ।**

ਉਤਰ : ਭਾਰਤ ਹਿੰਦੂਆਂ, ਮੁਸਲਮਾਨਾਂ, ਇਸਾਈਆਂ, ਸਿੱਖਾਂ ਅਤੇ ਨਾਸਤਿਕਾਂ ਦਾ ਦੇਸ਼ ਹੈ। ਇਸ ਦਾ ਨਾਂ ਕਿਸੇ ਵਿਸ਼ੇਸ਼ ਧਰਮ ਨਾਲ ਜੋੜਨਾ ਗਲਤ ਹੈ। ਇਸ ਲਈ ਭਾਰਤ ਨੂੰ ਭਾਰਤ ਹੀ ਕਹਿਣਾ ਚਾਹੀਦਾ ਹੈ ਹਿੰਦੋਸਤਾਨ ਨਹੀਂ।

**ਪ੍ਰਸ਼ਨ : ਕੀ ਜੋ ਹੁੰਦਾ ਹੈ ਉਹ ਚੰਗੇ ਲਈ ਹੁੰਦਾ ਹੈ ?**

ਉਤਰ :ਤਰਕਸ਼ੀਲ ਇੰਝ ਨਹੀਂ ਸੋਚਦੇ ਜੋ ਉਤਰਾਖੰਡ ਵਿੱਚ ਜ਼ਿਆਦਾ ਬਰਸਾਤ ਕਾਰਨ ਹੜ੍ਹ ਆ ਗਏ ਤੇ ਬਹੁਤ ਸਾਰੇ ਧਾਰਮਿਕ ਸਥਾਨ, ਮੂਰਤੀਆਂ, ਧਾਰਮਿਕ ਪੁਸਤਕਾਂ ਅਤੇ ਲੋਕੀਂ ਹੜ੍ਹਾਂ ਵਿੱਚ ਰੁੜ ਗਏ ਤਾਂ ਕੀ ਇਹ ਚੰਗੇ ਲਈ ਹੋਇਆ ਹੈ। ਨਹੀਂ ਇਹ ਕੁਦਰਤ ਦੇ ਨਿਯਮਾਂ ਅਨੁਸਾਰ ਵਾਪਰਿਆ ਹੈ। ਕਿਤੇ ਨਾ ਕਿਤੇ ਮਨੁੱਖੀ ਗਲਤੀ ਹੈ ਕਿਉਂਕਿ ਕਈ ਵਾਰ



ਮਨੁੱਖ ਇਹ ਸੋਚ ਲੈਂਦਾ ਹੈ ਕਿ ਸਾਡੇ ਧਾਰਮਿਕ ਸਥਾਨ ਗੁਰੂਤਾ ਅਕਾਰਸ਼ਣ ਦੇ ਨਿਯਮ ਨੂੰ ਮਾਤ ਦੇ ਸਕਦੇ ਹਨ। ਪਰ ਅਜਿਹਾ ਹੋ ਨਹੀਂ ਸਕਦਾ ਧਰਤੀ ਦੇ ਕੇਂਦਰ ਨੇ ਪੱਥਰਾਂ ਤੇ ਪਾਣੀ ਨੂੰ ਆਪਣੇ ਕੇਂਦਰ ਵੱਲ ਖਿਚਣਾ ਹੀ ਹੈ। ਇਸ ਲਈ ਉਨ੍ਹਾਂ ਨੂੰ ਜੋ ਨੇੜੇ ਤੋਂ ਨੇੜੇ ਸਥਾਨ ਧਰਤੀ ਦੇ ਕੇਂਦਰ ਨੂੰ ਜਾਣ ਵਾਲਾ ਮਿਲੇਗਾ ਉੱਧਰ ਨੂੰ ਇਹ ਤੁਰ ਪੈਣਗੇ।

**ਪ੍ਰਸ਼ਨ : ਨਾਸਤਿਕ ਬੰਦੇ ਰੱਬ ਦੀ ਸਭ ਤੋਂ ਵੱਧ ਚਰਚਾ ਕਿਉਂ ਕਰਦੇ ਹਨ ?**

ਉਤਰ : ਅਸੀਂ ਸਮਝਦੇ ਹਾਂ ਕਿ ਪਿਛਲੇ ਦਸ ਹਜ਼ਾਰ ਸਾਲਾਂ ਤੋਂ ਰਾਜੇ ਮਹਾਰਾਜਿਆਂ ਵੱਲੋਂ ਸਾਡੇ ਲੋਕਾਂ ਨਾਲ ਸਭ ਤੋਂ ਵੱਡਾ ਧੋਖਾ ਜੋ ਕੀਤਾ ਗਿਆ ਹੈ ਉਹ ਰੱਬ ਦੀ ਕਲਪਨਾ ਕਰਕੇ ਹੀ ਕੀਤਾ ਗਿਆ ਹੈ। ਇਸ ਲਈ ਜਿਹੜੇ ਬੰਦੇ ਇਸ ਸੱਚਾਈ ਨੂੰ ਮਹਿਸੂਸ ਕਰ ਲੈਂਦੇ ਹਨ ਉਹ ਆਪਣੇ ਪੱਧਰ ’ਤੇ ਸਧਾਰਣ ਲੋਕਾਂ ਨੂੰ ਚੇਤਨ ਕਰਨ ਦਾ ਯਤਨ ਕਰਦੇ ਹਨ। ਇਸ ਲਈ ਚਰਚਾ ਸਭ ਤੋਂ ਵੱਧ ਰੱਬ ’ਤੇ ਹੋ ਜਾਂਦੀ ਹੈ। ਤਰਕਸ਼ੀਲ ਇਹ ਵੀ ਜਾਣਦੇ ਹਨ ਕਿ ਰੱਬ ਦੀ ਕੋਈ ਹੋਂਦ ਨਹੀਂ। ਰੱਬ ਵਿਰੁੱਧ ਗੱਲਾਂ ਕਰਨਾ ਹਵਾ ਵਿੱਚ ਤੀਰ ਮਾਰਨਾ ਹੀ ਹੈ। ਪਰ ਸਾਡੇ ਲੋਕ ਤਾਂ ਰੱਬ ਦੇ ਨਾਂ ਉਪਰ ਹੀ ਠੱਗੇ ਤੇ ਲੁੱਟੇ ਜਾ ਰਹੇ ਹਨ। ਇਸ ਲਈ ਇਹ ਚਰਚਾ ਸਾਡੇ ਲਈ ਜ਼ਰੂਰੀ ਹੋ ਜਾਂਦੀ ਹੈ।

**ਪ੍ਰਸ਼ਨ : ਕੀ ਅਜੋਕੀ ਤਰਕਸ਼ੀਲਤਾ ਬਿਨ੍ਹਾਂ ਕਿਸੇ ਸਿਆਸੀ ਸੋਚ ਦੇ ਕਿਸੇ ਕੰਮ ਦੀ ਹੈ ਜਾਂ ਇਨ੍ਹਾਂ ਨੂੰ ਵੀ ਕਿਸੇ ਦੇ ਹੱਕ ਵਿੱਚ ਭੁਗਤਣਾ ਪੈਣਾ ਹੈ।**

ਉਤਰ : ਤਰਕਸ਼ੀਲ ਲਹਿਰ ਦੀ ਪਹਿਲੀ ਕਿਤਾਬ ਤੇ ‘...ਦੇਵ ਪੁਰਸ਼ ਹਾਰ ਗਏ’ ਦੇ ਪਹਿਲੇ ਐਡੀਸ਼ਨ ’ਤੇ ਹੀ ਲਿਖੀਆਂ ਇਹ ਲਾਈਨਾਂ ਸਾਡੀ ਗੱਲ ਨੂੰ ਸਪੱਸ਼ਟ ਕਰ ਦਿੰਦੀਆਂ ਹਨ।

ਅੰਧਵਿਸ਼ਵਾਸਾਂ ਵਿਰੁੱਧ ਸੰਘਰਸ਼ ਨੂੰ ਪਰੋਲੇਤਾਰੀ ਦੀ ਮੁਕਤੀ ਲਈ ਚੱਲ ਰਹੇ ਸੰਘਰਸ਼ ਨਾਲ ਜੋੜ ਕੇ ਹੀ ਜਿੱਤਿਆ ਜਾ ਸਕਦਾ ਹੈ।

ਇਸ ਲਈ ਪਿਛਲੇ 29 ਵਰ੍ਹਿਆਂ ਵਿੱਚ ਅਸੀਂ ਇਸ ਜੱਦੋਂ ਜਹਿਦ ਨੂੰ ਲੋਕਾਂ ਦੇ ਜੱਥੇਬੰਦਕ ਸੰਘਰਸ਼ ਨਾਲ ਜੋੜਨ ਦਾ ਯਤਨ ਕੀਤਾ ਹੈ। ਜਿੱਥੇ ਕਿਤੇ ਵੀ ਸਾਨੂੰ ਸਮੱਸਿਆਵਾਂ ਆਈਆਂ ਹਨ ਅਸੀਂ ਜਨਤਕ ਜਥੇਬੰਦੀਆਂ ਸਾਹਮਣੇ ਆਪਣੀਆਂ ਸਮੱਸਿਆਵਾਂ ਰੱਖੀਆਂ ਹਨ ਅਤੇ ਉਨ੍ਹਾਂ ਦਾ ਸਹਿਯੋਗ ਲਿਆ ਹੈ ਤੇ ਅਸੀਂ ਉਨ੍ਹਾਂ ਦੇ ਸੰਘਰਸ਼ਾਂ ਵਿੱਚ ਉਨ੍ਹਾਂ ਦਾ ਸਾਥ ਦੇਣ ਦਾ ਯਤਨ ਵੀ ਕੀਤਾ ਹੈ ਤੇ ਭਵਿੱਖ ਵਿੱਚ ਵੀ ਸਾਡੀ ਇਹ ਹੀ ਯੋਜਨਾ ਹੈ।

**ਪ੍ਰਸ਼ਨ : ਮਨੁੱਖੀ ਜ਼ਿੰਦਗੀ ਦਾ ਉਦੇਸ਼ ਕੀ ਹੈ ?**

ਉਤਰ : ਮਨੁੱਖੀ ਜ਼ਿੰਦਗੀ ਦਾ ਮੁੱਖ ਉਦੇਸ਼ ਧਰਤੀ ’ਤੇ ਉਪਲਬਧ ਹਾਲਤਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਵਧੀਆ ਬਣਾਉਣਾ ਹੈ ਅਤੇ ਇਸ ਲਈ ਮਨੁੱਖ ਕੁਦਰਤ ਨਾਲ ਸੰਘਰਸ਼ ਕਰਦਾ ਹੈ ਅਤੇ ਇਸ ਵਾਤਾਵਰਣ ਨੂੰ ਆਪਣੇ ਅਨੁਸਾਰ ਤਬਦੀਲ ਕਰਦਾ ਹੈ। ਅੱਜ ਜੇ ਧਰਤੀ ’ਤੇ ਦਿਨੋ ਦਿਨ ਲੋਕਾਂ ਦੀ ਹਾਲਤ ਚੰਗੀ ਹੋ ਰਹੀ ਹੈ ਤਾਂ ਉਸ ਦਾ ਕਾਰਨ ਚੰਗੇ ਮਨੁੱਖਾਂ ਦੁਆਰਾ ਸਥਾਪਿਤ ਕੀਤੇ ਗਏ ਚੰਗੇ ਨਿਯਮ, ਚੰਗੀਆਂ ਖੋਜਾਂ ਹਨ।

**ਪ੍ਰਸ਼ਨ : ਕੀ ਭਾਰਤ ਧਰਮ ਨਿਰਪੱਖ ਦੇਸ਼ ਹੈ।**

ਉਤਰ : ਧਰਮ ਨਿਰਪੱਖਤਾ ਦਾ ਮਤਲਬ ਕਿਸੇ ਧਰਮ ਨਾਲ ਕੋਈ ਵੀ ਸਬੰਧ ਨਾ ਰੱਖਣਾ ਹੁੰਦਾ ਹੈ ? ਪਰ ਸਾਡੀਆਂ ਸਰਕਾਰਾਂ ਸਵਿਧਾਨ ਦੇ ਤੌਰ ’ਤੇ ਤਾਂ ਧਰਮ ਨਿਰਪੱਖ ਅਖਵਾਉਂਦੀਆਂ ਹਨ। ਪਰ ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਗੰਦੀ ਸਿਆਸਤ ਧਾਰਮਿਕ ਸਥਾਨਾਂ ਤੋਂ ਪੈਦਾ ਕਰਨ ਲਈ ਉਹ ਧਾਰਮਿਕ ਸਥਾਨਾਂ ਲਈ ਉਹ ਸਾਰੇ ਖਜ਼ਾਨਿਆਂ ਦਾ ਮੂੰਹ ਖੋਲ੍ਹ ਦਿੰਦੀਆਂ ਹਨ ਤੇ ਇਸ ਤਰ੍ਹਾਂ ਧਰਮ ਰਾਹੀਂ ਲੋਕਾਂ ਨੂੰ ਬੇਵਕੂਫ਼ ਬਣਾਉਣ ਦਾ ਭੱਦਾ ਯਤਨ ਕੀਤਾ ਜਾ ਰਿਹਾ ਹੈ।

**– ਮੇਘ ਰਾਜ ਮਿੱਤਰ**